Punjabi Parwaz

# ਪੰਜਾਬੀ ਪਰਵਾਜ਼

ਅੰਕ 29ਵਾਂ (ਸ਼ਿਕਾਗੋ): 22 ਜੂਨ ਤੋਂ 5 ਜੁਲਾਈ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


## ਵੱਕਾਰ ਦਾ ਸਵਾਲ ਬਣੀ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ

**ਜਸਵੀਰ ਸਿੰਘ ਸ਼ੀਰੀ**

ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਤੋਂ ਇੱਕ ਦਮ ਬਾਅਦ ਭਾਰਤੀ ਚੋਣ ਕਮਿਸ਼ਨ ਵੱਲੋਂ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਐਲਾਨੀਆਂ ਗਈਆਂ 13 ਜ਼ਿਮਨੀ ਚੋਣਾਂ ਲਈ ਵੋਟਾਂ 10 ਜੁਲਾਈ ਨੂੰ ਪੈਣੀਆਂ ਹਨ ਅਤੇ ਨਤੀਜੇ ਦਾ ਐਲਾਨ 13 ਜੁਲਾਈ ਨੂੰ ਕੀਤਾ ਜਾਵੇਗਾ। ਇਸ ਚੋਣ ਅਮਲ ਵਿੱਚ ਪੰਜਾਬ ਵਿੱਚ ਜਲੰਧਰ ਪੱਛਮੀ ਦੀ ਵਿਧਾਨ ਸਭਾ ਸੀਟ ਵੀ ਸ਼ਾਮਲ ਹੈ। ਇਸ ਜ਼ਿਮਨੀ ਚੋਣ ਲਈ ਭਾਜਪਾ ਅਤੇ ਆਮ ਆਦਮੀ ਪਾਰਟੀ ਵੱਲੋਂ ਆਪੋ-ਆਪਣੇ ਉਮੀਦਵਾਰ ਐਲਾਨ ਦਿੱਤੇ ਗਏ ਹਨ; ਪਰ ਕਾਂਗਰਸ, ਅਕਾਲੀ ਦਲ ਅਤੇ ਬਸਪਾ ਨੇ ਹਾਲੇ ਆਪੋ-ਆਪਣੇ ਉਮੀਦਵਾਰ ਨਹੀਂ ਐਲਾਨੇ ਹਨ। ਭਾਰਤੀ ਜਨਤਾ ਪਾਰਟੀ ਵੱਲੋਂ ਇਸ ਜ਼ਿਮਨੀ ਚੋਣ ਲਈ ਸ਼ੀਤਲ ਅੰਗੁਰਾਲ ਨੂੰ ਉਮੀਦਵਾਰ ਐਲਾਨਿਆ ਹੈ, ਜਦਕਿ 'ਆਪ' ਵੱਲੋਂ ਮੁਹਿੰਦਰ ਭਗਤ ਨੂੰ ਇੱਥੋਂ ਆਪਣਾ ਉਮੀਦਵਾਰ ਐਲਾਨਿਆ ਗਿਆ ਹੈ।

**'ਆਪ' ਅਤੇ ਭਾਜਪਾ ਨੇ ਉਮੀਦਵਾਰ ਐਲਾਨੇ, ਅਕਾਲੀ-ਕਾਂਗਰਸੀ ਜੱਕੋ-ਤੱਕੀ 'ਚ**

ਲੋਕ ਸਭਾ ਚੋਣਾਂ ਵਿੱਚ ਪੰਜਾਬ ਵਿੱਚੋਂ ਤਿੰਨ ਸੀਟਾਂ ਜਿੱਤਣ ਵਾਲੀ ਆਮ ਆਦਮੀ ਪਾਰਟੀ ਨੇ ਇਸ ਜ਼ਿਮਨੀ ਚੋਣ ਨੂੰ ਵੱਕਾਰ ਦਾ ਸੁਆਲ ਬਣਾ ਲਿਆ ਹੈ। ਇਸ ਚੋਣ ਮੁਹਿੰਮ ਦੀ ਅਗਵਾਈ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਡੇਰਾ ਲਾਉਣ ਦਾ ਫੈਸਲਾ ਕਰ ਲਿਆ ਹੈ। ਇਸ ਮਕਸਦ ਲਈ ਜਲੰਧਰ ਦੇ ਦੀਪ ਨਗਰ ਵਿਖੇ ਇੱਕ ਕਿਰਾਏ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਹੈ, ਜਿੱਥੋਂ ਸਰਕਾਰ ਦਾ ਕੰਮਕਾਜ ਵੀ ਚੱਲੇਗਾ ਅਤੇ ਚੋਣ ਮੁਹਿੰਮ ਵੀ। ਯਾਦ ਰਹੇ, ਜਲੰਧਰ ਦੀ ਇਹ ਅਸੈਂਬਲੀ ਸੀਟ ਸ਼ੀਤਲ ਅੰਗੁਰਾਲ ਦੇ ਮੁੜ ਭਾਜਪਾ ਵਿੱਚ ਚਲੇ ਜਾਣ ਕਾਰਨ ਖਾਲੀ ਹੋਈ ਸੀ।

ਯਾਦ ਰਹੇ, ਸ਼ੀਤਲ ਅੰਗੁਰਾਲ ਨੇ ਆਪਣਾ ਰਾਜਨੀਤਿਕ ਕੈਰੀਅਰ ਭਾਜਪਾ ਨਾਲ ਸ਼ੁਰੂ ਕੀਤਾ, ਪਰ ਬਾਅਦ ਵਿੱਚ

⇒ ਬਾਕੀ ਸਫਾ 4 ਉਤੇ ਪੜ੍ਹੋ

## ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਭਰੋਸੇਯੋਗਤਾ ਬਾਰੇ ਰੇੜ੍ਹਕਾ ਜਾਰੀ

***ਐਲਨ ਮਸਕ ਦੇ ਬਿਆਨ ਨੇ ਬਹਿਸ ਨੂੰ ਨਵੀਂ ਤੂਲ ਦਿੱਤੀ**

***ਕਪਿਲ ਸਿੱਬਲ ਨੇ ਉਠਾਏ ਮਹੱਤਵਪੂਰਨ ਸਵਾਲ**



**ਪੰਜਾਬੀ ਪਰਵਾਜ਼ ਬਿਊਰੋ**

ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ.ਵੀ.ਐਮ.) ਦੀ ਭਰੋਸੇਯੋਗਤਾ ਸੰਬੰਧੀ ਵਿਵਾਦ ਮੁੜ ਤੋਂ ਖੜ੍ਹਾ ਹੋ ਗਿਆ ਹੈ। ਇਸ ਵਾਰ ਇਹ ਟੈਸਲਾ ਕੰਪਨੀ ਦੇ ਮੁਖੀ ਅਤੇ ਟਵਿੱਟਰ (ਹੁਣ ਐਕਸ) ਦੇ ਮਾਲਿਕ ਐਲਨ ਮਸਕ ਦੇ ਇੱਕ ਬਿਆਨ ਨਾਲ ਤੂਲ ਫੜ ਗਿਆ ਹੈ, ਜਿਸ ਵਿੱਚ ਉਨ੍ਹਾਂ ਕਿਹਾ ਕਿ ਈ.ਵੀ.ਐਮ. ਨਾਲ ਛੇੜ-ਛਾੜ ਕੀਤੀ ਜਾ ਸਕਦੀ ਹੈ। ਮਸਕ ਦਾ ਇਹ ਬਿਆਨ ਭਾਵੇਂ ਅਮਰੀਕਾ ਵਿੱਚ ਆ ਰਹੀ ਰਾਸ਼ਟਰਪਤੀ ਦੀ ਚੋਣ ਦੇ ਸੰਦਰਭ ਵਿੱਚ ਹੈ, ਪਰ ਇਸ ਬਿਆਨ ਨੇ ਭਾਰਤ ਵਿੱਚ ਈ.ਵੀ.ਐਮ. ਬਾਰੇ ਬਹਿਸ ਨੂੰ ਮੁੜ ਛੇੜ ਦਿੱਤਾ ਹੈ। ਮਸਕ ਦੇ ਇਸ ਬਿਆਨ ਦੇ ਆਉਣ ਤੋਂ ਬਾਅਦ ਭਾਰਤ ਵਿੱਚ ਵਿਰੋਧੀ ਧਿਰ ਨੇ ਮੁੜ ਤੋਂ ਇਹ ਮੁੱਦਾ ਚੁੱਕ ਲਿਆ ਹੈ। ਭਾਰਤ ਵਿੱਚ ਇਹ ਮੁੱਦਾ ਆਪਣਾ ਦੇਸੀ ਪੱਖ (ਡਾਈਮੈਨਸ਼ਨ) ਵੀ ਨਾਲ ਲੈ ਕੇ ਆ ਰਿਹਾ ਹੈ।

ਬੀਤੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਕੁਝ ਆਜ਼ਾਦ ਪੱਤਰਕਾਰ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਅੰਕੜਿਆਂ ਦੇ ਆਧਾਰ 'ਤੇ ਲਗਾਤਾਰ ਇਹ ਕਹਿ ਰਹੇ ਹਨ ਕਿ ਵੋਟਾਂ ਪੈਣ ਤੋਂ ਤੁਰੰਤ ਬਾਅਦ ਜਾਰੀ ਕੀਤੇ ਗਏ ਵੋਟ ਪੋਲ ਹੋਣ ਦੇ ਅੰਕੜੇ ਅਤੇ ਗਿਣਤੀ ਕੀਤੀਆਂ ਗਈਆਂ ਵੋਟਾਂ ਦੇ ਅੰਕੜੇ ਆਪਸ ਵਿੱਚ ਨਹੀਂ ਮਿਲਦੇ। ਬਹੁਤ ਸਾਰੀਆਂ ਸੀਟਾਂ 'ਤੇ ਇਨ੍ਹਾਂ ਵਿੱਚ ਅੰਤਰ ਆ ਰਿਹਾ ਹੈ। ਕਿਧਰੇ ਵੋਟਾਂ ਜ਼ਿਆਦਾ ਗਿਣੀਆਂ ਗਈਆਂ ਹਨ ਅਤੇ ਕਿਧਰੇ ਪੋਲ ਹੋਈਆਂ ਵੋਟਾਂ ਤੋਂ ਘੱਟ ਗਿਣੀਆਂ ਗਈਆਂ ਹਨ। ਇਸ ਸੰਬੰਧ ਵਿੱਚ ਸੁਪਰੀਮ ਕੋਰਟ ਦੇ ਇੱਕ ਵਕੀਲ ਮਹਿਮੂਦ ਪਰਾਚਾ ਨੇ ਦੱਸਿਆ ਕਿ ਇਸ ਮਾਮਲੇ ਬਾਰੇ ਇੱਕ ਐਫ.ਆਈ.ਆਰ. ਵੀ ਦਰਜ ਕਰਵਾਈ ਗਈ ਹੈ।

ਇਸ ਤੋਂ ਇਲਾਵਾ ਤਤਕਾਲੀ ਵਿਵਾਦ ਇਸ ਕਰਕੇ ਵੀ ਭਖਿਆ ਕਿ ਉਤਰ ਪੱਛਮੀ ਮੁੰਬਈ ਤੋਂ ਸ਼ਿਵ ਸੈਨਾ ਸ਼ਿੰਦੇ ਦੇ ਉਮੀਦਵਾਰ ਰਵਿੰਦਰ ਵਾਈਕਰ ਨੂੰ 48 ਵੋਟਾਂ ਨਾਲ ਜੇਤੂ ਕਰਾਰ ਦਿੱਤਾ ਗਿਆ, ਜਦੋਂ ਕਿ ਇੱਥੋਂ ਦੀ ਅਸਲ ਗਿਣਤੀ ਵਿੱਚ ਇੰਡੀਆ ਗੁੱਟ ਦੇ ਉਮੀਦਵਾਰ ਅਮੋਲ ਕੀਰਤੀਕਰ ਇੱਕ ਵੋਟ ਨਾਲ ਜੇਤੂ ਰਹੇ ਸਨ। ਕਿਹਾ ਜਾ ਰਿਹਾ ਹੈ ਕਿ ਗਿਣਤੀ ਵੇਲੇ ਮੌਜੂਦ ਵਾਈਕਰ ਦੇ ਇੱਕ ਰਿਸ਼ਤੇਦਾਰ ਦੇ ਫੋਨ 'ਤੇ ਓ.ਟੀ.ਪੀ. ਆਇਆ ਅਤੇ ਇਸ ਦੇ ਜ਼ਰੀਏ ਈ.ਵੀ.ਐਮ. ਮੁੜ ਖੋਲ੍ਹੀ ਗਈ ਅਤੇ ਨਤੀਜੇ ਨੂੰ ਤਬਦੀਲ ਕੀਤਾ ਗਿਆ। ਸ਼ਿਵ ਸੈਨਾ ਠਾਕਰੇ ਵਾਲੇ ਇਸ ਮਸਲੇ ਨੂੰ ਜ਼ੋਰ ਨਾਲ ਉਠਾ ਰਹੇ ਹਨ। ਇਸ ਸੰਬੰਧੀ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਬਲੈਕ ਬਾਕਸ ਹਨ। ਰਾਹੁਲ ਗਾਂਧੀ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਜਦੋਂ ਸੰਵਿਧਾਨਕ ਅਦਾਰਿਆਂ ਦੀ ਜਵਾਬਦੇਹੀ ਹੀ ਨਹੀਂ ਹੁੰਦੀ ਤਾਂ ਜਮਹੂਰੀਅਤ ਇੱਕ ਵਿਖਾਵਾ ਬਣ ਕੇ ਰਹਿ ਜਾਂਦੀ ਹੈ।

ਉਧਰ ਭਾਜਪਾ ਦੇ ਸੀਨੀਅਰ ਆਗੂ ਰਾਜੀਵ ਚੰਦਰ ਸ਼ੇਖਰ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਐਲਨ ਮਸਕ ਦਾ ਬਿਆਨ ਅਮਰੀਕਾ ਦੇ ਸੰਦਰਭ ਵਿੱਚ ਸਹੀ ਹੋ ਸਕਦਾ ਹੈ, ਭਾਰਤੀ ਸੰਦਰਭ ਵਿੱਚ ਨਹੀਂ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਵੋਟਿੰਗ ਮਸ਼ੀਨਾਂ ਇੰਟਰਨੈੱਟ ਨਾਲ ਜੁੜੀਆਂ

⇒ ਬਾਕੀ ਸਫਾ 16 ਉਤੇ ਪੜ੍ਹੋ


COLDWELL BANKER
CALL ME TO GET THE MAXIMUM VALUE YOUR HOME DESERVES.
BUYING OR SELLING HOME? I CAN HELP!
CALL:847 322 5832

PRADEEP SINGH
REALTOR
Let me help you find the perfect house you can call home
ishowhomes@yahoo.com
1501 E Woodfield Rd Ste 113E, Schaumburg 60173-4945



Maaco COLLISION REPAIR & AUTO PAINTING
AMERICA'S BODYSHOP
*ਅਸੀਂ ਸਾਰੀਆਂ ਬੀਮਾ ਕੰਪਨੀਆਂ ਨਾਲ ਕੰਮ ਕਰਦੇ ਹਾਂ
*ਰੈਫਰਲ 10% ਦੀ ਛੂਟ ਪ੍ਰਾਪਤ ਕਰ ਸਕਦੇ ਹਨ
*ਅਸੀਂ ਵਿੰਡਸ਼ੀਲਡਾਂ ਵੀ ਬਦਲਦੇ ਹਾਂ
*ਸਾਈਟ 'ਤੇ ਕਿਰਾਏ ਦੀ ਕਾਰ
*ਮੁਫਤ ਟੋਇੰਗ
*We Work With All Insurance Co.
*Referrals Receive 10% Off
*We Replace Windshields
*Rental Car On Site
*Free Towing

252 Commonwealth Dr, Carol Stream, IL 60188
Ph: 630-752-9240
MAACOCAROLSTREAM@YAHOO.COM
Jatin Patel





# Elite Pro Solutions

- Trucking Permits
- MC ■DOT ■EIN
- Filling name with the state
- Fuel Permit ■Fuel Taxes
- Oregon Permit
- New Mexico Permit
- New York Permit
- Commercial Plates
- Safety Training

*Driver Training
*(Flat bed special class)*
*DOT Audit
*CDL Safety Class
*CA number required

To obtain these permits, trucking Companies often need to provide details such as vehicle specifications route in formation, and cargo descriptions.

The application process can vary by state and type of permit.

Elite Pro Solutions ਵਿੱਚ ਤੁਹਾਡਾ ਸੁਆਗਤ ਹੈ, ਜਿੱਥੇ ਨਵੀਨਤਾ ਮੁਹਾਰਤ ਨੂੰ ਪੂਰਾ ਕਰਦੀ ਹੈ। ਅਸੀਂ ਅੱਜ ਦੇ ਗਤੀਸ਼ੀਲ ਬਾਜ਼ਾਰ ਵਾਤਾਵਰਣ ਦੀਆਂ ਗੁੰਝਲਾਂ ਨੂੰ ਨੈਵੀਗੇਟ ਕਰਨ ਵਿੱਚ ਹਰ ਆਕਾਰ ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਸਮਰਪਿਤ ਪ੍ਰਮੁੱਖ ਸਲਾਹ ਸੇਵਾਵਾਂ ਪ੍ਰਦਾਨ ਕਰਦੇ ਹਾਂ। ਸਾਡਾ ਮਿਸ਼ਨ ਰਣਨੀਤਕ ਸੂਝ, ਕਾਰਜਸ਼ੀਲ ਸੰਸਥਾਵਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ।

Welcome to ELITEPRO-Solutions where innovation meets expertise. We are premier consulting Services dedicated to helping businesses of all sizes navigate the complexities of today's dynamic Market environment. Our Mission is to empower organizations with strategic insights, Operational.

## ਸਾਡੀ ਮੁਹਾਰਤ*

ਤਜਰਬੇਕਾਰ ਪੇਸ਼ੇਵਰਾਂ ਦੀ ਇੱਕ ਟੀਮ ਦੇ ਨਾਲ Elite Pro Solutions ਸਲਾਹ ਸੇਵਾਵਾਂ ਦਾ ਇੱਕ ਵਿਆਪਕ ਸੂਟ ਪੇਸ਼ ਕਰਦਾ ਹੈ।

**Our Expertise*** With a team of seasoned professionals Elite Pro Solutions offers a Comprehensive Suite of Consulting services.

## Business License

| | |
|---|---|
| Restaurant Permits | Construction |
| Food Service License | Beauty Salon |
| Liquor License | Convenience Store |
| Health Department | Cleaning Business |
| Building & Zoning Permits | Body Shop |
| Sign Permit | Mechanic Shop |
| Music License *(optional)* | Accounting Services |
| Fire Department | E-Commerce |

## ਸਾਡੀ ਪਹੁੰਚ

A+ (Eilte Pro Soluitons) ਅਸੀਂ ਇੱਕ ਸਹਿਯੋਗੀ ਪਹੁੰਚ 'ਤੇ ਵਿਸ਼ਵਾਸ ਕਰਦੇ ਹਾਂ। ਅਸੀਂ ਆਪਣੇ ਗਾਹਕਾਂ ਦੀਆਂ ਚੁਣੌਤੀਆਂ ਅਤੇ ਉਦੇਸ਼ਾਂ ਨੂੰ ਸਮਝਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਦੇ ਹਾਂ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਸਾਡੇ ਹੱਲ ਵਿਹਾਰਕ, ਪ੍ਰਭਾਵਸ਼ਾਲੀ ਅਤੇ ਉਨ੍ਹਾਂ ਦੇ ਟੀਚਿਆਂ ਨਾਲ ਜੁੜੇ ਹੋਏ ਹਨ। ਸਾਡੀ ਕਾਰਜਪ੍ਰਣਾਲੀ ਮਾਪਣਯੋਗ ਨਤੀਜੇ ਪ੍ਰਦਾਨ ਕਰਨ ਲਈ ਨਵੀਨਤਾਕਾਰੀ ਸੋਚ ਦੇ ਨਾਲ ਉਦਯੋਗ ਦੇ ਸਭ ਤੋਂ ਵਧੀਆ ਅਭਿਆਸਾਂ ਨੂੰ ਜੋੜਦੀ ਹੈ।

**Contact: 317-319-3832 or 317-603-1597**






17115 W. Bluemound Rd, Suite D1, Brookfield, WI 53005

# We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

# ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

## ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



BOLLYWOOD Grill
Restaurant - Bar - Banquet
1038 N. Jackson St, Milwaukee, WI 53202

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

## We Also Provide

Onsite Tandoor Service For Fresh Naan & KABABS and Onsite Fresh DOSA Service.

**ਫੋਨ: 262-894-0913**
**ਜਾਂ 414-588-3325**

# ਹਿੰਦੁਸਤਾਨ ’ਚ ਗਰਮੀ ਨੇ ਪਿਛਲੇ ਰਿਕਾਰਡ ਤੋੜੇ

ਪੰਜਾਬੀ ਪਰਵਾਜ਼ ਬਿਊਰੋ

ਕੁਝ ਦਿਨ ਪਹਿਲਾਂ ਇਹ ਖਬਰ ਆਈ ਸੀ ਕਿ ਦੱਖਣੀ ਅਫਰੀਕਾ ਦੇ ਸ਼ਹਿਰ ਕੇਪ ਟਾਊਨ ਵਿੱਚ ਪਾਣੀ ਲਈ ਹਾਹਾਕਾਰ ਮੱਚੀ ਹੋਈ ਹੈ। ਇਸ ਤੋਂ ਥੋੜ੍ਹੇ ਦਿਨ ਬਾਅਦ ਦਿੱਲੀ ਦੀਆਂ ਗਰੀਬ ਬਸਤੀਆਂ ਵਿੱਚ ਪਾਣੀ ਦਾ ਸੰਕਟ ਸਾਹਮਣੇ ਆ ਗਿਆ। ਇਸ ਨੂੰ ਲੈ ਕੇ ਹਰਿਆਣਾ ਦੀ ਭਾਜਪਾ ਅਤੇ ਦਿੱਲੀ ਦੀ ‘ਆਪ’ ਸਰਕਾਰ ਵਿੱਚ ਖੜਕਣ ਲੱਗੀ। ਇੱਕ ਦੂਜੇ ‘ਤੇ ਦੂਸ਼ਣਬਾਜ਼ੀ ਹੋਣ ਲੱਗੀ। ਅੰਤ ਮਸਲਾ ਸੁਪਰੀਮ ਕੋਰਟ ਪਹੁੰਚਿਆ ਅਤੇ ਸੁਪਰੀਮ ਕੋਰਟ ਨੇ ਹਰਿਆਣਾ ਨੂੰ ਦਿੱਲੀ ਲਈ ਵਧੇਰੇ ਪਾਣੀ ਛੱਡਣ ਦਾ ਆਦੇਸ਼ ਦਿੱਤਾ। ਹਰਿਆਣੇ ਵਾਲੇ ਆਖ ਰਹੇ ਹਨ ਕਿ ਦਿੱਲੀ ਸਰਕਾਰ ਅਤੇ ਇਸ ਦੇ ਅਧਿਕਾਰੀ ਆਪਣੇ ਆਧਾਰ ਖੇਤਰ ਵਾਲੇ ਇਲਾਕੇ ਵਿੱਚ ਪਾਣੀ ਦੀ ਬਰਬਾਦੀ ਕਰ ਰਹੇ ਹਨ, ਸਾਡੇ ਵੱਲੋਂ ਦਿੱਲੀ ਲਈ ਲੋੜੀਂਦਾ ਪੂਰਾ ਪਾਣੀ ਛੱਡਿਆ ਜਾ ਰਿਹਾ ਹੈ।

ਇਸ ਦੇਸ਼ ਵਿੱਚ ਸਿਆਸਤ ਵੀ ਅਜੀਬ ਪ੍ਰੇਤ ਦਾ ਨਾਂ ਹੈ। ਇੱਕ ਪਾਸੇ ਹਰਿਆਣਾ ਭਾਜਪਾ ਵਾਲੇ ਦਿੱਲੀ ਨੂੰ ਪਾਣੀ ਦੇਣ ਤੋਂ ਆਨਾ-ਕਾਨੀ ਕਰਦੇ ਹਨ, ਦੂਜੇ ਪਾਸੇ ਦਿੱਲੀ ਭਾਜਪਾ ਵਾਲੇ ਦਿੱਲੀ ਦੀ ਜਲ ਸਪਲਾਈ ਬਾਰੇ ਮੰਤਰੀ ਆਤਸ਼ੀ ਦੇ ਘਰ/ਦਫਤਰ ਮੂਹਰੇ ਪਿੱਟ ਸਿਆਪਾ ਕਰ ਰਹੇ ਹਨ। ਇਹ ਹੈ ਹਿੰਦੁਸਤਾਨੀ ਸਿਆਸੀ ਦਸਤੂਰ। ਇੱਕ ਪਾਸੇ ਜਨ ਸਧਾਰਨ ਲਈ ਪਾਣੀ ਦੀ ਉਪਲਬਧੀ ਜਾਨ ਦਾ ਖੌਅ ਬਣੀ ਹੋਈ ਹੈ, ਦੂਜੇ ਪਾਸੇ ਸਿਆਸਤਦਾਨਾਂ ਨੂੰ ਆਪਣੀਆਂ ਰੋਟੀਆਂ ਸੇਕਣ ਦਾ ਮਸਾਂ ਮੌਕਾ ਜੁੜਿਆ ਹੈ। ਇਹ ਹਾਲਤ ਕੀ ਦਰਸਾਉਂਦੀ ਹੈ, ਇਹੀ ਕਿ ਪ੍ਰੋਫੈਸ਼ਨਲ ਸਿਆਸਤ ਕੋਲ ਜਨ ਸਧਾਰਨ ਦਾ ਕੋਈ ਵੀ ਮਸਲਾ ਹੱਲ ਕਰਨ ਦਾ ਤਾਣ ਨਹੀਂ ਹੈ। ਇਸ ਕੋਲ ਮਸਲਿਆਂ ਨੂੰ ਉਲਝਾਉਣ ਅਤੇ ਉਨ੍ਹਾਂ ‘ਤੇ ਵਿਵਾਦ ਖੜ੍ਹੇ ਕਰਨ ਦਾ ਕਾਲ਼ਾ ਜਾਦੂ ਜ਼ਰੂਰ ਹੈ।

ਇਸ ਦਲੀਲ ਨੂੰ ਕੋਈ ਨਹੀਂ ਸੁਣ ਰਿਹਾ ਕਿ ਦੇਸ਼ ਵਿੱਚ ਰਿਕਾਰਡ ਤੋੜ ਗਰਮੀ ਪੈ ਰਹੀ ਹੈ। ਦਿੱਲੀ ਵਿੱਚ ਤਾਂ ਤਾਪਮਾਨ 50 ਡਿਗਰੀ ਸੈਲਸੀਅਸ ਨੂੰ ਛੋਹ ਚੁੱਕਾ ਹੈ। ਇਸ ਵਰ੍ਹਦੀ ਅੱਗ ਵਿੱਚ ਪੰਜਾਬ ਵਾਲਿਆਂ ਆਪਣੀ ਧਰਤੀ ਦੀ ਕੁੱਖ ਵਿੱਚੋਂ ਪਾਣੀ ਖਿੱਚ ਕੇ ਖੇਤਾਂ ਵਿੱਚ ਖਿਲਾਰਨਾ ਸ਼ੁਰੂ ਕੀਤਾ ਹੋਇਆ ਹੈ, ਤਾਂ ਜੋ ਚੌਲਾਂ ਦੀ ਲਹੂ ਪੀਣੀ ਫਸਲ ਨੂੰ ਹਰਾ-ਭਰਾ ਕੀਤਾ ਜਾ ਸਕੇ। ਕਿਸੇ ਨੇ ਸੋਸ਼ਲ ਮੀਡੀਆ ‘ਤੇ ਕੁਮੈਂਟ ਕੀਤਾ, ‘ਪੰਜਾਬ ਪੀਣ ਵਾਲਾ ਪਾਣੀ ਖੇਤਾਂ ਵਿੱਚ ਖਿਲਾਰ ਰਿਹਾ ਹੈ, ਅਤੇ ਪੀਣ ਲਈ ਪਾਣੀ ਦੀਆਂ ਬੋਤਲਾਂ ਖਰੀਦਣ ਲੱਗਾ ਹੋਇਆ ਹੈ।’ ਦੁਨੀਆਂ ਦੇ ਘਾਗ ਬਾਣੀਆਂ ਨੂੰ ਹੋਰ ਕੀ ਚਾਹੀਦਾ ਹੈ?

ਇੱਕ ਦਿਨ ਖਬਰ ਆਈ ਕਿ ਪੰਜਾਬ ਵਿੱਚ ਛੋਟੀ ਪਾਵਰ ਦੀਆਂ ਮੱਛੀ ਮੋਟਰਾਂ ਪਤਾਲ ’ਚੋਂ ਪਾਣੀ ਖਿੱਚਣੋਂ ਜਵਾਬ ਦੇ ਰਹੀਆਂ ਹਨ। ਕਿਸਾਨ ਮੋਟਰਾਂ ਦਾ ਲੋਡ ਵਧਾਉਣ ਦੀ ਮੰਗ

***ਪਾਣੀ ਲਈ ਹੋਣ ਲੱਗੀ ਹਾਹੇ-ਹਾਏ ਕਲਾਪ**
***ਝੋਨੇ ਲਈ ਪੰਜਾਬ ਛੱਪੜ ਵਿੱਚ ਹੋਣ ਲੱਗਾ ਤਬਦੀਲ**






ਕਰ ਰਹੇ ਹਨ। ਇਸ ਸਾਲ ਦੇ ਸ਼ੁਰੂ ਵਿੱਚ ਹਰਿਆਣਾ ਦੇ ਬਾਰਡਰਾਂ ‘ਤੇ ਪੰਜਾਬ ਦੇ ਕਿਸਾਨਾਂ ਨੇ ਜਦੋਂ ਮੋਰਚਾ ਲਾਇਆ ਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੀ ਮੰਗ ਕੀਤੀ ਤਾਂ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਝੋਨਾ ਛੱਡ ਕੇ ਦਾਲਾਂ ਅਤੇ ਤੇਲ ਬੀਜਾਂ ਸਮੇਤ ਹੋਰ ਫਸਲਾਂ ‘ਤੇ ਪੰਜਾਂ ਸਾਲਾਂ ਲਈ ਐਮ.ਐਸ.ਪੀ. ਦੀ ਗਾਰੰਟੀ ਦੇਣ ਦੀ ਤਜਵੀਜ਼ ਰੱਖੀ; ਪਰ ਪੰਜਾਬ ਦੀ ਕਿਸਾਨ ਲੀਡਰਸ਼ਿਪ ਨੇ ਇਹ ਤਜਵੀਜ਼ ਦਰਕਿਨਾਰ ਕਰ ਦਿੱਤੀ! ਕਿਉਂ ਬਈ, ਝੋਨੇ ਨੂੰ ਚਿੰਬੜੇ ਰਹਿਣ ਦੀ ਇਹ ਜਿੱਦ ਕਿਸ ਖੁਸ਼ੀ ਵਿੱਚ? ਤੁਸੀਂ ਗਾਰੰਟੀ ਪੰਜ ਸਾਲਾਂ ਦੀ ਥਾਂ ਪੱਕੀ ਤੇ ਕਾਨੂੰਨੀ ਮੰਗੋ, ਪਰ ਝੋਨੇ ਦਾ ਫਾਹਾ ਵੱਢਣ ਲਈ ਕੋਈ ਗੱਲ ਤਾਂ ਕਰੋ। ‘ਮੈ ਨਾ ਮਾਨੂੰ ਵਾਲੀ’ ਰਟ ਨਾਲ ਕੀ ਬਣੇਗਾ? ਪੰਜਾਬ ਦੀ ਧਰਤੀ ਹੇਠਾਂ/ਉੱਪਰ ਮੌਜੂਦ ਪਾਣੀ ਦੇ ਸੋਮਿਆਂ ‘ਤੇ ਸਿਰਫ ਕਿਸਾਨਾਂ ਦਾ ਹੱਕ ਨਹੀਂ ਹੈ। ਇਸ ਧਰਤੀ ‘ਤੇ ਵੱਸਦੇ ਸਾਰੇ ਲੋਕਾਂ ਅਤੇ ਹੋਰ ਜੀਆ-ਜੰਤ ਅਤੇ ਪੰਛੀ ਪੰਖੇਰੂਆਂ ਦਾ ਵੀ ਹੱਕ ਹੈ। ਇਹ ਹੱਕ ਖੋਹਣ ਦਾ ਅਧਿਕਾਰ ਕਿਸਾਨਾਂ ਨੂੰ ਕਿਸ ਨੇ ਦਿੱਤਾ ਹੈ? ਇਸ ਰਹਿਮ ਨੂੰ ਆਪਣੇ ਚਿੱਤਾਂ ਵਿੱਚ ਦਫਨ ਕਰ ਦਿਉਗੇ ਤਾਂ ਧਰਤੀ ਦੀ ਤਰੌਂਤੀ ਚੂਸ ਰਹੀਆਂ ਮੱਛੀ ਮੋਟਰਾਂ ਵਿੱਚੋਂ ਵੀ ਇੱਕ ਦਿਨ ਹਾੜ ਬੋਲਣਗੇ। ਉਦੋਂ ਇਸ ਧਰਤੀ ਦੇ ਪਰਿੰਦਿਆਂ ਦੇ ਬੋਟ ਹੀ ਨਹੀਂ, ਤੁਹਾਡੇ ਬੱਚੇ ਵੀ ਪਿਆਸ ਨਾਲ ਤੜਪਣਗੇ। ਨਾਲੇ ਜਿਸ ਤਰ੍ਹਾਂ ਸੂਰਜ ਲੋਹਾ ਲਾਖਾ ਹੋਇਆ ਫਿਰਦਾ ਹੈ, ਇਹ ਦਿਨ ਵੀ ਹੁਣ ਦੂਰ ਨਹੀਂ ਹਨ।

ਹਿੰਦੁਸਤਾਨੀ ਮੈਟਰੋਲੋਜੀਕਲ ਵਿਭਾਗ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਇਸ ਵਾਰ ਮੁਲਕ ਭਰ ਵਿੱਚ ਆਮ ਨਾਲੋਂ ਲੰਮੀ ਅਤੇ ਤਿੱਖੀ ਗਰਮੀ ਪੈ ਰਹੀ ਹੈ। ਵਿਭਾਗ ਅਨੁਸਾਰ ਇਸ ਸਾਲ ਪਹਿਲੀ ਮਾਰਚ ਤੋਂ 9 ਜੂਨ ਤੱਕ ਦੇਸ਼ ਕੁੱਲ 36 ਸਬਡਵੀਜ਼ਨਾਂ ਵਿੱਚ 15 ਦਿਨ ਦੀ ਹੀਟ ਵੇਵ ਰਿਕਾਰਡ ਕਰ ਚੁੱਕਾ ਹੈ। ਅਤਿ ਗਰਮੀ (ਹੀਟ ਵੇਵ) ਦੇ ਸਭ ਤੋਂ ਜ਼ਿਆਦਾ ਦਿਨ (27) ਉੜੀਸਾ ਵਿੱਚ ਰਿਕਾਰਡ ਕੀਤੇ ਗਏ ਹਨ। ਇਸ ਤੋਂ ਇਲਾਵਾ ਰਾਜਸਥਾਨ ਵਿੱਚ 23, ਗੰਗਾ ਵਾਦੀ ਦੇ ਨਜ਼ਦੀਕ ਵਾਲੇ ਪੱਛਮੀ ਬੰਗਾਲ ਵਿੱਚ 21, ਹਰਿਆਣਾ, ਚੰਡੀਗੜ੍ਹ, ਦਿੱਲੀ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ 20 ਦਿਨ ਅਤਿ ਗਰਮੀ ਵਾਲੇ ਰਹੇ ਹਨ।

ਜਿਸ ਤੱਥ ਨੇ ਮੌਸਮ ਵਿਗਿਆਨੀਆਂ ਨੂੰ ਵੀ ਹੈਰਾਨੀ ਵਿੱਚ ਪਾਇਆ ਹੈ, ਉਹ ਇਹ ਹੈ ਕਿ ਉੱਚੇ ਪਹਾੜੀ ਖੇਤਰਾਂ ਵਿੱਚ ਵੀ ਹੀਟ ਵੇਵ ਦਾ ਪ੍ਰਭਾਵ ਵੇਖਣ ਨੂੰ ਮਿਲ ਰਿਹਾ ਹੈ। ਸਿਰਫ ਉੱਤਰ ਪੂਰਬੀ ਸੂਬੇ, ਤੱਟੀ ਕਰਨਾਟਕਾ ਅਤੇ ਮਰਾਠਵਾੜਾ ਦੇ ਕੁੱਝ ਹਿੱਸੇ ਹੀ ਇਸ ਵਾਰ ਹੀਟ ਵੇਵ ਵਾਲੇ ਪ੍ਰਭਾਵ ਤੋਂ ਬਚ ਸਕੇ ਹਨ। ਪਹਾੜੀ ਖੇਤਰਾਂ ਜੰਮੂ ਕਸ਼ਮੀਰ, ਉੱਤਰਾਖੰਡ ਵਿੱਚ ਵੀ ਕ੍ਰਮਵਾਰ 6, 12 ਅਤੇ 2 ਹੀਟ ਵੇਵ ਵਾਲੇ ਦਿਨ ਨੋਟ ਕੀਤੇ ਗਏ ਹਨ। ਇਸੇ ਤਰ੍ਹਾਂ ਕੇਰਲਾ ਅਤੇ ਤਾਮਿਲਨਾਡੂ ਜਿਹੇ ਤੱਟੀ ਖੇਤਰਾਂ ਵਿੱਚ ਵਿਚ ਵੀ 14 ਦਿਨ ਅਤਿ ਗਰਮੀ ਵਾਲੇ ਰਹੇ ਹਨ। ਇਸ ਵਾਰ ਦੀ ਵਧਵੀਂ ਗਰਮੀ ਵਾਲੇ ਮੌਸਮ ਬਾਰੇ ਪਹਿਲਾਂ ਹੀ ਵਿਗਿਆਨੀਆਂ ਵੱਲੋਂ ਭਵਿੱਖਵਾਣੀ ਕੀਤੀ ਗਈ ਸੀ। ਪਿਛਲਾ ਸਾਲ ਅਲ ਨੀਨੋ ਵਾਲਾ ਸਾਲ ਰਿਹਾ ਸੀ। ਅਲ ਨੀਨੋ ਵਾਲੇ ਸਾਲ ਤੋਂ ਅਗਲੇ ਵਰ੍ਹੇ ਆਮ ਤੌਰ ‘ਤੇ ਗਰਮੀ ਜ਼ਿਆਦਾ ਪੈਂਦੀ ਹੈ। ਅਜਿਹਾ ਮੌਸਮ ਵਿੱਚ ਹੀਟ ਵੇਵ ਦੇ ਵਹਾਅ ਲਈ ਮਾਕੂਲ ਹਾਲਾਤ ਦੇ ਮੌਜੂਦ ਹੋਣ ਕਾਰਨ ਹੁੰਦਾ ਹੈ। ਇਸ ਕੁਦਰਤੀ ਵਰਤਾਰੇ ਨੂੰ ਗਲੋਬਲ ਵਾਰਮਿੰਗ ਅਤੇ ਮੌਸਮੀ ਤਬਦੀਲੀਆਂ ਦਾ ਮਨੁੱਖ ਸਿਰਜਤ ਵਰਤਾਰਾ ਜਰਬ ਦੇ ਰਿਹਾ ਹੈ। ਮੌਸਮ ਵਿਗਿਆਨੀਆਂ ਅਨੁਸਾਰ ਆਉਣ ਵਾਲੇ ਸਾਲਾਂ ਵਿੱਚ ਸਾਨੂੰ ਇਸ ਨਾਲੋਂ ਵੀ ਜ਼ਿਆਦਾ ਤੇਜ਼ ਹੀਟ ਵੇਵਜ਼ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੇ ਲਈ ਸਾਨੂੰ ਤਿਆਰ ਰਹਿਣਾ ਪਏਗਾ। ਮੌਸਮ ਵਿਗਿਆਨੀਆਂ ਅਨੁਸਾਰ ਉੱਤਰ ਭਾਰਤ ਵਿੱਚ ਸਾਨੂੰ ਅੱਧ ਮਾਰਚ ਤੱਕ ਇਸ ਤੇਜ਼ ਗਰਮੀ ਦਾ ਸਾਹਮਣਾ ਕਰਨਾ ਪਏਗਾ। ਇਸ ਤੋਂ ਬਾਅਦ ਮੌਸਮ ਦੇ ਖੁਸ਼ਗਵਾਰ ਹੋਣ ਜਾਂ ਬੂੰਦਾਬਾਂਦੀ ਹੋਣ ਦੇ ਆਸਾਰ ਬਣ ਸਕਦੇ ਹਨ।


ਤੁਹਾਡੇ ਸੁਪਨਿਆਂ ਦਾ ਘਰ ਖਰੀਦਣ ਜਾਂ ਵੇਚਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ

ਘਰ ਲੈਣ ਲਈ ਮੁਫਤ ਸਲਾਹ ਵਾਸਤੇ ਮੇਰੇ ਨਾਲ ਸੰਪਰਕ ਕਰੋ




BUYING OR SELLING?

FREE HOME EVALUATION

Contact me to find out what your home is worth!

AYUSHI KUKREJA-RAJU

REAL ESTATE AGENT


630-825-4652

ATPROPERTIES.COM/SITE/AYUSHIKUKREJA



# ਸਰਦਾਰ ਗੁਰਮੇਲ ਸਿੰਘ ਗਿੱਲ ਦਾ ਅਕਾਲ ਚਲਾਣਾ

**ਸ਼ਿਕਾਗੋ:** ਸਥਾਨਕ ਗਿੱਲ ਪਰਿਵਾਰ ਨੂੰ ਉਦੋਂ ਵੱਡਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਬਜ਼ੁਰਗ ਅਤੇ ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਦੇ ਬੋਰਡ ਆਫ ਗਵਰਨਰ ਹਰਵਿੰਦਰਪਾਲ ਸਿੰਘ ਲੈਲ ਤੇ ਪੰਜਾਬ ਸਪੋਰਟਸ ਕਲੱਬ (ਸ਼ਿਕਾਗੋ) ਦੇ ਮੈਂਬਰ ਮਿੱਢਾ ਮਾਹਿਲਪੁਰੀਆ ਦੇ ਸਹੁਰਾ ਸਾਹਿਬ ਸਰਦਾਰ ਗੁਰਮੇਲ ਸਿੰਘ ਗਿੱਲ ਲੰਘੀ 13 ਜੂਨ ਨੂੰ ਅਕਾਲ ਚਲਾਣਾ ਕਰ ਗਏ। 12 ਦਸੰਬਰ 1929 ਨੂੰ ਜਨਮੇ ਸਵਰਗੀ ਗੁਰਮੇਲ ਸਿੰਘ ਗਿੱਲ ਪਿੱਛੋਂ ਪਿੰਡ ਖਰੜ ਅੱਛਰਵਾਲ (ਨੇੜੇ ਮਾਹਿਲਪੁਰ) ਤੋਂ ਸਨ।



ਪਰਿਵਾਰਕ ਮੈਂਬਰਾਂ ਅਨੁਸਾਰ ਉਨ੍ਹਾਂ ਨੇ ਜੋਸ਼ ਅਤੇ ਲਗਨ ਨਾਲ ਭਰਪੂਰ ਜੀਵਨ ਬਤੀਤ ਕੀਤਾ। ਐਲੀਮੈਂਟਰੀ ਸਕੂਲਾਂ ਦੇ ਅਧਿਆਪਕ ਅਤੇ ਮੁੱਖ ਅਧਿਆਪਕ ਵਜੋਂ ਉਨ੍ਹਾਂ ਨੇ ਅਧਿਆਪਨ ਅਤੇ ਸਿੱਖਿਆ ਲਈ ਆਪਣੇ ਪਿਆਰ ਨਾਲ ਬਹੁਤ ਸਾਰੇ ਲੋਕਾਂ ਨੂੰ ਪ੍ਰੇਰਿਤ ਕੀਤਾ। ਆਪਣੀ ਖੁਸ਼ੀ ਦੀ ਭਾਵਨਾ ਨੂੰ ਕਲਾਸਰੂਮਾਂ ਤੋਂ ਪਾਰ ਕਰਦਿਆਂ ਉਨ੍ਹਾਂ ਦੇ ਕੁਝ ਮਨਪਸੰਦ ਜਨੂੰਨਾਂ ਵਿੱਚ ਬਾਗਬਾਨੀ ਅਤੇ ਭੰਗੜਾ/ਗਿੱਧਾ ਸ਼ਾਮਲ ਸਨ। ਉਨ੍ਹਾਂ ਨੇ ਅਧਿਕਾਰਤ ਤੌਰ 'ਤੇ 1987 ਵਿੱਚ 58 ਸਾਲ ਦੀ ਉਮਰ ਵਿੱਚ ਸਿੱਖਿਆ ਤੋਂ ਸੰਨਿਆਸ ਲੈ ਲਿਆ।

ਫਿਰ ਅਮਰੀਕਾ ਆ ਕੇ ਇੱਕ ਨਵੇਂ ਸਾਹਸ ਨਾਲ ਜ਼ਿੰਦਗੀ ਦੀ ਸ਼ੁਰੂਆਤ ਕਰਦਿਆਂ ਵੱਡੇ ਪਰਿਵਾਰ ਦੇ ਪਾਲਣ-ਪੋਸ਼ਣ ਲਈ ਅਣਥੱਕ ਮਿਹਨਤ ਕੀਤੀ। ਉਨ੍ਹਾਂ ਨੇ ਛੇ ਧੀਆਂ ਤੇ ਦੋ ਪੁੱਤਰਾਂ ਦਾ ਇੱਕ ਵੱਡਾ ਪਰਿਵਾਰ ਪਾਲਿਆ ਅਤੇ ਮਿਹਨਤੀ ਭਾਵਨਾ ਨਾਲ ਪਰਿਵਾਰਕ ਮੈਂਬਰਾਂ ਨੂੰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕੀਤੇ। ਉਹ ਮਿਹਨਤੀ, ਬਹੁਤ ਹੀ ਦਿਆਲੂ, ਇਮਾਨਦਾਰ ਅਤੇ ਮਦਦਗਾਰ ਇਨਸਾਨ ਸਨ। ਭਾਵੇਂ ਉਹ ਸਰੀਰਕ ਤੌਰ 'ਤੇ ਬਹੁਤ ਮਜਬੂਤ ਸਨ, ਪਰ ਬਦਕਿਸਮਤੀ ਨਾਲ ਇੱਕ ਹਾਦਸੇ ਦੌਰਾਨ ਉਨ੍ਹਾਂ ਦੀ ਯਾਦਦਾਸ਼ਤ ਚਲੀ ਗਈ। ਉਨ੍ਹਾਂ ਦੀ ਪਤਨੀ ਬੀਬੀ ਪ੍ਰਕਾਸ਼ ਕੌਰ 29 ਅਕਤੂਬਰ 2017 ਨੂੰ ਵਿਛੋੜਾ ਦੇ ਗਏ, ਜੋ ਉਨ੍ਹਾਂ ਦੀ ਜ਼ਿੰਦਗੀ ਵਿੱਚ ਇੱਕ ਵੱਡਾ ਝਟਕਾ ਸੀ। ਬੀਬੀ ਜੀ ਉਨ੍ਹਾਂ ਲਈ ਤਾਕਤ ਅਤੇ ਪ੍ਰੇਰਨਾ ਦਾ ਸਰੋਤ ਬਣੇ ਰਹੇ ਸਨ।

ਸਵਰਗੀ ਗੁਰਮੇਲ ਸਿੰਘ ਗਿੱਲ ਆਪਣੇ ਪਿੱਛੇ ਛੇ ਧੀਆਂ, ਦੋ ਪੁੱਤਰ ਤੇ ਨੂੰਹਾਂ ਅਤੇ ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਪਰਿਵਾਰਕ ਮੈਂਬਰਾਂ ਅਨੁਸਾਰ ਸਵਰਗੀ ਗੁਰਮੇਲ ਸਿੰਘ ਗਿੱਲ ਹਮੇਸ਼ਾ ਇੱਕ ਮਹਾਨ ਅਧਿਆਪਕ, ਪੁੱਤਰ, ਭਰਾ, ਪਿਤਾ, ਦਾਦੇ-ਪੜਦਾਦੇ ਅਤੇ ਨਾਨੇ ਵਜੋਂ ਯਾਦ ਕੀਤੇ ਜਾਣਗੇ। ਉਨ੍ਹਾਂ ਦੀ ਯਾਦ ਉਨ੍ਹਾਂ ਲੋਕਾਂ ਨੂੰ ਪ੍ਰੇਰਿਤ ਅਤੇ ਉਤਸ਼ਾਹਿਤ ਕਰਦੀ ਰਹੇਗੀ, ਜੋ ਉਨ੍ਹਾਂ ਨੂੰ ਜਾਣਦੇ ਸਨ ਤੇ ਪਿਆਰ ਕਰਦੇ ਸਨ।

ਸਵਰਗੀ ਗੁਰਮੇਲ ਸਿੰਘ ਗਿੱਲ ਦਾ ਅੰਤਿਮ ਸਸਕਾਰ ਲੰਘੀ 16 ਜੂਨ ਨੂੰ ਕੰਟਰੀਸਾਈਡ ਫਿਊਨਰਲ ਹੋਮ, ਬਾਰਟਲੈੱਟ ਵਿਖੇ ਕਰ ਦਿੱਤਾ ਗਿਆ। ਉਪਰੰਤ ਅਖੰਡ ਪਾਠ ਦਾ ਭੋਗ ਤੇ ਅਰਦਾਸ ਸਮਾਗਮ ਗੁਰਦੁਆਰਾ ਪੈਲਾਟਾਈਨ ਵਿਖੇ ਸੰਪਨ ਹੋਏ। ਇਸ ਮੌਕੇ ਇਲੀਨਾਏ, ਇੰਡੀਆਨਾ, ਵਿਸਕਾਨਸਿਨ, ਕੈਲੀਫੋਰਨੀਆ ਅਤੇ ਇੰਗਲੈਂਡ ਤੋਂ ਪਰਿਵਾਰ, ਦੋਸਤਾਂ ਅਤੇ ਭਾਈਚਾਰੇ ਦੇ ਬਹੁਤ ਸਾਰੇ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਦੇ ਪੋਤੇ ਧਨਵੀਰ ਸਿੰਘ ਗਿੱਲ, ਕੈਲੀਫੋਰਨੀਆ ਤੋਂ ਚਚੇਰੇ ਭਰਾ ਜਸਵਿੰਦਰ ਸਿੰਘ ਗਿੱਲ ਅਤੇ ਜਵਾਈ ਹਰਵਿੰਦਰਪਾਲ ਸਿੰਘ ਲੈਲ ਨੇ ਹਾਜ਼ਰੀਨ ਨੂੰ ਸੰਬੋਧਨ ਕੀਤਾ। ਪਰਿਵਾਰ ਨਾਲ ਸੰਪਰਕ ਸੁਖਵਿੰਦਰ ਸਿੰਘ ਗਿੱਲ (ਪੁੱਤਰ) ਫੋਨ: 630-440-9860 ਜਾਂ ਹਰਵਿੰਦਰਪਾਲ ਸਿੰਘ ਲੈਲ (ਜਵਾਈ) ਫੋਨ: 224-715-0395 ਰਾਹੀਂ ਕੀਤਾ ਜਾ ਸਕਦਾ ਹੈ।

# ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਸਾਜਿਸ਼ੀ ਅਫਵਾਹਾਂ ਦਾ ਦੌਰ

## ਵਿਚਾਰ ਆਪੋ-ਆਪਣਾ

**ਅਮਰੀਕ ਸਿੰਘ ਮੁਕਤਸਰ**
**ਮਨੁੱਖੀ ਅਧਿਕਾਰ ਕਾਰਕੁਨ**

ਮੈਂ ਹੈਰਾਨ ਹੁੰਦਾ ਹਾਂ ਉਨ੍ਹਾਂ ਲੋਕਾਂ ਦੀ ਛੋਟੀ ਸੋਚ ਉੱਪਰ, ਜੋ ਇਹ ਪ੍ਰਚਾਰਨ ਉੱਪਰ ਜੁਟੇ ਹੋਏ ਹਨ ਕਿ ਅੰਮ੍ਰਿਤਪਾਲ ਸਿੰਘ ਦੀ ਜਿੱਤ ਪਿੱਛੇ ਭਾਰਤੀ ਏਜੰਸੀਆਂ ਜਾਂ ਭਾਜਪਾ ਦੀ ਸ਼ਾਜਿਸ਼ ਹੈ। ਇੱਕ ਪਾਸੇ ਪੂਰੇ ਦੇਸ਼ ਦਾ ਫ਼ਿਰਕਾਪ੍ਰਸਤ ਮੀਡੀਆ ਖਡੂਰ ਸਾਹਿਬ ਤੇ ਫਰੀਦਕੋਟ ਦੀ ਜਿੱਤ ਤੋਂ ਬੁਖਲਾਇਆ ਪਿਆ ਹੈ; ਇਨ੍ਹਾਂ ਜਿੱਤਾਂ ਨੂੰ ਲੈ ਕੇ ਦੇਸ਼ ਦੀ ਅਖੰਡਤਾ ਨੂੰ ਖਤਰੇ ਦੀ ਦੁਹਾਈ ਪਾਈ ਜਾ ਰਹੀ ਹੈ। ਰਿਬੇਰੋ ਵਰਗਾ ਆਦਮੀ, ਜਿਸ ਨੇ ਸਾਡੇ ਖੂਨ ਨਾਲ ਹੋਲੀ ਖੇਡੀ ਸੀ, ਉਹ ਪੰਜਾਬ ਦੀਆਂ ਇਨ੍ਹਾਂ ਦੋ ਜਿੱਤਾਂ ਅਤੇ ਜੰਮੂ ਕਸ਼ਮੀਰ ਵਿੱਚ ਹੋਈ ਜਿੱਤ ਲਈ ਲੰਬੇ ਲੰਬੇ ਆਰਟੀਕਲ ਲਿਖ ਕੇ ਪੂਰੇ ਦੇਸ਼ ਨੂੰ ਖ਼ਬਰਦਾਰ ਕਰ ਰਿਹਾ ਹੈ। ਸਿੱਖ ਵਿਰੋਧੀਆਂ ਅਤੇ ਫਿਰਕਾਪ੍ਰਸਤ ਤਾਕਤਾਂ ਦਾ ਤਾਂ ਹਮੇਸ਼ਾ ਇਹ ਕੰਮ ਰਿਹਾ ਹੈ ਕਿ ਉਹ ਅਜਿਹਾ ਭੰਬਲਭੂਸਾ ਪੈਦਾ ਕਰਕੇ ਸਿੱਖ ਕੌਮ ਨੂੰ ਆਪਣੇ ਮਕਸਦ ਤੋਂ ਭਟਕਾਉਣ ਲਈ ਉਨ੍ਹਾਂ ਵਿੱਚ ਵੰਡੀਆਂ ਪਾਉਣ ਦੀਆਂ ਸਾਜਿਸ਼ਾਂ ਰਚਣ, ਪਰ ਜਦੋਂ ਆਪਣੇ ਆਪ ਨੂੰ ਪੰਥਕ ਅਤੇ ਆਜ਼ਾਦੀ ਸਮਰਥਕ ਅਖਵਾਉਣ ਵਾਲੇ ਵੀ ਆਪਣੀ ਆਵਾਜ਼ ਨੂੰ ਸਿੱਖ ਵਿਰੋਧੀਆਂ ਦੀ ਸੁਰ ਵਿੱਚ ਮਿਲਾ ਕੇ ਬੋਲਣ ਲੱਗ ਪੈਣ ਤਾਂ ਸਿਰ ਚਕਰਾਉਣ ਲੱਗ ਪੈਂਦਾ ਹੈ।

ਇਸ ਵਕਤ ਏਜੰਸੀਆਂ ਦਾ ਇਹ ਪੂਰਾ ਜ਼ੋਰ ਲੱਗਾ ਹੋਇਆ ਹੈ ਕਿ ਇਸ ਜਿੱਤ ਦੇ ਬਣੇ ਪ੍ਰਭਾਵ ਨੂੰ ਨੁਕਸਾਨ ਪਹੁੰਚਾਇਆ ਜਾਵੇ ਅਤੇ ਉਹ ਅਜਿਹਾ ਕਰਨ ਲਈ ਮਨਘੜਤ ਅਫਵਾਹਾਂ ਫੈਲਾਉਣ ਲਈ ਸਥਾਪਤੀ ਵਿਚਲੇ ਆਪਣੇ ਹੱਥਠੋਕਿਆਂ, ਧੜੇਬੰਦਕ ਬਿਰਤੀ ਦੇ ਗ੍ਰਸੇ ਲੋਕਾਂ ਅਤੇ ਵਿਚਾਰਧਾਰਕ ਵਿਰੋਧੀਆਂ ਨੂੰ ਪੂਰੀ ਚਲਾਕੀ ਨਾਲ ਵਰਤ ਰਹੀਆਂ ਹਨ। ਮੇਰਾ ਬੀਤੇ ਦੀ ਲਹਿਰ ਦਾ ਤਜਰਬਾ ਦਰਸਾਉਂਦਾ ਹੈ ਕਿ ਏਜੰਸੀਆਂ ਕਿਸੇ ਆਗੂ ਜਾਂ ਜਥੇਬੰਦੀ ਦੀ ਕਿਰਦਾਰਕੁਸ਼ੀ ਕਰਨ ਲਈ ਜਾਂ ਫਿਰ ਕਿਸੇ ਵੱਡੀ ਪ੍ਰਾਪਤੀ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਅਜਿਹੀਆਂ ਚਾਲਾਂ ਅਕਸਰ ਚੱਲਦੀਆਂ ਸਨ। ਇੱਥੋਂ ਤੱਕ ਕਿ ਇੰਦਰਾ ਗਾਂਧੀ ਦੇ ਕਤਲ ਨੂੰ ਏਜੰਸੀਆਂ ਵੱਲੋਂ ਆਪ ਕਰਵਾਈ ਘਟਨਾ ਦਰਸਾਉਣ ਦੀ ਸਟੋਰੀ ਤੱਕ ਪ੍ਰਚਾਰੀ ਗਈ ਸੀ।

ਮੈਂ 1980 ਤੋਂ 1995 ਤੱਕ ਲਹਿਰ ਵਿੱਚ ਸਰਗਰਮ ਰਿਹਾ ਅਤੇ 1995 ਤੋਂ 2005 ਤੱਕ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਰਿਹਾ ਹਾਂ, ਪਰ ਮੈਂ ਕਦੇ ਨਹੀਂ ਦੇਖਿਆ ਕਿ ਸਰਕਾਰ ਜਾਂ ਏਜੰਸੀਆਂ ਆਪਣੀ ਕਿਸੇ ਗੁਪਤ ਯੋਜਨਾ ਜਾਂ ਸਾਜਿਸ਼ ਨੂੰ ਆਪ ਨੰਗਾ ਕਰਦੀਆਂ ਹੋਣ; ਪਰ ਮੈਂ ਅਕਸਰ ਦੇਖਦਾ ਰਿਹਾ ਕਿ ਕਿਸੇ ਆਗੂ ਜਾਂ ਜਥੇਬੰਦੀ ਦੇ ਕਿਰਦਾਰ ਨੂੰ ਵਿਗਾੜਨ ਲਈ ਸਟੇਟ ਰੰਜਿਸ਼ਾਂ ਦੇ ਸ਼ਿਕਾਰ ਲੋਕਾਂ ਰਾਹੀਂ ਅਫਵਾਹਾਂ ਫੈਲਾਉਣ ਦੀਆਂ ਸਾਜਿਸ਼ਾਂ ਨੂੰ ਇਸਤੇਮਾਲ ਕਰਦੀ ਰਹੀ ਹੈ। ਹੁਣ ਜਦੋਂ ਆਮ ਸਿੱਖਾਂ ਨੇ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਐਡਾ ਵੱਡਾ ਫਤਵਾ ਦੇ ਦਿੱਤਾ ਹੈ, ਤਾਂ ਘੱਟੋ ਘੱਟ ਸਾਡੇ ਆਪਣੇ ਇਨ੍ਹਾਂ ਅਫਵਾਹਾਂ ਨੂੰ ਫੈਲਾਅ ਰਹੇ ਲੋਕਾਂ ਕੋਲ ਐਨਾ ਸਬਰ ਤਾਂ ਹੋਣਾ ਹੀ ਚਾਹੀਦਾ ਹੈ ਕਿ ਉਹ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਤੱਕ ਉਡੀਕ ਕਰਨ ਅਤੇ ਬਾਹਰ ਆ ਕੇ ਉਸ ਵੱਲੋਂ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਨੂੰ ਦੇਖ ਕੇ ਉਸ ਬਾਰੇ ਰਾਏ ਬਣਾਉਣ!

ਸ਼ਾਇਦ ਇਸ ਝੂਠੇ ਪ੍ਰਚਾਰ ਵਿੱਚ ਜੁਟੇ ਲੋਕਾਂ ਦੀ ਇਸ ਬੇਸਬਰੀ ਭਰੀ ਬੁਖਲਾਹਟ ਦਾ ਕਾਰਨ ਇਹ ਵੀ ਹੈ ਕਿ ਰਵਾਇਤੀ ਅਕਾਲੀਆਂ ਸਮੇਤ ਛੋਟੇ-ਛੋਟੇ ਪੰਥਕ ਗੁੱਟਾਂ ਨੂੰ ਇਹ ਫ਼ਿਕਰ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਸਥਾਪਤੀ ਉਨ੍ਹਾਂ ਦੀ ਹੋਂਦ ਨੂੰ ਖਤਮ ਕਰ ਦੇਵੇਗੀ। ਇੱਥੇ ਇਹ ਲੋਕ ਅਸਲੀਅਤ ਨੂੰ ਸਮਝਦੇ ਹੋਏ ਵੀ ਏਜੰਸੀਆਂ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਕਿਰਦਾਰਕੁਸ਼ੀ ਦੀਆਂ ਅਫਵਾਹਾਂ ਫੈਲਾਉਣ ਦਾ ਜ਼ਰੀਆ ਬਣ ਰਹੇ ਹਨ। ਸਿੱਖ ਸੰਗਤਾਂ ਨੂੰ ਇਸ ਮਾਮਲੇ ਵਿੱਚ ਸੁਚੇਤ ਹੋ ਕੇ ਪਹਿਰਾ ਦੇਣ ਦੀ ਲੋੜ ਹੈ।

# ਵੱਕਾਰ ਦਾ ਸਵਾਲ ਬਣੀ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ

*ਸਫਾ ਇੱਕ ਦੀ ਬਾਕੀ ⇒*

ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਿਆ ਸੀ। 2022 ਦੀ ਵਿਧਾਨ ਸਭਾ ਚੋਣਾਂ ਵਿੱਚ ਇਹ ਸੀਟ ਸ਼ੀਤਲ ਅੰਗੁਰਾਲ ਨੇ 'ਆਪ' ਦੀ ਟਿਕਟ 'ਤੇ ਹੀ ਜਿੱਤੀ ਸੀ। ਲੋਕ ਸਭਾ ਚੋਣਾਂ ਤੋਂ ਪਹਿਲਾਂ ਉਸ ਨੇ ਵਿਧਾਨ ਸਭਾ ਮੈਂਬਰੀ ਤੋਂ ਅਸਤੀਫਾ ਦੇ ਕੇ ਫਿਰ ਭਾਜਪਾ ਵੱਲ ਰਿਵਰਸ ਮਾਰਿਆ, ਪਰ ਕੁਝ ਦਿਨ ਬਾਅਦ ਵਾਪਸ 'ਆਪ' ਵੱਲ ਮੁੜਨ ਦਾ ਮਨ ਬਣਾ ਲਿਆ। ਬੀਤੀ 30 ਮਈ ਨੂੰ ਅੰਗੁਰਾਲ ਨੇ ਆਪਣਾ ਅਸਤੀਫਾ ਵਾਪਸ ਲੈਣ ਲਈ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਪੱਤਰ ਵੀ ਲਿਖਿਆ ਸੀ, ਪਰ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਇੱਕ ਦਿਨ ਪਹਿਲਾਂ 3 ਜੂਨ ਨੂੰ ਵਿਧਾਨ ਸਭਾ ਸਪੀਕਰ ਸ. ਸੰਧਵਾ ਨੇ ਇਹ ਅਸਤੀਫਾ ਪ੍ਰਵਾਨ ਕਰ ਲਿਆ।

ਲੋਕ ਸਭਾ ਵਾਸਤੇ ਟਿਕਟ ਦੀ ਝਾਕ ਵਿੱਚ 'ਆਪ' ਛੱਡ ਕੇ ਬੀ.ਜੇ.ਪੀ. ਵਿੱਚ ਜਾਣ ਤੋਂ ਬਾਅਦ ਜਦੋਂ ਮੁਰਾਦ ਪੂਰੀ ਨਾ ਹੋਈ ਤਾਂ ਉਸ ਨੇ ਵਿਧਾਨ ਸਭਾ ਦੀ ਮੈਂਬਰੀ ਬਚਾਉਣ ਲਈ ਅਸਤੀਫਾ ਵਾਪਸ ਲੈਣ ਦਾ ਮਨ ਬਣਾਇਆ, ਪਰ ਸਪੀਕਰ ਸਾਹਿਬ ਨੇ ਦਲਬਦਲੀ ਕਾਨੂੰਨ ਤਹਿਤ ਉਸ ਦਾ ਅਸਤੀਫਾ ਪ੍ਰਵਾਨ ਕਰ ਲਿਆ। ਯਾਦ ਰਹੇ, ਭਾਜਪਾ ਨੇ ਇਸ ਵਾਰ ਜਲੰਧਰ ਲੋਕ ਸਭਾ ਸੀਟ ਤੋਂ ਸੁਸ਼ੀਲ ਕੁਮਾਰ ਰਿੰਕੂ ਨੂੰ ਚੋਣ ਲੜਾਈ, ਉਹ ਵੀ ਤਾਜ਼ਾ-ਤਾਜ਼ਾ 'ਆਪ' ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਇਆ ਸੀ। ਉਹ ਸੰਤੋਖ ਸਿੰਘ ਚੌਧਰੀ ਦੀ ਮੌਤ ਤੋਂ ਬਾਅਦ ਖਾਲੀ ਹੋਈ ਜਲੰਧਰ ਲੋਕ ਸਭਾ ਸੀਟ ਤੋਂ 'ਆਪ' ਦੀ ਟਿਕਟ 'ਤੇ ਜ਼ਿਮਨੀ ਚੋਣ ਜਿੱਤ ਕੇ ਐਮ.ਪੀ. ਬਣਿਆ ਸੀ। ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਰਿੰਕੂ ਪਾਰਟੀ ਬਦਲ ਕੇ ਭਾਜਪਾ ਵਿੱਚ ਚਲਾ ਗਿਆ ਸੀ। ਭਾਜਪਾ ਨੇ ਜਲੰਧਰ ਲੋਕ ਸਭਾ ਚੋਣ ਵਿੱਚ ਉਸ ਨੂੰ ਪਾਰਟੀ ਦਾ ਉਮੀਦਵਾਰ ਬਣਾ ਲਿਆ ਸੀ। ਇਸ ਮੁਕਾਬਲੇ ਵਿੱਚ ਉਹ ਕਾਂਗਰਸੀ ਆਗੂ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਵੱਡੇ ਫਰਕ ਨਾਲ ਹਾਰ ਗਿਆ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 13 ਸੀਟਾਂ ਜਿੱਤਣ ਦਾ ਦਾਅਵਾ ਪੇਸ਼ ਕੀਤਾ ਸੀ, ਪਰ ਉਨ੍ਹਾਂ ਦੇ ਹਿੱਸੇ ਸਿਰਫ ਤਿੰਨ ਸੀਟਾਂ ਆਈਆਂ, ਜਦੋਂਕਿ ਕਾਂਗਰਸ ਪਾਰਟੀ 7 ਸੀਟਾਂ ਜਿੱਤਣ ਵਿੱਚ ਕਾਮਯਾਬ ਰਹੀ। ਇੱਕ ਸੀਟ ਅਕਾਲੀਆਂ ਨੇ ਜਿੱਤੀ ਅਤੇ ਦੋ ਸੀਟਾਂ ਉਤੇ ਪੰਥਕ ਧਿਰ ਦੇ ਅਜ਼ਾਦ ਉਮੀਦਵਾਰ ਜਿੱਤਣ ਵਿੱਚ ਕਾਮਯਾਬ ਰਹੇ।

ਜਿੱਥੋਂ ਤੱਕ ਜ਼ਿਮਨੀ ਚੋਣਾਂ ਦਾ ਸਵਾਲ ਹੈ, ਇਨ੍ਹਾਂ ਵਿੱਚ ਬਹੁਤੀ ਵਾਰ ਰਾਜ ਵਿੱਚ ਸੱਤਾਸ਼ੀਲ ਪਾਰਟੀਆਂ ਹੀ ਜਿੱਤਣ ਵਿੱਚ ਕਾਮਯਾਬ ਰਹੀਆਂ ਹਨ। 1994 ਤੋਂ ਬਾਅਦ ਸਿਰਫ ਚਾਰ ਵਾਰ ਵਿਰੋਧੀ ਧਿਰ ਵਿੱਚ ਬੈਠੀ ਪਾਰਟੀ ਚੋਣ ਜਿੱਤਣ ਵਿੱਚ ਕਾਮਯਾਬ ਹੋਈ ਹੈ, ਪਰ ਜਦੋਂ ਵੀ ਇਸ ਤਰ੍ਹਾਂ ਦੇ ਨਤੀਜੇ ਆਏ ਤਾਂ ਉਸ ਨੇ ਅਗਲੀ ਵਾਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਜਿੱਤ ਲਈ ਰਾਹ ਪੱਧਰਾ ਕੀਤਾ।

ਸਭ ਤੋਂ ਵੱਡਾ ਝਟਕਾ ਜਿਹੜਾ ਰਾਜਭਾਗ ਵਿੱਚ ਮੌਜੂਦ ਪਾਰਟੀ ਨੂੰ ਲੱਗਾ ਸੀ, ਉਹ 1994 ਵਿੱਚ ਸੀ। ਉਦੋਂ ਅਜਨਾਲਾ ਜ਼ਿਮਨੀ ਚੋਣ ਵਿੱਚ ਅਕਾਲੀ ਦਲ ਦੀ ਹਮਾਇਤ ਪ੍ਰਾਪਤ ਆਜ਼ਾਦ ਉਮੀਦਵਾਰ ਰਤਨ ਸਿੰਘ ਅਜਨਾਲਾ ਚੋਣ ਜਿੱਤ ਗਏ ਸਨ। ਇਹ ਸੀਟ ਉਦੋਂ ਦੇ ਵਿਧਾਨ ਸਭਾ ਸਪੀਕਰ ਹਰਚਰਨ ਸਿੰਘ ਅਜਨਾਲਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਸੀ। ਕਾਂਗਰਸ ਨੇ ਉਨ੍ਹਾਂ ਦੇ ਬੇਟੇ ਰਾਜਬੀਰ ਸਿੰਘ ਨੂੰ ਟਿਕਟ ਦਿੱਤੀ ਸੀ। ਉਹ 10,314 ਵੋਟਾਂ ਨਾਲ ਇਹ ਚੋਣ ਹਾਰ ਗਏ ਸਨ। ਮੁੱਖ ਮੰਤਰੀ ਬੇਅੰਤ ਸਿੰਘ ਦੀ ਅਗਵਾਈ ਵਿੱਚ ਸੱਤਾਧਾਰੀ ਕਾਂਗਰਸ ਨੂੰ ਦੂਜਾ ਝਟਕਾ ਉਦੋਂ ਲੱਗਾ ਸੀ, ਜਦੋਂ 1995 ਵਿੱਚ ਗਿੱਦੜਬਾਹਾ ਜ਼ਿਮਨੀ ਚੋਣ ਵਿੱਚ ਕਾਂਗਰਸੀ ਉਮੀਦਵਾਰ ਦੀਪਕ ਕੁਮਾਰ ਅਕਾਲੀ ਦਲ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਤੋਂ 2115 ਵੋਟਾਂ ਦੇ ਫਰਕ ਨਾਲ ਹਾਰ ਗਿਆ। ਇਹ ਸੀਟ ਐਮ.ਐਲ.ਏ. ਰਘਬੀਰ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਖਾਲੀ ਹੋਈ ਸੀ। ਇਸ ਤੋਂ ਪਿੱਛੋਂ 1998 ਵਿੱਚ ਸੱਤਾਧਾਰੀ ਅਕਾਲੀਆਂ ਨੂੰ ਝਟਕਾ ਉਸ ਵਕਤ ਲੱਗਾ, ਜਦੋਂ ਅਦਮਪੁਰ ਜ਼ਿਮਨੀ ਚੋਣ ਵਿੱਚ ਕਾਂਗਰਸ ਉਮੀਦਵਾਰ ਕੰਵਲਜੀਤ ਸਿੰਘ ਲਾਲੀ ਨੇ ਅਤਿ ਸਖਤ ਮੁਕਾਬਲੇ ਵਿੱਚ ਅਕਾਲੀ ਦਲ ਦੇ ਸਰਬਜੀਤ ਸਿੰਘ ਮੱਕੜ ਨੂੰ ਸਿਰਫ 5 ਵੋਟਾਂ ਦੇ ਫਰਕ ਨਾਲ ਹਾਰ ਦਿੱਤੀ ਸੀ। ਇਸ ਮੁਕਾਬਲੇ ਵਿੱਚ ਕਾਂਗਰਸ ਦੀ ਅਗਵਾਈ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀ ਗਈ ਸੀ। ਉਨ੍ਹਾਂ ਨੂੰ ਇਸ ਚੋਣ ਤੋਂ ਦੋ ਮਹੀਨੇ ਪਹਿਲਾਂ ਹੀ ਕਾਂਗਰਸ ਦਾ ਪ੍ਰਧਾਨ ਬਣਾਇਆ ਗਿਆ ਸੀ। ਇਹ ਸੀਟ ਸ੍ਰੋਮਣੀ ਅਕਾਲੀ ਦਲ ਦੇ ਹਲਕਾ ਅਸੈਂਬਲੀ ਮੈਂਬਰ ਸਰੂਪ ਸਿੰਘ ਦੀ ਮੌਤ ਤੋਂ ਬਾਅਦ ਖਾਲੀ ਹੋਈ ਸੀ।

ਅਕਾਲੀ ਦਲ ਦੇ 2007 ਤੋਂ 2012 ਦੇ ਕਾਰਜਕਾਲ ਦੌਰਾਨ ਸਿਰਫ ਕਾਦੀਆਂ ਵਿਧਾਨ ਸਭਾ ਸੀਟ 'ਤੇ ਹੀ ਜ਼ਿਮਨੀ ਚੋਣ ਹੋਈ ਸੀ ਅਤੇ ਇਹ ਸੱਤਾਧਾਰੀ ਪਾਰਟੀ ਵੱਲੋਂ ਜਿੱਤ ਲਈ ਗਈ ਸੀ। ਇਹ ਸੀਟ ਪ੍ਰਤਾਪ ਸਿੰਘ ਬਾਜਵਾ ਦੇ ਲੋਕ ਸਭਾ ਮੈਂਬਰ ਚੁਣੇ ਜਾਣ ਤੋਂ ਬਾਅਦ ਖਾਲੀ ਹੋਈ ਸੀ। 2012 ਤੋਂ 2017 ਤੱਕ ਦੇ ਅਕਾਲੀ-ਭਾਜਪਾ ਕਾਰਜਕਾਲ ਦੌਰਾਨ ਦਸੂਹਾ, ਮੋਗਾ, ਖਡੂਰ ਸਾਹਿਬ, ਤਲਵੰਡੀ ਸਾਬੋ, ਪਟਿਆਲਾ ਵਿੱਚ ਜ਼ਿਮਨੀ ਚੋਣਾਂ ਹੋਈਆਂ। ਇਨ੍ਹਾਂ ਵਿੱਚੋਂ ਪਟਿਆਲਾ ਸੀਟ ਕਾਂਗਰਸੀ ਆਗੂ ਬੀਬੀ ਪ੍ਰਨੀਤ ਕੌਰ ਨੇ 23,282 ਵੋਟਾਂ ਦੇ ਫਰਕ ਨਾਲ ਜਿੱਤੀ ਸੀ। ਇਸ ਤੋਂ ਬਿਨਾ ਹੁਣ ਤੱਕ ਹੋਈਆਂ ਬਹੁਤੀਆਂ ਜ਼ਿਮਨੀ ਚੋਣਾਂ ਸੱਤਾਧਾਰੀ ਧਿਰਾਂ ਹੀ ਜਿੱਤਦੀਆਂ ਰਹੀਆਂ ਹਨ। ਰਾਜਸੱਤਾ ਵਿੱਚ ਹੋਣ ਕਾਰਨ ਸੱਤਧਾਰੀ ਪਾਰਟੀ ਕੋਲ ਸਾਧਨਾਂ ਅਤੇ ਸੋਮਿਆਂ ਦੀ ਬਹੁਤਾਤ ਅਜਿਹੀਆਂ ਜਿੱਤਾਂ ਦਾ ਕਾਰਨ ਬਣਦੀ ਹੈ, ਪਰ ਇਸ ਵਾਰ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਵਿੱਚ 'ਆਪ' ਰਾਜ ਪੱਧਰ 'ਤੇ ਸੱਤਾ ਵਿੱਚ ਹੈ, ਜਦਕਿ ਭਾਜਪਾ ਕੇਂਦਰ ਵਿੱਚ ਸੱਤਾ ਵਿੱਚ ਹੈ। ਫਿਰ ਵੀ ਹਾਲੀਆ ਲੋਕ ਸਭਾ ਚੋਣਾਂ ਵਿੱਚ ਤਿੰਨ ਸੀਟਾਂ ਜਿੱਤਣ ਕਾਰਨ ਆਮ ਆਦਮੀ ਪਾਰਟੀ ਵੀ ਇੱਥੇ ਪੂਰੀ ਜ਼ੋਰ ਅਜ਼ਮਾਈ ਕਰਨ ਦੇ ਮੂਡ ਵਿੱਚ ਹੈ। ਲੋਕ ਸਭਾ ਚੋਣਾਂ ਵਿੱਚ ਸੱਤ ਸੀਟਾਂ ਜਿੱਤ ਕੇ ਕਾਂਗਰਸ ਪਾਰਟੀ ਵੀ ਜਲੌਅ ਵਿੱਚ ਵਿਖਾਈ ਦਿੰਦੀ ਹੈ।

2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਲੰਧਰ ਪੱਛਮੀ ਸੀਟ ਤੋਂ ਸ਼ੀਤਲ ਅੰਗੁਰਾਲ 4253 ਵੋਟਾਂ ਦੇ ਫਰਕ ਨਾਲ ਆਮ ਆਦਮੀ ਪਾਰਟੀ ਵੱਲੋਂ ਜਿੱਤਿਆ ਸੀ। ਸੁਸ਼ੀਲ ਰਿੰਕੂ ਨੇ ਉਦੋਂ ਇਹ ਸੀਟ ਕਾਂਗਰਸ ਪਾਰਟੀ ਵੱਲੋਂ ਲੜੀ ਸੀ ਅਤੇ 34,960 ਵੋਟਾਂ ਹਾਸਲ ਕਰਕੇ ਦੂਜੇ ਨੰਬਰ 'ਤੇ ਰਿਆ ਸੀ, ਜਦਕਿ ਮਹਿੰਦਰ ਭਗਤ ਭਾਜਪਾ ਵੱਲੋਂ ਚੋਣ ਲੜਿਆ ਸੀ ਅਤੇ ਉਸ ਨੂੰ 33,486 ਵੋਟਾਂ ਪਈਆਂ ਸਨ। 'ਆਪ' ਅਤੇ ਭਾਜਪਾ ਵੱਲੋਂ ਐਲਾਨੇ ਗਏ ਦੋਹਾਂ ਉਮੀਦਵਾਰਾਂ ਦਾ ਇਸ ਰਿਜ਼ਰਵ ਖੇਤਰ ਵਿੱਚ ਖਾਸਾ ਆਧਾਰ ਹੈ ਤੇ ਮੁਕਾਬਲਾ ਫਸਵਾਂ ਹੋਣ ਦੇ ਅਸਾਰ ਹਨ। ਇਸੇ ਲਈ ਭਾਜਪਾ ਅਤੇ 'ਆਪ' ਨੇ ਇਸ ਨੂੰ ਵੱਕਾਰ ਦਾ ਸਵਾਲ ਬਣਾ ਲਿਆ ਹੈ। ਕਾਂਗਰਸ ਨੇ ਭਾਵੇਂ ਹਾਲੇ ਆਪਣਾ ਉਮੀਦਵਾਰ ਨਹੀਂ ਐਲਾਨਿਆ, ਪਰ ਉਹ ਵੀ ਇਸ ਚੋਣ ਵਿੱਚ ਜ਼ਬਰਦਸਤ ਟੱਕਰ ਦੇਵੇਗੀ। ਹਾਲ ਹੀ ਵਿੱਚ ਹੋਈ ਲੋਕ ਸਭਾ ਚੋਣ ਵਿੱਚ ਚੰਨੀ ਨੇ ਭਾਵੇਂ ਰਿੰਕੂ ਨੂੰ ਵੱਡੇ ਫਰਕ ਨਾਲ ਹਰਾਇਆ ਹੈ, ਪਰ ਜਲੰਧਰ ਪੱਛਮੀ ਵਿੱਚ ਚੰਨੀ ਦੀ ਲੀਡ ਸਿਰਫ 1557 ਵੋਟਾਂ ਦੀ ਸੀ।

**DJ RJB Entertainment Inc.**
**One of Chicagoland's leading Mobile DJ Companies.**

We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!

Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

Social: Instagram
Facebook
Youtube: djrjbmusic
Website: djrjbmusic.com
Ph: 630-770-0007

# ਮੈਡੀਕਲ ਕੋਰਸਾਂ ਲਈ ਦਾਖਲਿਆਂ ਵਾਲੇ ਟੈਸਟ 'ਨੀਟ' ਵਿੱਚ ਘਪਲਾ

**ਪੰਜਾਬੀ ਪਰਵਾਜ਼ ਬਿਊਰੋ**

*ਨੈਸ਼ਨਲ ਟੈਸਟਿੰਗ ਏਜੰਸੀ ਦੀ ਭਰੋਸੇਯੋਗਤਾ ਲੱਗੀ ਦਾਅ ਉੱਤੇ

*ਕਾਂਗਰਸ ਵੱਲੋਂ ਪੈਸੇ ਲੈ ਕੇ ਪ੍ਰਸ਼ਨ ਪੱਤਰ ਵੇਚਣ ਦਾ ਦੋਸ਼




ਚੋਣ ਬਾਂਡ ਅਤੇ ਅਗਨੀਵੀਰ ਸਕੀਮ ਨਾਲ ਜ਼ਖਮੀ ਹੋਏ ਐਨ.ਡੀ.ਏ. ਗੱਠਜੋੜ ਅਤੇ ਉਸ ਦੀ ਕੇਂਦਰ ਸਰਕਾਰ ਨੂੰ ਹੁਣ ਨੀਟ ਘੁਟਾਲੇ ਨੇ ਪੱਛਣਾ ਸ਼ੁਰੂ ਕਰ ਦਿੱਤਾ ਹੈ। ਦੇਸ਼ ਪੱਧਰ 'ਤੇ ਮੈਡੀਕਲ ਕਾਲਜਾਂ ਵਿੱਚ ਦਾਖਲੇ ਲਈ ਇਸੇ ਸਾਲ 5 ਮਈ ਨੂੰ ਹੋਏ ਕੌਮੀ ਪੱਧਰ ਦੇ 'ਨੈਸ਼ਨਲ ਐਲਿਜੀਬਿਲਟੀ-ਕਮ-ਇੰਟਰੈਂਸ ਟੈਸਟ' (ਨੀਟ) ਵਿੱਚ 1563 ਵਿਦਿਆਰਥੀਆਂ ਨੂੰ ਗਰੇਸ ਅੰਕ ਦੇਣ ਦੇ ਮਾਮਲੇ ਵਿੱਚ ਵੱਡਾ ਰੱਟਾ ਖੜ੍ਹਾ ਹੋ ਗਿਆ ਹੈ। ਇਹ ਮਾਮਲਾ ਜਦੋਂ ਸੁਪਰੀਮ ਕੋਰਟ ਵਿੱਚ ਪੁੱਜਾ ਤਾਂ ਅਦਾਲਤ ਨੇ ਇਨ੍ਹਾਂ ਉਮੀਦਵਾਰਾਂ ਨੂੰ ਦਿੱਤੇ ਗਏ ਗਰੇਸ ਮਾਰਕਸ ਰੱਦ ਕਰ ਦਿੱਤੇ। ਇਸ ਫੈਸਲੇ ਤੋਂ ਬਾਅਦ ਨੈਸ਼ਨਲ ਟੈਸਟਿੰਗ ਏਜੰਸੀ (ਨਾਟਾ) ਨੇ ਇਨ੍ਹਾਂ ਉਮੀਦਵਾਰਾਂ ਨੂੰ ਦਿੱਤੇ ਗਏ ਗਰੇਸ ਮਾਰਕਸ ਹਟਾਉਣ ਦਾ ਐਲਾਨ ਕਰ ਦਿੱਤਾ। ਨਾਟਾ ਨੇ ਨਾਲ ਹੀ ਦੱਸਿਆ ਕਿ ਇਨ੍ਹਾਂ 1563 ਉਮੀਦਵਾਰਾਂ ਵਿੱਚੋਂ ਜਿਹੜੇ ਵੀ ਮੁੜ ਪੇਪਰ ਦੇਣਾ ਚਾਹੁਣ ਉਨ੍ਹਾਂ ਦਾ 23 ਜੂਨ ਦਾ ਮੁੜ ਪੇਪਰ ਲਿਆ ਜਾਵੇਗਾ ਤੇ ਇਸ ਦਾ ਨਤੀਜਾ 30 ਜੂਨ ਨੂੰ ਐਲਾਨਿਆ ਜਾਵੇਗਾ। ਇਸ ਤੋਂ ਇਲਾਵਾ ਜਿਹੜੇ ਵਿਦਿਆਰਥੀ ਪੇਪਰ ਨਹੀਂ ਦੇਣਾ ਚਾਹੁਣਗੇ, ਉਨ੍ਹਾਂ ਦੇ ਗਰੇਸ ਹਟਾਉਣ ਤੋਂ ਬਾਅਦ ਜੋ ਵੀ ਰੈਂਕ ਹੋਣਗੇ, ਜਾਰੀ ਕਰ ਦਿੱਤੇ ਜਾਣਗੇ।

ਵਿਦਿਆਰਥੀ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਰਾਹੀਂ ਇਹ ਮੰਗ ਵੀ ਕਰ ਰਹੇ ਸਨ ਕਿ ਅੰਡਰ ਗਰੈਜੂਏਟ ਮੈਡੀਕਲ ਕੋਰਸਾਂ ਵਿੱਚ ਹੋਣ ਵਾਲੀ ਕੌਂਸਲਿੰਗ ਵੀ ਰੱਦ ਕੀਤੀ ਜਾਵੇ। ਕੁਝ ਜਥੇਬੰਦੀਆਂ ਪੂਰੀ ਪ੍ਰੀਖਿਆ ਹੀ ਰੱਦ ਕਰਨ ਦੀ ਮੰਗ ਕਰ ਰਹੀਆਂ ਹਨ, ਪਰ ਅਦਾਲਤ ਨੇ ਇਸ ਤੋਂ ਵੀ ਇਨਕਾਰ ਕਰ ਦਿੱਤਾ। ਇਸ ਮਾਮਲੇ ਵਿੱਚ 3 ਹੋਰ ਪਟੀਸ਼ਨਾਂ ਸੁਪਰੀਮ ਕੋਰਟ ਵਿੱਚ ਬਕਾਇਆ ਹਨ, ਜਿਨ੍ਹਾਂ 'ਤੇ ਸੁਣਵਾਈ ਗਰਮੀ ਦੀਆਂ ਛੁੱਟੀਆਂ ਤੋਂ ਬਾਅਦ 8 ਜੁਲਾਈ ਨੂੰ ਕੀਤੀ ਜਾਣੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਇਸ ਮਾਮਲੇ ਨੂੰ ਲੈ ਕੇ ਪਹਿਲਾਂ ਵੀ ਸਵਾਲ ਉਠੇ ਹਨ। ਹਾਲ ਹੀ ਵਿੱਚ ਇਹ ਦੋਸ਼ ਵੀ ਲੱਗੇ ਸਨ ਕਿ ਨਾਟਾ ਵੱਲੋਂ ਸੈੱਟ ਪੇਪਰ ਬਿਹਾਰ ਵਿੱਚ ਲੀਕ ਹੋ ਗਏ ਸਨ ਅਤੇ ਇਸ ਸੰਬੰਧ ਵਿੱਚ ਪਟਨਾ ਪੁਲਿਸ ਨੇ ਗ੍ਰਿਫਤਾਰੀਆਂ ਵੀ ਕੀਤੀਆਂ ਸਨ। ਇਸ ਮਸਲੇ 'ਤੇ ਅਦਾਲਤ ਨੇ ਇਹ ਕਹਿੰਦਿਆਂ ਵਿਦਿਆਰਥੀਆਂ ਦੀ ਅਰਜ਼ੀ ਰੱਦ ਕਰ ਦਿੱਤੀ ਕਿ ਪੇਪਰ ਲੀਕ ਹੋਣ ਸੰਬੰਧੀ ਕੋਈ ਸਬੂਤ ਨਹੀਂ ਮਿਲੇ ਹਨ। ਦੂਜੇ ਪਾਸੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਵੀ ਕਿਹਾ ਹੈ ਕਿ ਪੇਪਰ ਲੀਕ ਹੋਣ ਦੇ ਕੋਈ ਸਬੂਤ ਨਹੀਂ ਮਿਲੇ। ਉਨ੍ਹਾਂ ਕਿਹਾ ਕਿ ਸਰਕਾਰ ਯਕੀਨੀ ਬਣਾਏਗੀ ਕਿ ਇਸ ਵਿਵਾਦ ਕਰਕੇ ਕਿਸੇ ਵਿਦਿਆਰਥੀ ਦਾ ਨੁਕਸਾਨ ਨਾ ਹੋਵੇ।

ਇਸ ਮਾਮਲੇ ਦਾ ਦਿਲਚਸਪ ਤੱਥ ਇਹ ਹੈ ਕਿ ਇਸ ਵਾਰ 67 ਵਿਦਿਆਰਥੀਆਂ ਨੇ ਪੂਰੇ 100 ਫੀਸਦੀ ਅੰਕ ਹਾਸਲ ਕੀਤੇ ਹਨ, ਜਦੋਂ ਕਿ ਪਿਛਲੇ ਸਾਲ ਇਹ ਗਿਣਤੀ ਸਿਰਫ ਤਿੰਨ ਸੀ। ਇਸੇ ਤਰ੍ਹਾਂ ਹਰਿਆਣਾ ਨਾਲ ਸੰਬੰਧਤ ਇੱਕ ਟਿਊਸ਼ਨ ਸੈਂਟਰ ਦੇ 6 ਵਿਦਿਆਰਥੀ 100 ਫੀਸਦੀ ਅੰਕ ਲੈਣ ਵਾਲਿਆਂ ਵਿੱਚ ਸ਼ਾਮਲ ਹਨ। ਇਹ ਸਾਰੇ ਇਮਤਿਹਾਨ ਵਿੱਚ ਇੱਕ ਦੂਜੇ ਦੇ ਅੱਗੇ-ਪਿੱਛੇ ਬੈਠੇ ਸਨ। ਸਭ ਤੋਂ ਵੱਧ ਹੈਰਾਨਕੁੰਨ ਤੱਥ ਇਹ ਹੈ ਕਿ ਜਿਨ੍ਹਾਂ ਨੂੰ ਗਰੇਸ ਮਾਰਕਸ ਦਿੱਤੇ ਗਏ ਸਨ, ਉਨ੍ਹਾਂ ਵਿੱਚ 6 ਟੌਪ ਕਰਨ ਵਾਲੇ 67 ਵਿਦਿਆਰਥੀਆਂ ਵਿੱਚ ਵੀ ਆ ਗਏ। ਇਹ ਗਰੇਸ ਵਾਪਸ ਲਏ ਜਾਣ ਤੋਂ ਪਿੱਛੋਂ ਹੁਣ ਇਹ ਗਿਣਤੀ 61 ਰਹਿ ਗਈ ਹੈ। ਇਹ ਪੱਖ ਵੀ ਘੱਟ ਦਿਲਚਸਪ ਨਹੀਂ ਕਿ ਬੀਤੀ 5 ਮਈ ਨੂੰ ਲਏ ਗਏ ਇਸ ਟੈਸਟ ਦਾ ਨਤੀਜਾ 14 ਜੂਨ ਨੂੰ ਐਲਾਨਿਆ ਜਾਣਾ ਸੀ, ਪਰ 4 ਜੂਨ ਨੂੰ ਹੀ ਐਲਾਨ ਦਿੱਤਾ ਗਿਆ। ਇਸੇ ਦਿਨ ਲੋਕ ਸਭਾ ਦੇ ਚੋਣ ਨਤੀਜਿਆਂ ਦਾ ਐਲਾਨ ਹੋ ਰਿਹਾ ਸੀ। ਵਿਦਿਆਰਥੀਆਂ ਅਤੇ ਵਿਰੋਧੀ ਸਿਆਸੀ ਪਾਰਟੀਆਂ ਦੀ ਦਲੀਲ ਹੈ ਕਿ ਅਜਿਹਾ ਇਸ ਲਈ ਕੀਤਾ ਗਿਆ ਤਾਂ ਜੋ ਚੋਣ ਨਤੀਜਿਆਂ ਦੇ ਰੌਲੇ ਵਿੱਚ ਲੋਕਾਂ ਦਾ ਧਿਆਨ ਨੀਟ ਦੇ ਰਿਜ਼ਲਟ ਵੱਲ ਨਾ ਜਾਵੇ। ਵਿਰੋਧੀ ਸਿਆਸੀ ਧਿਰਾਂ ਖਾਸ ਕਰਕੇ ਕਾਂਗਰਸ ਪਾਰਟੀ ਵੱਲੋਂ ਦੋਸ਼ ਲਾਏ ਜਾ ਰਹੇ ਹਨ ਕਿ ਇਨ੍ਹਾਂ ਨਤੀਜਿਆਂ ਦੀ ਹੇਰਾਫੇਰੀ ਵਿੱਚ ਕੇਂਦਰ ਸਰਕਾਰ ਦੀ ਮਿਲੀਭੁਗਤ ਹੈ।

ਇੱਥੇ ਇਹ ਪੱਖ ਵੀ ਜ਼ਿਕਰਯੋਗ ਹੈ ਕਿ ਕੁਝ ਸਾਲ ਪਹਿਲਾਂ ਤੱਕ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਅੰਡਰਗਰੈਜੂਏਟ ਮੈਡੀਕਲ ਸਟਰੀਮ ਵਿੱਚ ਦਾਖਲਿਆਂ ਲਈ ਆਪੋ ਆਪਣੇ ਟੈਸਟ ਲਏ ਜਾਂਦੇ ਸਨ, ਪਰ ਪਿਛਲੀ ਟਰਮ ਵਿੱਚ ਭਾਜਪਾ ਸਰਕਾਰ ਨੇ ਸਾਰੇ ਕਾਸੇ ਦੇ ਕੇਂਦਰੀਕਰਨ ਦੀ ਧੂਹ ਵਿੱਚ ਐਮ.ਬੀ.ਬੀ.ਐਸ. ਅਤੇ ਬੀ.ਡੀ.ਐਸ. ਜਿਹੇ ਕੋਰਸਾਂ ਦੇ ਟੈਸਟ ਲੈਣ ਦੀ ਜ਼ਿੰਮੇਵਾਰੀ ਵੀ ਕੇਂਦਰੀ ਏਜੰਸੀ 'ਨਾਟਾ' ਦੇ ਹਵਾਲੇ ਕਰ ਦਿੱਤੀ। ਤਾਮਿਲਨਾਡੂ ਦੀ ਸਰਕਾਰ ਨੇ ਆਪਣੀ ਅਸੈਂਬਲੀ ਵਿੱਚ ਇੱਕ ਕਾਨੂੰਨ ਪਾਸ ਕਰਕੇ ਮੈਡੀਕਲ ਕੋਰਸਾਂ ਵਿੱਚ ਦਾਖਲੇ ਰਾਜ ਪੱਧਰ 'ਤੇ ਲੈਣ ਦਾ ਕਾਨੂੰਨ ਪਾਸ ਕਰ ਲਿਆ ਸੀ। ਉਨ੍ਹਾਂ ਉਸ ਸਮੇਂ ਵੀ ਇਨ੍ਹਾਂ ਦਾਖਲਿਆਂ 'ਚ ਪੱਖਪਾਤ ਤੇ ਭ੍ਰਿਸ਼ਟਾਚਾਰ ਵਧਣ ਦਾ ਖਦਸ਼ਾ ਜ਼ਾਹਰ ਕੀਤਾ ਸੀ। ਯਾਦ ਰਹੇ, ਪੰਜਾਬ ਦੀ ਲੱਸੀ ਲੀਡਰਸ਼ਿਪ ਨੇ ਕੇਂਦਰੀ ਏਜੰਸੀ ਰਾਹੀਂ ਮੈਡੀਕਲ ਕੋਰਸਾਂ ਵਿੱਚ ਦਾਖਲਿਆਂ ਅੱਗੇ ਹੋਰ ਰਾਜਾਂ ਵਾਂਗ ਹੀ ਸਿਰ ਨਿਵਾ ਦਿੱਤਾ ਸੀ।

ਇਹ ਸਾਰਾ ਕੁਝ ਕਰਦਿਆਂ ਕੇਂਦਰ ਸਰਕਾਰ ਨੇ ਦਲੀਲ ਇਹੋ ਦਿੱਤੀ ਸੀ ਕਿ ਰਾਜਾਂ ਵੱਲੋਂ ਲਏ ਜਾਂਦੇ ਟੈਸਟਾਂ ਵਿੱਚ ਭ੍ਰਿਸ਼ਟਾਚਾਰ ਹੁੰਦਾ ਹੈ ਅਤੇ ਯੋਗ ਉਮੀਦਵਾਰ ਨਹੀਂ ਚੁਣੇ ਜਾਂਦੇ। ਉਹੀ ਭ੍ਰਿਸ਼ਟਾਚਾਰ ਪਹਿਲਾਂ ਨਾਲੋਂ ਵੀ ਵੱਡੀ ਪੱਧਰ 'ਤੇ ਹੁਣ ਕੇਂਦਰੀ ਏਜੰਸੀ ਵਿੱਚ ਦਾਖਲ ਹੋ ਗਿਆ ਲਗਦਾ ਹੈ। ਕਾਂਗਰਸ ਪਾਰਟੀ ਦਾ ਦੋਸ਼ ਹੈ ਕਿ ਅਮੀਰ ਤਬਕਿਆਂ ਦੇ ਬੱਚਿਆਂ ਨੂੰ ਪੈਸੇ ਲੈ ਕੇ ਨੀਟ ਦੇ ਪ੍ਰਸ਼ਨ ਪੇਪਰ ਵੇਚੇ ਜਾ ਰਹੇ ਹਨ। ਯਾਦ ਰਹੇ, ਚੋਣ ਨਤੀਜੇ ਆਉਣ ਤੋਂ ਬਾਅਦ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਹੀ ਇਹ ਮੁੱਦਾ ਮੀਡੀਏ ਵਿੱਚ ਚੁੱਕਿਆ ਸੀ। ਕਾਂਗਰਸ ਦੇ ਨੌਜਵਾਨ ਆਗੂ ਘਨੱਈਆ ਕੁਮਾਰ ਨੇ ਬੀਤੇ ਦਿਨੀਂ ਆਪਣੀ ਇੱਕ ਵਿਸ਼ੇਸ਼ ਕਾਨਫਰੰਸ ਵਿੱਚ ਕਿਹਾ ਕਿ ਸਰਕਾਰ ਵੱਲੋਂ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਉਨ੍ਹਾਂ ਵਿਅੰਗ ਕਰਦਿਆਂ ਕਿਹਾ ਕਿ ਅਨਪੜ੍ਹ ਸਰਕਾਰਾਂ ਵਿਦਿਆਰਥੀਆਂ ਦਾ ਦੁਖ ਕਿਵੇਂ ਸਮਝ ਸਕਦੀਆਂ ਹਨ? ਯਾਦ ਰਹੇ, 5 ਮਈ ਨੂੰ ਨੀਟ ਵੱਲੋਂ ਲਏ ਗਏ ਇਸ ਟੈਸਟ ਵਿੱਚ 23 ਲੱਖ ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ ਸੀ।

ਕੁਝ ਮਾਹਿਰਾਂ ਵੱਲੋਂ ਇਹ ਵੀ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਪੂਰੀ ਪ੍ਰੀਖਿਆ ਹੀ ਦੁਬਾਰਾ ਲਈ ਜਾਣੀ ਚਾਹੀਦੀ ਹੈ, ਕਿਉਂਕੇ ਜੇ ਸਿਰਫ ਇਹ ਗਰੇਸ ਮਾਰਕਸ ਹਾਸਲ ਕਰਨ ਵਾਲੇ 1563 ਵਿਦਿਆਰਥੀਆਂ ਦੀ ਹੀ ਲਈ ਜਾਂਦੀ ਹੈ ਤਾਂ ਨਵਾਂ ਟੈਸਟ ਪਹਿਲਾਂ ਨਾਲੋਂ ਸੌਖਾ ਵੀ ਪਾਇਆ ਜਾ ਸਕਦਾ ਹੈ। ਅਸਲ ਵਿੱਚ ਇਸ ਘਪਲੇ ਦੇ ਸਾਹਮਣੇ ਆਉਣ ਨਾਲ ਨੈਸ਼ਨਲ ਐਲਿਜੀਬਿਲਿਟੀ ਕਮ ਇੰਟਰੈਂਸ ਟੈਸਟ ਅਤੇ ਨੈਸ਼ਨਲ ਟੈਸਟਿੰਗ ਏਜੰਸੀ 'ਨਾਟਾ' ਦੀ ਪੂਰੀ ਭਰੋਸੇਯੋਗਤਾ ਹੀ ਦਾਓ 'ਤੇ ਲੱਗ ਚੁੱਕੀ ਹੈ। ਇਸ ਕਿਸਮ ਦੀ ਸੁਗਬਗਾਹਟ ਤਾਂ ਕਿਤੇ ਨਾ ਕਿਤੇ ਪਹਿਲਾਂ ਹੀ ਨਿਕਲਦੀ ਰਹੀ ਹੈ ਕਿ ਕੌਮੀਂ ਪੱਧਰ 'ਤੇ ਲਏ ਜਾਂਦੇ ਟੈਸਟਾਂ ਵਿੱਚ ਕਿਤੇ ਨਾ ਕਿਤੇ ਗੜਬੜ ਹੋਣ ਲੱਗੀ ਹੈ। ਪੇਪਰ ਲੀਕ ਹੋਣ ਦੀਆਂ ਖ਼ਬਰਾਂ ਵੀ ਆਉਂਦੀਆਂ ਰਹੀਆਂ ਹਨ, ਪਰ ਮੇਨ ਮੀਡੀਆ ਅਦਾਰਿਆਂ ਦੇ ਸਰਕਾਰ ਪੱਖੀ ਹੋ ਜਾਣ ਕਾਰਨ ਇਹ ਸਾਰਾ ਕੁਝ ਦਬ-ਦਬਾ ਜਾਂਦਾ ਰਿਹਾ। ਇਹ ਉਂਝ ਕੁਦਰਤੀ ਵੀ ਹੈ ਕਿ ਜਿੰਨਾ ਤਾਕਤਾਂ ਦਾ ਕੇਂਦਰੀਕਰਨ ਹੋਏਗਾ, ਉਨਾ ਹੀ ਭ੍ਰਿਸ਼ਟਾਚਾਰ ਅਤੇ ਪੱਖਪਾਤ ਦੀਆਂ ਸੰਭਾਵਨਾਵਾਂ ਵਧਣਗੀਆਂ। ਤਾਕਤਾਂ ਦਾ ਧੁਰ ਹੇਠਾਂ ਤੱਕ ਵਿਕੇਂਦਰੀਕਰਨ ਅਤੇ ਤਕਨੀਕੀ ਨਿਗਰਾਨੀ ਹੀ ਇਸ ਨੂੰ ਠੱਲ੍ਹ ਪਾ ਸਕਦੀ ਹੈ। ਇਸੇ ਸੰਦਰਭ ਵਿੱਚ ਕੀ ਪੰਜਾਬ ਸਮੇਤ ਬਾਕੀ ਰਾਜਾਂ ਨੂੰ ਮੈਡੀਕਲ ਸਟਰੀਮ ਵਿੱਚ ਦਾਖਲੇ ਲਈ ਤਾਮਿਲਨਾਡੂ ਦੀ ਤਰ੍ਹਾਂ ਹੋਣ ਵਾਲੇ ਆਪੋ ਆਪਣੇ ਟੈਸਟ ਬਹਾਲ ਕਰਨ 'ਤੇ ਵਿਚਾਰ ਨਹੀਂ ਕਰਨਾ ਚਾਹੀਦਾ!

Gagandeep Cheema

FINANCIAL SERVICES PROFESSIONAL

847-340-6692

Services:

Debt Consolidation
Will and Estate Planning
Kids Education Planning
Retirement Planning
Annuities & 401K rollover
Insurance- Life, Disability, Long-Term Care
Funeral Planning

ਸੇਵਾਵਾਂ:

ਕਰਜ਼ੇ ਦੀ ਇਕਸਾਰਤਾ
ਵਸੀਅਤ ਅਤੇ ਜਾਇਦਾਦ ਦੀ ਯੋਜਨਾਬੰਦੀ
ਬੱਚਿਆਂ ਦੀ ਸਿੱਖਿਆ ਦੀ ਯੋਜਨਾਬੰਦੀ
ਸੇਵਾਮੁਕਤੀ ਦੀ ਯੋਜਨਾਬੰਦੀ
ਸਾਲਾਨਾ ਅਤੇ 401ਕੇ ਰੋਲਓਵਰ
ਬੀਮਾ- ਜੀਵਨ, ਅਪਾਹਜਤਾ, ਲੰਬੇ ਸਮੇਂ ਦੀ ਦੇਖਭਾਲ
ਅੰਤਿਮ ਸਸਕਾਰ ਦੀ ਯੋਜਨਾ

GCHEEMAWFG@GMAIL.COM
1699 Wall St., Suite 615, Mount Prospect, IL 60056

ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

Serving the Sikh Community with Dignity and Care



ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ -Viewing Room Available
-ਵੱਡਾ ਤੇ ਸੁੰਦਰ ਚੈਪਲ -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at www.davenportfamily.com

Davenport
FAMILY FUNERAL HOMES AND CREMATORY

# ਅਮਰੀਕਾ 'ਚ ਗ਼ੈਰ-ਕਾਨੂੰਨੀ ਪਰਵਾਸੀ ਅਤੇ ਨਵੀਆਂ ਪਾਬੰਦੀਆਂ

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਹਾਲ ਹੀ ਵਿੱਚ ਅਮਰੀਕਾ-ਮੈਕਸੀਕੋ ਸਰਹੱਦ 'ਤੇ ਪਰਵਾਸੀਆਂ ਦੀ ਰਿਕਾਰਡ ਆਮਦ ਨੂੰ ਰੋਕਣ ਦੇ ਮਕਸਦ ਨਾਲ ਇੱਕ ਵਿਆਪਕ ਕਾਰਜਕਾਰੀ ਨਿਰਦੇਸ਼ ਜਾਰੀ ਕੀਤਾ ਹੈ। ਪਿਛਲੇ ਦਿਨੀਂ ਲਾਗੂ ਹੋਏ ਇਸ ਹੁਕਮ ਤਹਿਤ ਅਧਿਕਾਰੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਪਰਵਾਸੀਆਂ ਨੂੰ ਉਨ੍ਹਾਂ ਦੀਆਂ ਸ਼ਰਨ ਲੈਣ ਦੀਆਂ ਬੇਨਤੀਆਂ 'ਤੇ ਕਾਰਵਾਈ ਕੀਤੇ ਬਿਨਾ ਹੀ ਫ਼ੌਰੀ ਤੌਰ ਉੱਤੇ ਵਾਪਸ ਭੇਜ ਸਕਣਗੇ। ਵ੍ਹਾਈਟ ਹਾਊਸ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਜਿਹਾ ਉਦੋਂ ਹੋਵੇਗਾ, ਜਦੋਂ ਰੋਜ਼ਾਨਾ ਦੀ ਹੱਦ ਪੂਰੀ ਹੋ ਜਾਵੇਗੀ ਅਤੇ ਸਰਹੱਦ 'ਤੇ 'ਜ਼ਿਆਦਾ ਭੀੜ' ਇਕੱਠੀ ਹੋ ਜਾਵੇਗੀ। ਰਿਪਬਲਿਕਨ ਪਾਰਟੀ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਬਾਇਡਨ ਨੇ ਅਜੇ ਤੱਕ ਢੁਕਵੇਂ ਕਦਮ ਨਹੀਂ ਚੁੱਕੇ ਹਨ, ਜਦੋਂ ਕਿ ਰਾਸ਼ਟਰਪਤੀ ਦੇ ਕੁਝ ਡੈਮੋਕਰੇਟਿਕ ਸਹਿਯੋਗੀ ਅਤੇ ਸੰਯੁਕਤ ਰਾਸ਼ਟਰ ਨੇ ਵੀ ਇਸ 'ਤੇ ਚਿੰਤਾ ਪ੍ਰਗਟ ਕੀਤੀ ਹੈ। ਚਰਚਾ ਹੈ ਕਿ ਇਸ ਸਾਲ ਨਵੰਬਰ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦੇ ਮੱਦੇਨਜ਼ਰ ਉਹ ਸਿਆਸੀ ਤੌਰ 'ਤੇ ਕਮਜ਼ੋਰ ਪੈ ਗਏ ਹਨ।

ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਏਜੰਸੀ ਦੇ ਬੁਲਾਰੇ ਅਨੁਸਾਰ ਅੱਤਿਆਚਾਰ ਤੋਂ ਡਰਨ ਵਾਲਿਆਂ ਨੂੰ ਸੁਰੱਖਿਅਤ ਖੇਤਰ ਵਿੱਚ ਪਹੁੰਚ ਮਿਲਣੀ ਚਾਹੀਦੀ ਹੈ। ਦੂਜੇ ਪਾਸੇ ਜੋਅ ਬਾਇਡਨ ਨੇ ਕਈ ਸਰਹੱਦੀ ਸ਼ਹਿਰਾਂ ਦੇ ਮੇਅਰਾਂ ਨਾਲ ਇੱਕ ਮੀਟਿੰਗ ਵਿੱਚ ਇਸ ਆਦੇਸ਼ ਬਾਰੇ ਗੱਲ ਕੀਤੀ ਅਤੇ ਕਿਹਾ, "ਇਸ ਕਾਰਵਾਈ ਨਾਲ ਸਾਨੂੰ ਆਪਣੀ ਸਰਹੱਦ 'ਤੇ ਕੰਟਰੋਲ ਕਰਨ ਵਿੱਚ ਮਦਦ ਮਿਲੇਗੀ।"

ਰਾਸ਼ਟਰਪਤੀ ਨੇ ਇਸ ਸਾਲ ਦੇ ਸ਼ੁਰੂ ਵਿੱਚ ਕਾਂਗਰਸ ਵਿੱਚ ਦੋ-ਪੱਖੀ ਇਮੀਗ੍ਰੇਸ਼ਨ ਸੁਧਾਰਾਂ ਨੂੰ ਪਾਸ ਨਾ ਕਰਨ ਲਈ ਰਿਪਬਲਿਕਨਾਂ ਦੀ ਆਲੋਚਨਾ ਕੀਤੀ ਸੀ ਅਤੇ ਨਵੀਂ ਕਾਰਜਕਾਰੀ ਕਾਰਵਾਈ ਦੇ ਖੱਬੇ-ਪੱਖੀ ਆਲੋਚਕਾਂ ਨੂੰ 'ਸਬਰ ਰੱਖਣ' ਲਈ ਕਿਹਾ। ਇਸ ਹੁਕਮ ਦਾ ਮਕਸਦ ਮਾਮਲਿਆਂ ਨੂੰ ਤੇਜ਼ੀ ਨਾਲ ਨਿਪਟਾਉਣਾ ਅਤੇ ਜ਼ਿਆਦਾ ਬੋਝ ਨਾਲ ਦੱਬੀਆਂ ਹੋਈਆਂ ਅਮਰੀਕੀ ਇਮੀਗ੍ਰੇਸ਼ਨ ਅਦਾਲਤਾਂ 'ਤੇ ਦਬਾਅ ਨੂੰ ਘੱਟ ਕਰਨਾ ਹੈ, ਪਰ ਕਾਰਕੁਨਾਂ ਨੇ ਇਸ ਦੀ ਆਲੋਚਨਾ ਕੀਤੀ ਹੈ।

ਨੈਸ਼ਨਲ ਇਮੀਗ੍ਰੇਸ਼ਨ ਫੋਰਮ ਦੀ ਪ੍ਰਧਾਨ ਅਤੇ ਸੀ.ਈ.ਓ. ਜੈਨੀ ਮਰੇ ਨੇ ਕਿਹਾ, "ਇਹ ਅਫ਼ਸੋਸਨਾਕ ਹੈ ਕਿ ਸਿਆਸਤ, ਇਮੀਗ੍ਰੇਸ਼ਨ ਗੱਲਬਾਤ ਨੂੰ ਤੇਜ਼ੀ ਨਾਲ ਪ੍ਰਤੀਬੰਧਿਤ ਦਿਸ਼ਾ ਵੱਲ ਲੈ ਕੇ ਜਾ ਰਹੀ ਹੈ।...ਹਾਲਾਂਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਮਰੀਕਾ ਨੂੰ ਸਰਹੱਦ 'ਤੇ ਚੁਣੌਤੀਆਂ ਨੂੰ ਬਿਹਤਰ ਢੰਗ ਨਾਲ ਹੱਲ ਕਰਨ ਦੀ ਲੋੜ ਹੈ, ਪਰ 212 (ਐੱਫ਼) ਦੀ ਵਰਤੋਂ ਚਿੰਤਾਜਨਕ ਹੈ।"

ਜ਼ਿਕਰਯੋਗ ਹੈ ਕਿ ਜੋਅ ਬਾਇਡਨ ਦੇ ਪ੍ਰਸ਼ਾਸਨ ਦੌਰਾਨ 60 ਲੱਖ 40 ਹਜ਼ਾਰ ਤੋਂ ਵੱਧ ਪਰਵਾਸੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਤੋਂ ਰੋਕਿਆ ਗਿਆ ਹੈ। ਇਸ ਸਾਲ ਸ਼ਰਨਾਰਥੀਆਂ ਦੀ ਆਮਦ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਹੈ; ਹਾਲਾਂਕਿ ਮਾਹਰਾਂ ਦਾ ਮੰਨਣਾ ਹੈ ਕਿ ਇਹ ਰੁਝਾਨ ਜਾਰੀ ਰਹਿਣ ਦੀ ਸੰਭਾਵਨਾ ਨਹੀਂ ਹੈ। ਮੈਕਸਿਕੋ ਦੇ ਮੀਡੀਆ ਨੇ ਇਸ ਕਦਮ ਨੂੰ ਬਾਇਡਨ ਦੀਆਂ ਸਭ ਤੋਂ ਸਖ਼ਤ ਨੀਤੀਆਂ ਵਿੱਚੋਂ ਇੱਕ ਵਜੋਂ ਦਰਸਾਇਆ ਹੈ। ਰਾਸ਼ਟਰਪਤੀ ਆਂਦ੍ਰੇਸ ਮੈਨੁਅਲ ਲੋਪੇਜ਼ ਓਬਰਾਡੋਰ ਨੇ ਇਸ ਮੁੱਦੇ ਨੂੰ ਇਹ ਦਲੀਲ ਦੇ ਕੇ ਠੰਢਾ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਆਰਥਿਕ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਨੇ ਸਰਹੱਦ ਨੂੰ ਬੰਦ ਕਰਨਾ 'ਅਸੰਭਵ' ਬਣਾ ਦਿੱਤਾ ਹੈ।

ਤਿਜੁਆਨਾ ਵਿੱਚ ਅਧਿਕਾਰੀਆਂ ਨੇ ਪੁੱਛਿਆ ਕਿ ਅਮਰੀਕਾ ਵਿੱਚ ਪ੍ਰਵੇਸ਼ ਕਰਨ ਤੋਂ ਇਨਕਾਰ ਕਰਨ ਵਾਲੇ ਸ਼ਰਨਾਰਥੀਆਂ ਦਾ ਕੀ ਹੋਵੇਗਾ? ਇੱਕ ਸਥਾਨਕ ਅਧਿਕਾਰੀ ਨੇ ਚੇਤਾਵਨੀ ਦਿੱਤੀ ਕਿ ਮੈਕਸੀਕਨ ਸ਼ਹਿਰ ਵਿਖੇ ਸ਼ੈਲਟਰਾਂ ਵਿੱਚ ਜਲਦੀ ਹੀ ਭੀੜ ਇਕੱਠੀ ਹੋ ਸਕਦੀ ਹੈ।

ਨਵੇਂ ਨਿਰਦੇਸ਼ਾਂ ਦੇ ਪ੍ਰਤੀਕਰਮ ਵਜੋਂ ਯੂ.ਐੱਸ. ਕੈਪੀਟਲ ਦੇ ਬਾਹਰ ਤਕਰੀਬਨ ਇੱਕ ਦਰਜਨ ਵਕੀਲਾਂ ਅਤੇ ਡੈਮੋਕਰੇਟਿਕ ਸੰਸਦ ਮੈਂਬਰਾਂ ਨੇ ਆਪਣੀ ਪ੍ਰੈੱਸ ਕਾਨਫਰੰਸ ਕਰ ਕੇ ਬਾਇਡਨ ਦੇ ਫ਼ੈਸਲੇ ਦੀ ਆਲੋਚਨਾ ਵੀ ਕੀਤੀ। ਕਾਂਗਰਸ ਦੇ ਪ੍ਰੋਗਰੈਸਿਵ ਕਾਕਸ ਦੀ ਚੇਅਰਪਰਸਨ ਪ੍ਰਮਿਲਾ ਜੈਪਾਲ ਨੇ ਕਿਹਾ ਕਿ ਉਹ ਕਾਰਜਕਾਰੀ ਕਾਰਵਾਈ ਤੋਂ 'ਗਹਿਰੀ ਨਿਰਾਸ਼ਾ' ਵਿੱਚ ਹਨ ਅਤੇ ਉਨ੍ਹਾਂ ਨੇ ਇਸ ਨੂੰ



'ਗਲਤ ਦਿਸ਼ਾ ਵਿੱਚ ਚੁੱਕਿਆ ਗਿਆ ਕਦਮ' ਦੱਸਿਆ। ਜੋਅ ਬਾਇਡਨ ਦੀ ਪਾਰਟੀ ਦੇ ਹੋਰ ਲੋਕ ਇਸ ਨਾਲ ਅਸਹਿਮਤ ਸਨ, ਜਿਨ੍ਹਾਂ ਵਿੱਚ ਸ਼ਾਮਲ ਐਰੀਜ਼ੋਨਾ ਦੇ ਕਾਂਗਰਸ ਦੇ ਮੈਂਬਰ ਰੂਬੇਨ ਗੈਲੇਗੋ ਨੇ ਕਿਹਾ ਕਿ ਅਜੇ ਵੀ 'ਜ਼ਿਆਦਾ ਕੰਮ ਕਰਨਾ ਬਾਕੀ ਹੈ।' ਪ੍ਰਮਿਲਾ ਜੈਪਾਲ ਅਨੁਸਾਰ ਜੋਅ ਬਾਇਡਨ ਦੀਆਂ ਕਾਰਵਾਈਆਂ ਨਾਲ ਕਾਨੂੰਨੀ ਲੜਾਈਆਂ ਸ਼ੁਰੂ ਹੋ ਸਕਦੀਆਂ ਹਨ। ਉਨ੍ਹਾਂ ਕਿਹਾ, "ਜਦੋਂ ਡੋਨਾਲਡ ਟਰੰਪ ਨੇ ਅਜਿਹਾ ਕੀਤਾ, ਤਾਂ ਅਮਰੀਕਨ ਸਿਵਿਲ ਲਿਬਰਟੀਜ਼ ਯੂਨੀਅਨ (ਏ.ਸੀ.ਐੱਲ.ਯੂ.) ਨੇ ਮੁਕੱਦਮਾ ਦਾਇਰ ਕਰ ਦਿੱਤਾ ਅਤੇ ਇਸ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਗਿਆ।"

ਰਾਸ਼ਟਰਪਤੀ ਦੀ ਚੋਣ ਵਿੱਚ ਜੋਅ ਬਾਇਡਨ ਦੇ ਰਿਪਬਲਿਕਨ ਵਿਰੋਧੀ ਡੋਨਾਲਡ ਟਰੰਪ ਦੀ ਮੁਹਿੰਮ ਨੇ ਪਹਿਲਾਂ ਦਲੀਲ ਦਿੱਤੀ ਸੀ ਕਿ ਇਹ ਹੁਕਮ 'ਆਮ ਮੁਆਫ਼ੀ ਲਈ ਹੈ, ਨਾ ਕਿ ਸਰਹੱਦੀ ਸੁਰੱਖਿਆ ਲਈ।'

ਰਾਸ਼ਟਰਪਤੀ ਦੇ ਐਲਾਨ ਤੋਂ ਬਾਅਦ ਜਾਰੀ ਬਿਆਨ ਵਿੱਚ ਵ੍ਹਾਈਟ ਹਾਊਸ ਨੇ ਕਿਹਾ ਕਿ ਨਵੇਂ ਹੁਕਮ 'ਉਦੋਂ ਲਾਗੂ ਹੋਣਗੇ ਜਦੋਂ ਦੱਖਣੀ ਸਰਹੱਦ 'ਤੇ ਆਉਣ ਵਾਲਿਆਂ ਦਾ ਪੱਧਰ ਇੰਨਾ ਵਧ ਜਾਵੇਗਾ ਕਿ ਸਮੇਂ ਸਿਰ ਨਤੀਜੇ ਦੇਣ ਦੀ ਸਾਡੀ ਸਮਰੱਥਾ ਖ਼ਤਮ ਹੋ ਜਾਵੇਗੀ।' ਐਲਾਨੀਆਂ ਗਈਆਂ ਕਾਰਵਾਈਆਂ ਵਿੱਚ 1952 ਦੇ ਕਾਨੂੰਨ ਦੀ ਵਰਤੋਂ ਵੀ ਸ਼ਾਮਲ ਸੀ, ਜੋ ਅਮਰੀਕੀ ਸ਼ਰਨ ਪ੍ਰਣਾਲੀ ਤੱਕ ਪਹੁੰਚ ਨੂੰ ਸੀਮਤ ਕਰਨ ਦੀ ਆਗਿਆ ਦਿੰਦਾ ਹੈ। ਇਹ ਕਾਨੂੰਨ, ਜਿਸ ਨੂੰ 212 (ਐੱਫ) ਵਜੋਂ ਜਾਣਿਆ ਜਾਂਦਾ ਹੈ, ਅਮਰੀਕੀ ਰਾਸ਼ਟਰਪਤੀ ਨੂੰ ਵਿਦੇਸ਼ੀਆਂ ਦੇ 'ਪ੍ਰਵੇਸ਼ ਨੂੰ ਮੁਅੱਤਲ' ਕਰਨ ਦੀ ਇਜਾਜ਼ਤ ਦਿੰਦਾ ਹੈ, ਜੇਕਰ ਉਨ੍ਹਾਂ ਦਾ ਆਉਣਾ ਦੇਸ਼ ਦੇ 'ਹਿੱਤਾਂ ਲਈ ਹਾਨੀਕਾਰਕ' ਹੋਵੇ।

ਇਸੀ ਨਿਯਮ ਦੀ ਵਰਤੋਂ ਟਰੰਪ ਪ੍ਰਸ਼ਾਸਨ ਦੁਆਰਾ ਕਈ ਮੁਸਲਿਮ ਬਹੁਲਤਾ ਵਾਲੇ ਦੇਸ਼ਾਂ ਤੋਂ ਇਮੀਗ੍ਰੇਸ਼ਨ ਅਤੇ ਯਾਤਰਾ 'ਤੇ ਪਾਬੰਦੀ ਲਗਾਉਣ ਤੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੁੰਦੇ ਫੜੇ ਜਾਣ ਵਾਲੇ ਪਰਵਾਸੀਆਂ ਨੂੰ ਸ਼ਰਨ ਦੇਣ ਤੋਂ ਰੋਕਣ ਲਈ ਕੀਤੀ ਗਈ ਸੀ, ਜਿਸ ਤੋਂ ਨਸਲਵਾਦ ਦੇ ਇਲਜ਼ਾਮ ਤੇਜ਼ੀ ਨਾਲ ਲਗਾਏ ਜਾਣ ਲੱਗੇ ਸਨ।

ਬਾਇਡਨ ਪ੍ਰਸ਼ਾਸਨ ਨੇ ਅਦਾਲਤ ਵਿੱਚ ਕਈ ਨੀਤੀਆਂ ਦਾ ਬਚਾਅ ਕਰਨ ਦੀ ਯੋਜਨਾ ਬਣਾਈ ਹੈ ਤਾਂ ਕਿ ਕਾਰਕੁੰਨਾਂ ਜਾਂ ਰਿਪਬਲਿਕਨ ਅਗਵਾਈ ਵਾਲੇ ਰਾਜਾਂ ਤੋਂ ਉਸ ਨੂੰ ਮਿਲਣ ਵਾਲੀ ਕਿਸੇ ਵੀ ਚੁਣੌਤੀ ਤੋਂ ਬਚਿਆ ਜਾ ਸਕੇ। ਇਸ ਵਿੱਚ ਕਿਹਾ ਗਿਆ ਹੈ ਕਿ ਪਾਬੰਦੀਆਂ ਉਦੋਂ ਲਾਗੂ ਹੋਣਗੀਆਂ, ਜਦੋਂ ਰੋਜ਼ਾਨਾ ਸਰਹੱਦ ਪਾਰ ਕਰਨ ਦੀ ਸੱਤ ਦਿਨਾਂ ਦੀ ਔਸਤ 2,500 ਤੱਕ ਪਹੁੰਚ ਜਾਵੇਗੀ। ਉਂਜ ਇਸ ਹੁਕਮ ਤੋਂ ਬਾਅਦ ਵੀ ਪ੍ਰਵੇਸ਼ ਬੰਦਰਗਾਹਾਂ 'ਤੇ ਸ਼ਰਨ ਦੀ ਪ੍ਰਕਿਰਿਆ ਜਾਰੀ ਰਹੇਗੀ।

ਸਰਹੱਦ 'ਤੇ ਹੈਤੀਅਨ ਪਰਵਾਸੀਆਂ ਨਾਲ ਕੰਮ ਕਰਨ ਵਾਲੇ ਹੈਤੀਅਨ ਬ੍ਰਿਜ ਅਲਾਇੰਸ ਦੇ ਕਾਰਜਕਾਰੀ ਨਿਰਦੇਸ਼ਕ ਗੁਏਰਲਾਈਨ ਜੋਜ਼ੇਫ ਨੇ ਇਸ ਘੋਸ਼ਣਾ ਨੂੰ 'ਸ਼ਰਨ ਲੈਣ ਦੇ ਮੌਲਿਕ ਮਨੁੱਖੀ ਅਧਿਕਾਰ 'ਤੇ ਸਿੱਧਾ ਹਮਲਾ' ਦੱਸਿਆ ਹੈ। ਜੋਜ਼ੇਫ ਨੇ ਕਿਹਾ, "ਟਰੰਪ-ਯੁੱਗ ਦੀ ਇਹ ਨੀਤੀ ਹਜ਼ਾਰਾਂ ਅਸੁਰੱਖਿਅਤ ਵਿਅਕਤੀਆਂ ਨੂੰ, ਜਿਨ੍ਹਾਂ ਵਿੱਚ ਪਰਿਵਾਰ, ਬੱਚੇ ਅਤੇ ਹਿੰਸਾ ਅਤੇ ਅੱਤਿਆਚਾਰ ਤੋਂ ਪੀੜਤ ਲੋਕ ਸ਼ਾਮਲ ਹਨ, ਉਨ੍ਹਾਂ ਨੂੰ ਜ਼ਰੂਰੀ ਸੁਰੱਖਿਆ ਅਤੇ ਸ਼ਰਨ ਤੋਂ ਵਾਂਝੇ ਕਰ ਦੇਵੇਗੀ।" ਦੂਜੇ ਪਾਸੇ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਨਵੇਂ ਨਿਯਮ ਸਿਰਫ਼ ਸ਼ਰਨਾਰਥੀਆਂ ਦੀ ਆਮਦ ਦੇ ਵਧਣ ਸਮੇਂ ਦੌਰਾਨ ਹੀ ਲਾਗੂ ਹੋਣਗੇ। ਇਕੱਲੇ ਬੱਚਿਆਂ ਅਤੇ ਤਸਕਰੀ ਦੇ ਸ਼ਿਕਾਰ ਬੱਚਿਆਂ ਨੂੰ ਇਸ ਤੋਂ ਛੋਟ ਦਿੱਤੀ ਜਾਵੇਗੀ।

ਇਸੇ ਦੌਰਾਨ ਰਿਪਬਲਿਕਨਾਂ ਨੇ ਬਾਇਡਨ ਦੀ ਸਰਹੱਦ ਦੀ ਯੋਜਨਾ ਦੀ ਆਲੋਚਨਾ ਕਰਦਿਆਂ ਇਸ ਨੂੰ ਚੋਣਾਂ ਦੇ ਸਾਲ ਦੌਰਾਨ ਲਿਆ ਗਿਆ ਫ਼ੈਸਲਾ ਦੱਸਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਤਰਕ ਹੈ ਕਿ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਅਮਰੀਕਾ ਵਿੱਚ ਪਹਿਲਾਂ ਤੋਂ ਹੀ ਕਾਨੂੰਨ ਮੌਜੂਦ ਹਨ, ਪਰ ਡੈਮੋਕਰੇਟਿਕ ਰਾਸ਼ਟਰਪਤੀ ਵੱਲੋਂ ਉਨ੍ਹਾਂ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ।

ਅਧਿਕਾਰੀਆਂ ਅਤੇ ਵ੍ਹਾਈਟ ਹਾਊਸ ਨੇ ਇਸ ਦਾ ਇਲਜ਼ਾਮ ਰਿਪਬਲਿਕਨਾਂ 'ਤੇ ਮੜ੍ਹਨ ਦੀ ਕੋਸ਼ਿਸ਼ ਕੀਤੀ, ਜੋ ਇਸ ਸਾਲ ਦੇ ਸ਼ੁਰੂ ਵਿਚ ਅਸਫਲ ਹੋਏ ਦੋ-ਪੱਖੀ ਸਰਹੱਦੀ ਸੁਰੱਖਿਆ ਸੌਦੇ ਦੇ ਰਾਹ ਵਿੱਚ ਰੁਕਾਵਟ ਬਣੇ ਸਨ। ਵ੍ਹਾਈਟ ਹਾਊਸ ਅਨੁਸਾਰ 'ਕਾਂਗਰਸ ਵਿੱਚ ਰਿਪਬਲਿਕਨਾਂ ਨੇ ਰਾਸ਼ਟਰੀ ਸੁਰੱਖਿਆ ਤੋਂ ਉੱਪਰ ਜਾ ਕੇ ਪੱਖਪਾਤੀ ਰਾਜਨੀਤੀ ਨੂੰ ਤਰਜੀਹ ਦਿੱਤੀ ਹੈ।'

ਸੀ.ਬੀ.ਪੀ. ਵੱਲੋਂ ਹਾਲ ਹੀ ਵਿੱਚ ਜਾਰੀ ਕੀਤੇ ਅੰਕੜੇ ਦੱਸਦੇ ਹਨ ਕਿ ਅਪ੍ਰੈਲ ਵਿੱਚ ਤਕਰੀਬਨ 1,79,000 ਪਰਵਾਸੀਆਂ ਦੇ ਸ਼ਰਨ ਲੈਣ ਦੇ ਮਾਮਲੇ ਦਰਜ ਕੀਤੇ ਗਏ ਸਨ। ਤੁਲਨਾਤਮਕ ਰੂਪ ਨਾਲ ਦਸੰਬਰ 2023 ਵਿੱਚ ਇਹ ਅੰਕੜਾ 3,02,000 ਤੱਕ ਪਹੁੰਚ ਗਿਆ ਸੀ, ਜੋ ਕਿ ਇੱਕ ਵੱਡੀ ਗਿਣਤੀ ਹੈ। ਅਮਰੀਕਾ ਅਤੇ ਮੈਕਸਿਕੋ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਮੈਕਸੀਕਨ ਅਧਿਕਾਰੀਆਂ ਦੁਆਰਾ ਵਧਾਈ ਗਈ ਸਖ਼ਤੀ ਇਸ ਲਈ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਹੈ।

ਅਮਰੀਕੀ ਸਰਹੱਦ 'ਤੇ ਪਰਵਾਸੀਆਂ ਦੀ ਗਿਣਤੀ ਵਿੱਚ ਕਮੀ ਰਾਸ਼ਟਰਪਤੀ ਬਾਇਡਨ ਲਈ ਰਾਜਨੀਤਿਕ ਤੌਰ 'ਤੇ ਸੰਕਟਮਈ ਸਮੇਂ 'ਤੇ ਆਈ ਹੈ। ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਨਵੰਬਰ ਵਿੱਚ ਹੋਣ ਵਾਲੀ ਰਾਸ਼ਟਰਪਤੀ ਚੋਣ ਵਿੱਚ ਬਹੁਤ ਸਾਰੇ ਵੋਟਰਾਂ ਲਈ ਇਮੀਗ੍ਰੇਸ਼ਨ ਤਰਜ਼ੀਹੀ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ। ਅਪ੍ਰੈਲ ਦੇ ਅੰਤ ਵਿੱਚ ਹੋਏ ਗੈਲਪ ਸਰਵੇਖਣ ਤੋਂ ਪਤਾ ਲੱਗਿਆ ਕਿ 27 ਫ਼ੀਸਦੀ ਅਮਰੀਕਨ ਇਮੀਗ੍ਰੇਸ਼ਨ ਨੂੰ ਦੇਸ਼ ਦੇ ਸਾਹਮਣੇ ਸਭ ਤੋਂ ਮਹੱਤਵਪੂਰਨ ਮੁੱਦੇ ਦੇ ਰੂਪ ਵਿੱਚ ਦੇਖਦੇ ਹਨ, ਜੋ ਅਰਥਵਿਵਸਥਾ ਅਤੇ ਮਹਿੰਗਾਈ ਤੋਂ ਵੀ ਉੱਪਰ ਹੈ।

ਐਸੋਸੀਏਟਿਡ ਪ੍ਰੈੱਸ ਅਤੇ ਐੱਨ.ਓ.ਆਰ.ਸੀ. ਸੈਂਟਰ ਫ਼ਾਰ ਪਬਲਿਕ ਅਫ਼ੇਅਰਜ਼ ਰਿਸਰਚ ਵੱਲੋਂ ਮਾਰਚ ਵਿੱਚ ਕਰਵਾਏ ਗਏ ਇੱਕ ਵੱਖਰੇ ਸਰਵੇਖਣ ਤੋਂ ਪਤਾ ਲੱਗਿਆ ਕਿ ਦੋ ਤਿਹਾਈ ਅਮਰੀਕੀ ਹੁਣ ਜੋਅ ਬਾਇਡਨ ਦੇ ਸੀਮਾ ਪ੍ਰਬੰਧਨ ਦੇ ਫ਼ੈਸਲੇ ਨਾਲ ਅਸਹਿਮਤ ਹਨ, ਜਿਸ ਵਿੱਚ ਲਗਭਗ 40 ਫ਼ੀਸਦੀ ਡੈਮੋਕਰੇਟ ਵੋਟਰ ਸ਼ਾਮਲ ਹਨ।

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ...

-ਸੰਤ ਸਿੰਘ ਸੰਧੂ

| | |
|---|---|
| ਅੰਮ੍ਰਿਤਪਾਲ ਸਿੰਘ: | ਚੁੱਕ ਚਰਖਾ ਪਰ੍ਹਾਂ ਨੂੰ ਕਰ ਪੀੜ੍ਹੀ, ਇੱਥੇ ਅਸਾਂ ਬੋਕ ਬੰਨ੍ਹਣਾ। |
| ਮੰਦਰ ਰਾਜਨੀਤੀ: | ਰੱਬ ਨਾਲ ਠੱਗੀਆਂ ਕਿਉਂ ਮਾਰੇਂ ਬੰਦਿਆ ! |
| ਸਿਮ੍ਰਤੀ ਇਰਾਨੀ: | ਗੁੱਸਾ ਨਾ ਕਰੀਂ ਨੀ ਤੈਨੂੰ ਪਿੱਛੋਂ 'ਵਾਜ ਮਾਰੀ ਆ। |
| ਨਿਤੀਸ਼ ਕੁਮਾਰ: | ਹਾਰ ਕੇ ਜੇਠ ਨਾਲ ਲਾਈਆਂ, ਮਰਦੀ ਨੇ ਅੱਕ ਚੱਬਿਆ। |
| ਰਵਨੀਤ ਬਿੱਟੂ: | ਪਹਾੜਾ ਸਿੰਘ ਸੀ ਯਾਰ ਫਿਰੰਗੀਆਂ ਦਾ, ਸਿੰਘਾਂ ਨਾਲ ਸੀ ਉਸ ਦੀ ਗੈਰਸਾਲੀ। |
| ਭਗਵੰਤ ਮਾਨ: | ਯਾਰ ਤੇਰਾ ਵੱਢਿਆ ਪਿਆ, ਭੁਗਤੂਗਾ ਕੌਣ ਤਰੀਕਾਂ ! |
| ਚਰਨਜੀਤ ਚੰਨੀ: | ਚੰਨ, ਚੰਨ ਦੇ ਸਾਹਮਣੇ ਆ ਗਿਆ, ਮੈਂ ਦੋਹਾਂ ਤੋਂ ਸਦਕੇ ਜਾਵਾਂ। |
| ਕੰਗਣਾ ਰਣੌਤ: | ਤੂੰ ਨਹੀਂ ਬੋਲਦੀ, ਤੇਰੇ 'ਚ ਤੇਰੇ ਯਾਰ ਬੋਲਦੇ। |
| ਚੰਦਰ ਬਾਬੂ ਨਾਇਡੂ: | ਮੱਝੀਂ ਤੁਰਨ ਨਾ ਬਾਝ ਰੰਝੇਟੜੇ ਦੇ, ਹੋਰ ਮਾਹੀ ਸਭੇ ਵਾਹ ਲਾ ਰਹੇ। |
| ਦਲ ਬਦਲੀ: | ਉਧਰੋਂ ਰੁਮਾਲ ਹਿੱਲਿਆ, ਮੇਰੀ ਇਧਰੋਂ ਹਿੱਲੀ ਫੁਲਕਾਰੀ। |
| ਵਾਹਗਾ ਸਰਹੱਦ: | ਮਿੱਤਰਾਂ ਦੇ ਦਰ ਮੂਹਰੇ, ਬਹਿ ਗਈ ਕਾਲਜਾ ਫੜ ਕੇ। |
| ਪੱਛਮੀ ਪੰਜਾਬ: | ਨਦੀਓਂ ਪਾਰ ਖੜ੍ਹੇ, ਬਾਲਾ ਤੇ ਮਰਦਾਨਾ। |
| ਗੱਠਜੋੜ: | ਕੰਨ ਵਿੱਚ ਦੱਸ ਚੰਨ ਵੇ, ਕਿੱਥੇ ਬਣ ਕੇ ਮੋਰਨੀ ਆਵਾਂ। |
| ਖਾਲਿਸਤਾਨ: | ਹਾਜ਼ੀ ਲੋਕ ਮੱਕੇ ਨੂੰ ਜਾਂਦੇ, ਅਸੀਂ ਜਾਣਾ ਤਖਤ ਹਜ਼ਾਰੇ। |
| ਪੰਜਾਬ: | ਅੱਧੀ ਡੁੱਲ੍ਹ ਗਈ, ਅੱਧੀ ਖੋਹ ਲਈ, ਚੁਣ-ਮੇਲ ਕੇ ਪਰ੍ਹੇ 'ਚ ਲਿਆਵੰਦਾ ਈ। |
| ਰਾਮਦੇਵ: | ਨਾ ਛੇੜੀਏ ਰੱਬ ਦੇ ਪੂਰਿਆਂ ਨੂੰ, ਜਿਨ੍ਹਾਂ ਕੱਪੜੇ ਖਾਕ ਦੇ ਵਿੱਚ ਰੰਗੇ। |
| ਮੰਤਰੀ ਮੰਡਲ: | ਮਿਲੀ ਵਧਾਈ ਜਾ ਖੇੜਿਆਂ ਨੂੰ, ਲੁੱਡੀ ਮਾਰ ਕੇ ਝੁੰਬਰਾਂ ਘੱਤਦੇ ਨੀ। |
| ਰਾਹੁਲ ਗਾਂਧੀ: | ਹੁਣ ਤੇਰੀ ਰੰਝੇਟਿਆ ਗੱਲ ਕੀਕੂੰ, ਤੂੰ ਭੀ ਰਾਤ ਦਿਹੁੰ ਮਹੀਂ ਚਰਾਈਆਂ ਨੇ। |
| ਲਖਵਿੰਦਰ ਕੌਰ: | ਕੁੜੀਆਂ ਪਿੰਡ ਦੀਆਂ ਬੈਠ ਕੇ ਮਤਾ ਕੀਤਾ, ਲੈਣੀ ਅੱਜ ਕੰਧਾਰ ਪੰਜਾਬੀਆਂ ਜੀ। |


## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।



Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



Punjabi Parwaz
ਪੰਜਾਬੀ ਪਰਵਾਜ਼ ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਬੱਬੂ (ਐਪਲਟਨ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਸੰਨੀ ਧੂੜ (ਮਿਸ਼ੀਗਨ)
ਮਨਮਿੰਦਰ ਸਿੰਘ ਹੀਰ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਮੀਕ ਸਿੰਘ ਗਿਰਨ
ਜਿਗਰਦੀਪ ਸਿੰਘ ਢਿੱਲੋਂ

# ਅਕਾਲੀ ਦਲ ਦੇ ਪੁਨਰ-ਉਥਾਨ ਲਈ ਵਿਚਾਰਾਂ ਦਾ ਸਿਲਸਲਾ ਸ਼ੁਰੂ

**ਜੇ. ਐਸ. ਮਾਂਗਟ**

## ਨਵੇਂ ਪੰਥਕ ਉਮੀਦਵਾਰ ਭਾਜਪਾ ਅਤੇ ਰਵਾਇਤੀ ਅਕਾਲੀ ਦਲ ਲਈ ਬਣ ਸਕਦੇ ਹਨ ਚੁਣੌਤੀ?



ਹਾਲ ਹੀ ਵਿੱਚ ਲੰਘੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਦੇ ਨਿਰਾਸ਼ਾਜਨਕ ਪ੍ਰਦਰਸ਼ਨ ਨੂੰ ਲੈ ਕੇ 13 ਜੂਨ ਨੂੰ ਚੰਡੀਗੜ੍ਹ ਵਿੱਚ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਸੱਦੀ ਗਈ। ਮੀਟਿੰਗ ਵਿੱਚ ਅਕਾਲੀ ਦਲ ਦੇ ਹਾਲ ਹੀ ਵਿੱਚ ਬਣਾਏ ਗਏ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਸ਼ਾਮਲ ਨਹੀਂ ਹੋਏ। ਉਨ੍ਹਾਂ ਤੋਂ ਇਲਾਵਾ ਪਰਮਿੰਦਰ ਸਿੰਘ ਢੀਂਡਸਾ, ਸਿਕੰਦਰ ਸਿੰਘ ਮਲੂਕਾ, ਬਿਕਰਮ ਸਿੰਘ ਮਜੀਠੀਆ, ਮਨਪ੍ਰੀਤ ਸਿੰਘ ਇਆਲੀ ਅਤੇ ਪਰਮਜੀਤ ਸਿੰਘ ਸਰਨਾ ਵੀ ਇਸ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ। ਉਂਝ ਮਨਪ੍ਰੀਤ ਸਿੰਘ ਇਆਲੀ ਨੇ ਇਸ ਮੀਟਿੰਗ ਤੋਂ ਪਹਿਲਾਂ ਧੂੰਦਾ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਪਾਰਟੀ ਲੀਡਰਸ਼ਿੱਪ ਬਦਲਣ ਦੀ ਮੰਗ ਰੱਖ ਦਿੱਤੀ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਆਗੂ ਚਰਨਜੀਤ ਸਿੰਘ ਬਰਾੜ ਨੇ ਇੱਕ ਪੱਤਰ ਲਿਖ ਕੇ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿੱਪ 'ਤੇ ਸੁਆਲ ਚੁੱਕੇ। ਉਨ੍ਹਾਂ ਆਪਣੇ ਇਸ ਪੱਤਰ ਵਿੱਚ ਲਿਖਿਆ ਕਿ ਪਾਰਟੀ ਨੂੰ ਸਮੂਹਿਕ ਅਗਵਾਈ ਦੇਣ ਲਈ ਬਲਵਿੰਦਰ ਸਿੰਘ ਭੂੰਦੜ ਦੀ ਅਗਾਵਾਈ ਵਿੱਚ ਇੱਕ ਪੰਚ ਪ੍ਰਧਾਨੀ ਕਮੇਟੀ ਬਣਾ ਦਿੱਤੀ ਜਾਣੀ ਚਾਹੀਦੀ ਹੈ। ਇਸ ਕਮੇਟੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਹਰਸਿਮਰਤ ਕੌਰ ਬਾਦਲ, ਪ੍ਰੇਮ ਸਿੰਘ ਚੰਦੂਮਾਜਰਾ, ਗੁਲਜ਼ਾਰ ਸਿੰਘ ਰਣੀਕੇ, ਹੀਰਾ ਸਿੰਘ ਗਾਬੜੀਆ ਅਤੇ ਐਨ.ਕੇ. ਸ਼ਰਮਾ ਨੂੰ ਮੈਂਬਰ ਵਜ਼ੋਂ ਸ਼ਾਮਲ ਕੀਤਾ ਜਾਵੇ। ਇਸ ਤੋਂ ਇਲਾਵਾ ਇਸ ਚਿੱਠੀ ਵਿੱਚ ਬੀਤੇ ਵਿੱਚ ਹੋਈਆਂ ਗਲਤੀਆਂ ਲਈ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਮੁੱਚੀ ਸਿੱਖ ਸੰਗਤ ਤੋਂ ਭੁੱਲ ਬਖਸ਼ਾਉਣ ਦੀ ਵੀ ਗੱਲ ਕੀਤੀ ਗਈ ਹੈ।


ਕੋਰ ਕਮੇਟੀ ਵਿੱਚ ਪਾਰਟੀ ਪ੍ਰਧਾਨ ਨੇ ਇਹ ਸਹਿਮਤੀ ਬਣਾਉਣ ਦਾ ਯਤਨ ਵੀ ਕੀਤਾ ਕਿ ਪਾਰਟੀ ਅਤੇ ਪਾਰਟੀ ਆਗੂਆਂ ਦੀਆਂ ਜੋ ਵੀ ਘਾਟਾਂ-ਕਮੀਆਂ ਹਨ, ਉਨ੍ਹਾਂ ਨੂੰ ਪਾਰਟੀ ਫੋਰਮ ਵਿੱਚ ਹੀ ਰੱਖਿਆ ਜਾਵੇ, ਪ੍ਰੈਸ ਜਾ ਹੋਰ ਮੀਡੀਏ ਵਿੱਚ ਚਰਚਾ ਦਾ ਵਿਸ਼ਾ ਨਾ ਬਣਾਇਆ ਜਾਵੇ। ਇਹ ਪੱਖ ਵੀ ਉਭਰ ਕੇ ਸਾਹਮਣੇ ਆਇਆ ਕਿ ਕਿਸੇ ਆਗੂ ਨੂੰ ਪਾਰਟੀ ਵਿੱਚੋਂ ਕੱਢਣ ਦਾ ਕੋਈ ਢੰਗ (ਪਰੋਸੀਜ਼ਰ) ਤਰੀਕਾ ਹੋਣਾ ਚਾਹੀਦਾ ਹੈ। ਇਸ ਮਕਸਦ ਲਈ ਪਹਿਲੀ ਕਮੇਟੀ ਭੰਗ ਕਰਕੇ ਨਵੀਂ ਕੋਰ ਕਮੇਟੀ ਕਾਇਮ ਕਰਨ ਦਾ ਵੀ ਫੈਸਲਾ ਕੀਤਾ ਗਿਆ। ਇਸ ਮੀਟਿੰਗ ਦੌਰਾਨ ਕੰਗਣਾ ਰਣੌਤ ਦੀ ਸਿੱਖਾਂ ਬਾਰੇ ਬੋਲਬਾਣੀ ਅਤੇ ਹਰਿਆਣਾ ਵਿੱਚ ਇੱਕ ਨੌਜੁਆਨ ਨੂੰ ਖਾਲਿਸਤਾਨੀ ਆਖ ਕੇ ਮਾਰਕੁੱਟ ਕਰਨ ਦੀ ਨਖੇਧੀ ਕੀਤੀ ਗਈ। ਇਸ ਤੋਂ ਇਲਾਵਾ ਕੋਰ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਾਰਟੀ ਦੀ ਸਮੁੱਚੀ ਭਵਿੱਖਾਰਥੀ ਨੀਤੀ ਤਿਆਰ ਕਰਨ ਲਈ ਪਾਰਟੀ ਆਗੂਆਂ ਤੋਂ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਸੁਝਾਅ ਹਾਸਲ ਕਰਨਗੇ।

ਕੋਰ ਕਮੇਟੀ ਦੀ ਮੀਟਿੰਗ ਵਿੱਚ ਗੁਰਪ੍ਰਤਾਪ ਸਿੰਘ ਵਡਾਲਾ ਨੇ ਭਾਵੇਂ ਧੀਮੀ ਸੁਰ ਵਿੱਚ ਹੀ ਸਹੀ, ਸਮੁੱਚੀ ਲੀਡਰਸ਼ਿੱਪ ਵਿੱਚ ਤਬਦਲੀ ਦੀ ਮੰਗ ਰੱਖੀ। ਉਂਝ ਇਸ ਮੀਟਿੰਗ ਵਿੱਚ ਸੁਖਬੀਰ ਸਿੰਘ ਬਾਦਲ ਨੇ ਤਾਂ ਆਪਣੀ ਗੱਲ ਖੁੱਲ੍ਹ ਕੇ ਕਹੀ, ਪਰ ਬਾਕੀ ਲੀਡਰਸ਼ਿਪ ਨੇ ਮੂੰਹ ਫੱਟ ਹੋ ਕੇ ਕੁਝ ਨਹੀਂ ਕਿਹਾ। ਕੁਝ ਨੇ ਚੋਣਾਂ ਵਿੱਚ ਹਾਰ ਲਈ ਬੀ.ਜੇ.ਪੀ. ਨਾਲ ਗੱਠਜੋੜ ਨਾ ਹੋ ਸਕਣ ਨੂੰ ਜ਼ਿੰਮੇਵਾਰ ਠਹਿਰਾਇਆ। ਡਾ. ਦਲਜੀਤ ਸਿੰਘ ਚੀਮਾ ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਜਿਹੇ ਆਗੂਆਂ ਵਿੱਚੋਂ ਪ੍ਰਮੁੱਖ ਹਨ, ਜਿਨ੍ਹਾਂ ਨੂੰ ਭਾਜਪਾ ਨਾਲ ਗੱਠਜੋੜ ਨਾ ਹੋ ਸਕਣ ਦਾ ਦਰੇਗ ਹੈ; ਜਦਕਿ ਪਾਰਟੀ ਪ੍ਰਧਾਨ ਅਨੁਸਾਰ ਭਾਜਪਾ ਉਨ੍ਹਾਂ 'ਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਅਤੇ ਕਿਸਾਨਾਂ ਤੋਂ ਦੂਰੀ ਬਣਾਉਣ ਦੀ ਸ਼ਰਤ ਰੱਖ ਰਹੀ ਸੀ। ਇਸ ਤੋਂ ਇਲਾਵਾ ਪਾਰਟੀ ਲੀਡਰਸ਼ਿੱਪ ਨੇ ਪਾਰਟੀ ਦੀ ਹੋਈ ਹਾਰ ਦਾ ਕਾਰਨ ਅਕਾਲੀ ਦਲ ਖਿਲਾਫ ਚੋਣਾਂ ਜਿੱਤਣ ਤੋਂ ਬਾਅਦ ਭਾਜਪਾ ਨਾਲ ਗੱਠਜੋੜ ਵਿੱਚ ਚਲੇ ਜਾਣ ਦੇ ਪ੍ਰਾਪੇਗੰਡੇ ਨੂੰ ਵੀ ਦੱਸਿਆ ਗਿਆ। ਪਾਰਟੀ ਦੇ ਕੋਰ ਕਮੇਟੀ ਮੈਂਬਰਾਂ ਅਨੁਸਾਰ ਦੇਸ਼ ਵਿੱਚ ਮੋਦੀ ਦੇ ਪੱਖ ਵਿੱਚ ਅਤੇ ਵਿਰੋਧ ਵਿੱਚ ਲਹਿਰ ਚੱਲ ਰਹੀ ਸੀ। ਇਸ ਲਈ ਵੋਟਾਂ ਜਾਂ ਤਾਂ ਮੋਦੀ ਨੂੰ ਪਈਆਂ ਜਾਂ ਵਿਰੋਧੀ ਗੱਠਜੋੜ ਨੂੰ। ਇਸ ਨਾਲ ਅਕਾਲੀ ਵੋਟ ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲ ਖਿਸਕ ਗਈ।

ਸਵਾਲ ਉੱਠਦਾ ਹੈ ਕਿ ਜਦੋਂ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਗੱਠਜੋੜ ਦੀ ਗੱਲ ਟੁੱਟ ਹੀ ਗਈ ਸੀ ਤਾਂ ਅਕਾਲੀ ਲੀਡਰਸ਼ਿਪ ਨੇ ਭਾਜਪਾ ਵਿਰੁੱਧ ਬੰਦੀ ਸਿੰਘਾਂ ਅਤੇ ਕਿਸਾਨਾਂ ਦਾ ਮੁੱਦਾ ਕਿਉਂ ਨਾ ਚੁੱਕਿਆ? ਪਾਰਟੀ ਨੂੰ ਇਹ ਪੱਖ ਲੋਕਾਂ ਵਿੱਚ ਲੈ ਕੇ ਜਾਣਾ ਚਾਹੀਦਾ ਸੀ ਕਿ ਉਨ੍ਹਾਂ ਦੀ ਗੱਲਬਾਤ ਭਾਜਪਾ ਵੱਲੋਂ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਤੋਂ ਇਨਕਾਰ ਕਰਨ ਅਤੇ ਕਿਸਾਨ ਸੰਘਰਸ਼ ਨਾਲੋਂ ਨਾਤਾ ਤੋੜਨ ਦੇ ਮੁੱਦੇ 'ਤੇ ਹੋਈ ਹੈ। ਇਸ ਨਾਲ ਪਾਰਟੀ ਨੂੰ ਵੱਡਾ ਫਾਇਦਾ ਮਿਲ ਸਕਦਾ ਸੀ। ਅਸਲ ਹਕੀਕਤ ਇਹ ਹੈ ਕਿ ਚੋਣ ਮੁਹਿੰਮ ਦੌਰਾਨ ਵੀ ਅਕਾਲੀ ਦਲ ਦੀ ਲੀਡਰਸ਼ਿੱਪ ਭਾਰਤੀ ਜਨਤਾ ਪਾਰਟੀ ਨਾਲ ਸਮਝੌਤੇ ਦੀ ਆਸ ਰੱਖ ਰਹੀ ਸੀ। ਇਸ ਲਈ ਚੋਣ ਕੰਪੇਨ ਵਿੱਚ ਵੀ ਅਕਾਲੀ ਲੀਡਰਾਂ ਨੇ ਭਾਜਪਾ ਦੇ ਖਿਲਾਫ ਕੋਈ ਜ਼ੋਰਦਾਰ ਹੱਲਾ ਬੋਲਣ ਦੀ ਕੋਸ਼ਿਸ਼ ਨਹੀਂ ਕੀਤੀ। ਹਾਲਾਂ ਕਿ ਅਕਾਲੀ ਦਲ ਦਾ ਮੁੱਖ ਆਧਾਰ ਕਿਸਾਨੀ ਥਾਂ-ਥਾਂ ਭਾਜਪਾ ਦਾ ਵਿਰੋਧ ਕਰ ਰਹੀ ਸੀ। ਭਾਜਪਾ ਵਿਰੋਧ ਵਿੱਚੋਂ ਸਿਆਸੀ ਖੱਟੀ ਕਰਨ ਦੇ ਇੰਨੇ ਸੁਜਾਗਰ ਹਾਲਾਤ ਦੇ ਬਾਵਜੂਦ ਅਕਾਲੀਆਂ ਦਾ ਵੋਟ ਫੀਸਦੀ ਭਾਜਪਾ ਦੇ ਵੋਟ ਫੀਸਦੀ ਨਾਲੋਂ ਘੱਟ ਰਿਹਾ। ਅਕਾਲੀਆਂ ਨੂੰ ਇਨ੍ਹਾਂ ਚੋਣਾਂ ਵਿੱਚ 13.42 ਫੀਸਦੀ ਵੋਟਾਂ ਮਿਲੀਆਂ, ਜਦਕਿ ਭਾਜਪਾ ਨੂੰ 18 ਫੀਸਦੀ ਤੋਂ ਵੱਧ ਵੋਟਾਂ ਹਾਸਲ ਹੋਈਆਂ ਹਨ। ਅਕਾਲੀ ਦਲ ਦੀ ਇਹ ਫੀਸਦੀ ਪੰਜਾਬ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਨਾਲੋਂ ਵੀ ਘੱਟ ਹੈ। ਉਦੋਂ ਪਾਰਟੀ ਨੂੰ 18 ਫੀਸਦੀ ਵੋਟਾਂ ਮਿਲੀਆਂ ਸਨ। ਪਿਛਲੀਆਂ ਲੋਕ ਸਭਾ ਚੋਣਾਂ (2019) ਵਿੱਚ 26 ਫੀਸਦੀ ਵੋਟ ਮਿਲੇ ਸਨ। ਇਸ ਤਰ੍ਹਾਂ ਵੱਖ-ਵੱਖ ਚੋਣਾਂ ਵਿੱਚ ਅਕਾਲੀ ਦਲ ਦਾ ਵੋਟ ਫੀਸਦੀ ਲਗਾਤਾਰ ਘਟਦਾ ਗਿਆ। ਹੋਰ ਵੀ ਵਧੇਰੇ ਚਿੰਤਾ ਵਾਲੀ ਗੱਲ ਇਹ ਹੈ ਕਿ ਟੁੱਟ ਰਿਹਾ ਇਹ ਵੋਟ ਅਕਾਲੀ ਦਲ ਦਾ ਕੋਰ ਵੋਟ ਹੈ। ਆਉਣ ਵਾਲੇ ਸਮੇਂ ਵਿੱਚ ਅਕਾਲੀ-ਭਾਜਪਾ ਗਠਜੋੜ ਵਿੱਚ ਹੁਣ ਤਾਕਤਾਂ ਦਾ ਸਮਤੋਲ ਉਲਟ ਜਾਵੇਗਾ। ਹੁਣ ਜਦੋਂ ਵੀ ਪੰਜਾਬ ਵਿੱਚ ਅਕਾਲੀ-ਭਾਜਪਾ ਘੱਠਜੋੜ ਦੀ ਗੱਲ ਚੱਲੇਗੀ ਤਾਂ ਭਾਜਪਾ ਆਪਣੇ ਆਪ ਨੂੰ ਪ੍ਰਮੁੱਖ ਧਿਰ ਵਜੋਂ ਪੇਸ਼ ਕਰੇਗੀ, ਜਦਕਿ ਅਕਾਲੀ ਦਲ ਦੀ ਪੁਜੀਸ਼ਨ ਦੋਇਮ ਦਰਜੇ ਦੀ ਹੋਏਗੀ। ਭਾਵੇਂ ਪੰਜਾਬੀ ਹਿੰਦੂਆਂ ਦੀਆਂ ਵੋਟਾਂ ਹਾਸਲ ਕਰਨ ਲਈ ਅਮਿੱਤ ਸ਼ਾਹ ਚੋਣ ਮੁਹਿੰਮ ਦੌਰਾਨ ਇਹ ਆਖ ਗਏ ਸਨ ਕਿ ਕਿਸੇ ਵੀ ਬੰਦੀ ਸਿੰਘ ਨੂੰ ਰਿਹਾਅ ਨਹੀਂ ਕੀਤਾ ਜਾਵੇਗਾ, ਪਰ ਲਟਕਵੀ ਲੋਕ ਸਭਾ ਹੋਂਦ ਵਿੱਚ ਆਉਂਦਿਆਂ ਹੀ ਭਾਜਪਾ ਨੇ ਆਪਣੇ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਤੋਰ ਦਿੱਤੀ।

ਅੰਗਰੇਜ਼ੀ ਅਖਬਾਰ 'ਹਿੰਦੋਸਤਾਨ ਟਾਈਮਜ਼' ਵਿੱਚ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੀ ਛਪੀ ਇੱਕ ਇੰਟਰਵਿਊ ਵਿੱਚ ਉਸ ਨੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਾਤਲਾਂ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਦਾ ਵਿਰੋਧ ਨਾ ਕਰਨ ਦੀ ਗੱਲ ਕੀਤੀ ਹੈ। ਇਸ ਤੋਂ ਇਹ ਸੰਕੇਤ ਸਪਸ਼ਟ ਹੁੰਦੇ ਹਨ ਕਿ ਬੰਦੀ ਸਿੰਘ ਦੀ ਰਿਹਾਈ ਦਾ ਕਰੈਡਿਟ ਭਾਰਤੀ ਜਨਤਾ ਪਾਰਟੀ ਆਪ ਲੈਣਾ ਚਾਹੁੰਦੀ ਹੈ ਤਾਂ ਕਿ ਪੰਜਾਬ ਦੇ ਸਿੱਖ ਹਲਕਿਆਂ ਵਿੱਚ ਪਾਰਟੀ ਆਪਣੀ ਪਹੁੰਚ ਵਧਾ ਸਕੇ। ਰਵਨੀਤ ਬਿੱਟੂ ਨੂੰ ਕੇਂਦਰ ਵਿੱਚ ਮੰਤਰੀ ਬਣਾਏ ਜਾਣ ਤੋਂ ਬਾਅਦ ਕਈ ਸਿੱਖ ਬੁੱਧੀਜੀਵੀਆਂ ਨੇ ਕੇਂਦਰ ਦੇ ਪੰਜਾਬ ਨਾਲ ਟਕਰਾ ਦੇ ਸੰਕੇਤ ਵੇਖੇ ਹਨ, ਪਰ ਆਪਣੇ ਸਰਬ ਭਾਰਤੀ ਫੈਲਾਅ ਦੀਆਂ ਲੋੜਾਂ ਅਤੇ ਲੋਕਾਂ ਵੱਲੋਂ ਦਿੱਤੇ ਗਏ ਲੰਗੜੀ ਕਿਸਮ ਦੇ ਚੋਣ ਫਤਵੇ ਨਾਲ ਭਾਜਪਾ ਦਾ ਪਹਿਲਾਂ ਨਾਲੋਂ ਰਵਈਆ ਨਰਮ ਪੈਂਦਾ ਵਿਖਾਈ ਦੇ ਰਿਹਾ ਹੈ। ਉਂਜ ਇਕੱਲੇ ਤੌਰ 'ਤੇ 18 ਫੀਸਦੀ ਵੋਟ ਹਾਸਲ ਕਰ ਜਾਣ ਕਾਰਨ ਭਾਜਪਾ ਪੰਜਾਬ ਵਿੱਚ ਅਕਾਲੀਆਂ ਨੂੰ ਪੈਰੋਂ ਕੱਢਣ ਦਾ ਪੂਰਾ ਯਤਨ ਕਰੇਗੀ। ਅਕਾਲੀਆਂ ਲਈ ਦੂਜੀ ਚੁਣੌਤੀ ਆਜ਼ਾਦ ਪੰਥਕ ਉਮੀਦਵਾਰ ਬਣ ਸਕਦੇ ਹਨ, ਜਿਨ੍ਹਾਂ ਨੇ ਫਰੀਦਕੋਟ ਅਤੇ ਖਡੂਰ ਸਾਹਿਬ ਤੋਂ ਵੱਡੀਆਂ ਜਿੱਤਾਂ ਹਾਸਲ ਕੀਤੀਆਂ ਹਨ। ਇਹ ਜਿੱਤਾਂ ਰਵਾਇਤੀ ਅਕਾਲੀ ਦਲ ਲਈ ਸ਼ੀਸ਼ਾ ਵੀ ਹਨ ਕਿ ਜੇ ਪਹੁੰਚ ਦਰੁਸਤ ਹੋਵੇ ਤਾਂ ਆਪਣੇ ਤੌਰ 'ਤੇ ਵੀ ਜਿੱਤਣਾ ਔਖਾ ਨਹੀਂ; ਪਰ ਪੰਥਕ ਉਮੀਦਵਾਰਾਂ ਦੀ ਚੁਣੌਤੀ ਤਦ ਹੀ ਉਭਰ ਸਕੇਗੀ, ਜੇ ਉਹ ਤੇਜ਼ੀ ਨਾਲ ਕੋਈ ਨਵੀਂ ਰਾਜਨੀਤਿਕ ਪਾਰਟੀ ਖੜ੍ਹੀ ਕਰਨ ਦਾ ਯਤਨ ਕਰਨਗੇ। ਨਹੀਂ ਤਾਂ ਉਨ੍ਹਾਂ ਦਾ ਹਾਲ ਵੀ 1989 ਵਿੱਚ ਹੋਈਆਂ ਅਕਾਲੀ ਦਲ ਮਾਨ ਦੀਆਂ ਵੱਡੀਆਂ ਜਿੱਤਾਂ ਵਾਲਾ ਹੀ ਹੋਵੇਗਾ।


DIABETIC LIMB SALVAGE AND MAJOR AMPUTATION PREVENTION
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

He has over 30 years of surgical experience
HINDI, PUNJABI, ENGLISH AND SPANISH

Bunions, sports medicine, Pediatric foot deformity, ingrown toenails, warts and Diabetic Limb Salvage

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

847-310-1600

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169



Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

# ਵਿਸ਼ਵ ਚੋਣ ਮੇਲੇ ਦਾ ਪ੍ਰਸੰਗ

ਪੁਸ਼ਪਰੰਜਨ (ਸੀਨੀਅਰ ਪੱਤਰਕਾਰ)

ਦੁਨੀਆ ਦੀ ਅੱਧੀ ਆਬਾਦੀ, ਲਗਭਗ 4 ਬਿਲੀਅਨ ਲੋਕਾਂ ਦੀ ਨੁਮਾਇੰਦਗੀ ਕਰਨ ਵਾਲੇ 60 ਤੋਂ ਵੱਧ ਦੇਸ਼ਾਂ ਵਿੱਚ 2024 ਵਿੱਚ ਰਾਸ਼ਟਰਪਤੀ, ਸੰਸਦੀ ਅਤੇ ਸਥਾਨਕ ਚੋਣਾਂ ਵਿੱਚ ਹਿੱਸਾ ਲੈ ਰਹੀ ਹੈ। ਭਾਰਤ ਤੋਂ ਬਾਅਦ ਹੁਣ 27 ਦੇਸ਼ਾਂ ਦੇ ਯੂਰਪੀ ਸੰਘ 'ਚ ਵੋਟਿੰਗ ਸ਼ੁਰੂ ਹੋ ਗਈ ਹੈ। ਪਹਿਲਾਂ ਸਾਡੇ ਵੋਟਰ ਯੂਰਪ ਦੀ ਚੋਣ ਪ੍ਰਕਿਰਿਆ ਨੂੰ ਦੇਖਦੇ ਸਨ, ਇਸ ਵਾਰ ਭਾਰਤ ਯੂਰਪੀਅਨ ਵੋਟਰਾਂ ਲਈ ਮਿਸਾਲ ਬਣ ਗਿਆ ਹੈ। ਮੈਕਸੀਕੋ ਤੋਂ ਲੈ ਕੇ ਭਾਰਤ ਤੱਕ, ਰੂਸ ਤੋਂ ਲੈ ਕੇ ਦੱਖਣੀ ਅਫਰੀਕਾ ਤੱਕ, ਵੈਨੇਜ਼ੁਏਲਾ ਤੋਂ ਸੁਡਾਨ ਤੱਕ- ਅੱਧੇ ਤੋਂ ਵੱਧ ਦੇਸ਼ਾਂ ਵਿੱਚ ਚੋਣਾਂ ਹੋਈਆਂ ਹਨ। ਦੁਨੀਆ ਦੇ 10 ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ਾਂ ਵਿੱਚੋਂ ਬੰਗਲਾਦੇਸ਼, ਭਾਰਤ, ਇੰਡੋਨੇਸ਼ੀਆ, ਮੈਕਸੀਕੋ, ਪਾਕਿਸਤਾਨ ਅਤੇ ਰੂਸ ਵਿੱਚ ਚੋਣਾਂ ਹੋਈਆਂ ਹਨ। ਵੱਡੀ ਆਬਾਦੀ ਵਾਲੇ ਬ੍ਰਾਜ਼ੀਲ ਦੀਆਂ 5,568 ਨਗਰ ਪਾਲਿਕਾਵਾਂ ਲਈ 27 ਅਕਤੂਬਰ 2024 ਨੂੰ ਵੋਟਿੰਗ ਹੋਵੇਗੀ, ਜੋ ਦੋ ਸਾਲ ਬਾਅਦ ਹੋਣ ਵਾਲੀਆਂ ਆਮ ਚੋਣਾਂ ਵਿੱਚ ਵੋਟਰਾਂ ਦੀ ਦਿਸ਼ਾ ਤੈਅ ਕਰੇਗੀ।

ਦੂਜੇ ਪਾਸੇ ਅਮਰੀਕਾ 5 ਨਵੰਬਰ 2024 ਨੂੰ ਰਾਸ਼ਟਰਪਤੀ ਚੋਣਾਂ ਕਰਵਾਉਣ ਲਈ ਤਿਆਰ ਹੈ। ਭਾਰਤ ਦੀਆਂ ਸੱਤ ਪੜਾਵਾਂ ਵਾਲੀਆਂ ਸੰਸਦੀ ਚੋਣਾਂ ਨੂੰ ਦੁਨੀਆ ਦੀ ਸਭ ਤੋਂ ਵੱਡੀ ਵੋਟਿੰਗ ਪ੍ਰਕਿਰਿਆ ਵਜੋਂ ਦੇਖਿਆ ਗਿਆ। ਇਸ ਦੇ ਉਲਟ ਇੰਡੋਨੇਸ਼ੀਆ ਵਿੱਚ 14 ਫਰਵਰੀ 2024 ਨੂੰ 20 ਕਰੋੜ ਲੋਕਾਂ ਨੇ ਇੱਕ ਦਿਨ ਵਿੱਚ ਅੱਠ ਲੱਖ ਪੋਲਿੰਗ ਸਟੇਸ਼ਨਾਂ 'ਤੇ ਵੋਟ ਪਾਈ। ਇੰਡੋਨੇਸ਼ੀਆ ਦੇ ਸੰਵਿਧਾਨ ਮੁਤਾਬਕ ਜੋਕੋ ਵਿਡੋਡੋ ਤੀਜੀ ਵਾਰ ਰਾਸ਼ਟਰਪਤੀ ਅਹੁਦੇ ਲਈ ਚੋਣ ਨਹੀਂ ਲੜ ਸਕਦੇ ਸਨ, ਇਸ ਲਈ ਜਨਰਲ ਪ੍ਰਾਓ ਸੁਵਿਆਂਤੋ ਨੂੰ ਚੁਣਿਆ ਗਿਆ। ਉਹ ਫੌਜੀ ਪਿਛੋਕੜ ਵਾਲੇ ਇੰਡੋਨੇਸ਼ੀਆ ਦੇ ਤੀਜੇ ਰਾਸ਼ਟਰਪਤੀ ਹਨ।




8 ਮਈ 2024 ਨੂੰ ਸਿਰਫ 21 ਲੱਖ ਦੀ ਆਬਾਦੀ ਵਾਲੇ ਇੱਕ ਛੋਟੇ ਬਾਲਕਨ ਦੇਸ਼ ਉੱਤਰੀ ਮੈਸੇਡੋਨੀਆ ਵਿੱਚ ਵੀ ਸੰਸਦੀ ਚੋਣਾਂ ਹੋਈਆਂ ਸਨ। ਯੂਰਪੀਅਨ ਸੰਘ ਵਿੱਚ ਏਕੀਕਰਨ ਦੀ ਹੌਲੀ ਰਫ਼ਤਾਰ ਅਤੇ ਭ੍ਰਿਸ਼ਟਾਚਾਰ ਮੁੱਖ ਮੁੱਦੇ ਸਨ। ਭਾਰਤ ਦੇ ਉਲਟ, ਵੋਟਰਾਂ ਨੇ ਉੱਤਰੀ ਮੈਸੇਡੋਨੀਆ ਵਿੱਚ ਬਹੁਮਤ ਵਾਲੀ ਸਰਕਾਰ ਨੂੰ ਲਾਜ਼ਮੀ ਨਹੀਂ ਕੀਤਾ ਹੈ। ਰਾਸ਼ਟਰਵਾਦੀ ਵੀ.ਐਮ.ਆਰ.ਓ-ਡੀ.ਪੀ.ਐਮ.ਐਨ.ਈ. ਪਾਰਟੀ ਦੀ ਅਗਵਾਈ ਵਾਲੇ ਸੱਜੇ-ਪੱਖੀ ਵਿਰੋਧੀ ਗੱਠਜੋੜ ਨੇ 58 ਸੀਟਾਂ ਹਾਸਲ ਕਰਕੇ ਚੋਣ ਜਿੱਤੀ, ਪਰ ਪੂਰਨ ਬਹੁਮਤ ਤੋਂ ਤਿੰਨ ਘੱਟ।

**ਤੁਰਕੀ ਦੀ ਔਰਤਾਂ ਦੀ ਰਾਜਨੀਤੀ:** ਇੱਕ ਕਹਾਵਤ ਹੈ, 'ਮਾਸੀ ਨੂੰ ਮੁੱਛਾਂ ਲਾਉਣ ਨਾਲ ਉਹ ਚਾਚਾ ਨਹੀਂ ਬਣ ਜਾਂਦਾ।' ਤੁਰਕੀ ਵਿੱਚ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਅਜਿਹਾ ਹੀ ਅਭਿਆਸ ਕਰ ਰਹੇ ਹਨ। ਔਰਤਾਂ ਨੂੰ 1930 (ਰਾਸ਼ਟਰਵਿਆਪੀ 1934) ਵਿੱਚ ਤੁਰਕੀ ਵਿੱਚ ਪੂਰੀ ਰਾਜਨੀਤਿਕ ਭਾਗੀਦਾਰੀ ਦਾ ਅਧਿਕਾਰ ਪ੍ਰਾਪਤ ਹੋਇਆ, ਜਿਸ ਵਿੱਚ ਵੋਟ ਪਾਉਣ ਅਤੇ ਸਥਾਨਕ ਪੱਧਰ 'ਤੇ ਅਹੁਦੇ ਲਈ ਚੋਣ ਲੜਨ ਦਾ ਅਧਿਕਾਰ ਸ਼ਾਮਲ ਹੈ।

ਨੌਂ ਦਹਾਕਿਆਂ ਬਾਅਦ ਵੀ ਕੋਈ ਵੱਡੀ ਤਬਦੀਲੀ ਨਜ਼ਰ ਨਹੀਂ ਆਈ। ਪਿਛਲੇ ਸਾਲ ਮਈ 'ਚ ਹੋਈਆਂ ਰਾਸ਼ਟਰਪਤੀ ਚੋਣਾਂ ਦੇ ਨਾਲ-ਨਾਲ ਹੋਈਆਂ ਸੰਸਦੀ ਚੋਣਾਂ 'ਚ ਔਰਤ ਸੰਸਦ ਮੈਂਬਰਾਂ ਦੀ ਗਿਣਤੀ 'ਚ ਕਾਫੀ ਵਾਧਾ ਹੋਇਆ ਹੈ, ਪਰ ਇਹ ਘੱਟ ਹੀ ਹੈ। 600 ਮੈਂਬਰੀ ਪਾਰਲੀਮੈਂਟ ਵਿੱਚ ਸਿਰਫ਼ 121 ਸੰਸਦ ਮੈਂਬਰ ਔਰਤਾਂ ਹਨ, ਜਿਨ੍ਹਾਂ ਵਿੱਚੋਂ 50 ਸੱਤਾਧਾਰੀ ਏ.ਕੇ.ਪੀ. ਅਤੇ ਚਾਰ ਇਸ ਦੇ ਕੌਮੀ ਸਹਿਯੋਗੀ ਐਮ.ਐਚ.ਪੀ. ਵਿੱਚੋਂ ਹਨ। ਅਨੁਪਾਤਕ ਤੌਰ 'ਤੇ ਗ੍ਰੀਨ ਲੈਫਟ ਪਾਰਟੀ ਕੋਲ 58 ਵਿੱਚੋਂ 30 ਔਰਤ ਵਿਧਾਇਕਾਂ ਦੇ ਨਾਲ ਕਿਸੇ ਵੀ ਪਾਰਟੀ ਦੀ ਸਭ ਤੋਂ ਵੱਧ ਔਰਤ ਪ੍ਰਤੀਨਿਧਤਾ ਹੈ। ਨਵੀਂ ਸੰਸਦ ਵਿੱਚ ਸੀ.ਐਚ.ਪੀ., ਗੁੱਡ ਪਾਰਟੀ ਅਤੇ ਟੀ.ਆਈ.ਪੀ. ਦੀਆਂ ਕ੍ਰਮਵਾਰ 30, ਛੇ ਅਤੇ ਇੱਕ ਔਰਤ ਸੰਸਦ ਮੈਂਬਰ ਹਨ। 2024 ਦੀਆਂ ਸਥਾਨਕ ਚੋਣਾਂ ਵਿੱਚ 11 ਔਰਤ ਮੇਅਰਾਂ ਵਿੱਚੋਂ 10 ਵਿਰੋਧੀ ਪਾਰਟੀਆਂ ਦੀਆਂ ਸਨ, ਜਿਨ੍ਹਾਂ ਨੂੰ ਔਸਤਨ 53 ਫੀਸਦੀ ਵੋਟ ਮਿਲੇ ਸਨ। ਔਰਤਾਂ ਨੇ ਤੁਰਕੀ ਵਿੱਚ 922 ਵਿੱਚੋਂ 64 ਜ਼ਿਲ੍ਹਿਆਂ ਵਿੱਚ ਜਿੱਤ ਪ੍ਰਾਪਤ ਕੀਤੀ, ਜਿਸ ਵਿੱਚ ਇਸਤਾਂਬੁਲ, ਅੰਕਾਰਾ, ਇਜ਼ਮੀਰ, ਅਡਾਨਾ ਅਤੇ ਅੰਤਾਲੀਆ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੀ.ਐਚ.ਪੀ. ਦੀਆਂ ਸਨ।

ਹਾਲਾਂਕਿ ਰਾਜਨੀਤੀ ਵਿੱਚ ਔਰਤਾਂ ਦੀ ਭਾਗੀਦਾਰੀ ਦੇ 90 ਸਾਲਾਂ ਬਾਅਦ ਵੀ ਤੁਰਕੀ ਦੀ ਰਾਜਨੀਤੀ ਵਿੱਚ ਅਜੇ ਵੀ ਮਰਦਾਂ ਦਾ ਦਬਦਬਾ ਹੈ। ਰਾਸ਼ਟਰੀ ਰਾਜਨੀਤੀ ਵਿੱਚ ਔਰਤਾਂ ਦੀ ਘੱਟ ਪ੍ਰਤੀਨਿਧਤਾ ਤੁਰਕੀ ਲਈ ਕੋਈ ਵਿਲੱਖਣ ਸਥਿਤੀ ਨਹੀਂ ਹੈ, ਕਿਉਂਕਿ ਵਿਸ਼ਵ ਪੱਧਰ 'ਤੇ ਅਜਿਹੀਆਂ ਚੁਣੌਤੀਆਂ ਬਰਕਰਾਰ ਹਨ। ਅਧਿਐਨ ਮੁਤਾਬਕ ਸਿਰਫ਼ ਪੰਜ ਦੇਸ਼ਾਂ ਵਿੱਚ ਹੀ ਅੱਧੀਆਂ ਜਾਂ ਇਸ ਤੋਂ ਵੱਧ ਸੰਸਦੀ ਔਰਤਾਂ ਹਨ। ਸਾਲ 2019 ਵਿੱਚ 78 ਔਰਤਾਂ ਭਾਰਤੀ ਲੋਕ ਸਭਾ ਲਈ ਚੁਣੀਆਂ ਗਈਆਂ ਸਨ, ਜਦੋਂ ਕਿ ਭਾਰਤ ਵਿੱਚ 2024 ਦੀਆਂ ਸੰਸਦੀ ਚੋਣਾਂ ਵਿੱਚ ਸਿਰਫ਼ 74 ਔਰਤਾਂ ਹੀ ਚੁਣੀਆਂ ਜਾ ਸਕੀਆਂ ਸਨ; ਇਹ ਤੁਰਕੀ ਦੀ ਔਰਤਾਂ ਦੀ ਰਾਜਨੀਤੀ ਨਾਲ ਮੇਲ ਖਾਂਦਾ ਹੈ।

**ਨਿਰਪੱਖ ਚੋਣ ਦਾ ਮਾਪਦੰਡ:** ਇਕਨਾਮਿਸਟ ਇੰਟੈਲੀਜੈਂਸ ਯੂਨਿਟ ਅਨੁਸਾਰ 'ਸਾਲ 2024 ਵਿੱਚ ਕੁਝ ਚੋਣਾਂ ਵੀ ਸ਼ਾਮਲ ਹੋਣਗੀਆਂ, ਜੋ ਆਈਸਲੈਂਡ ਦੀਆਂ ਰਾਸ਼ਟਰਪਤੀ ਚੋਣਾਂ ਵਾਂਗ ਆਜ਼ਾਦ ਅਤੇ ਨਿਰਪੱਖ ਹੋਣਗੀਆਂ ਅਤੇ ਕੁਝ ਦੇਸ਼ ਲੋਕਤੰਤਰੀ ਚੋਣਾਂ ਕਰਵਾਉਣ ਤੋਂ ਇਨਕਾਰ ਵੀ ਕਰ ਸਕਦੇ ਹਨ।' ਦੋ ਮਿਸਾਲਾਂ ਪੇਸ਼ ਕੀਤੀਆਂ ਗਈਆਂ ਹਨ। ਰੂਸ ਵਿੱਚ ਹਾਲ ਹੀ ਵਿੱਚ 15 ਤੋਂ 17 ਮਾਰਚ 2024 ਤੱਕ ਰਾਸ਼ਟਰਪਤੀ ਚੋਣਾਂ ਹੋਈਆਂ ਸਨ। ਇਹ ਦੇਸ਼ ਵਿੱਚ ਅੱਠਵੀਂ ਰਾਸ਼ਟਰਪਤੀ ਚੋਣ ਸੀ। ਵਲਾਦੀਮੀਰ ਪੁਤਿਨ ਨੇ 88 ਪ੍ਰਤੀਸ਼ਤ ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ; ਸੋਵੀਅਤ ਰੂਸ ਤੋਂ ਬਾਅਦ ਦੀ ਰਾਸ਼ਟਰਪਤੀ ਚੋਣ ਵਿੱਚ ਸਭ ਤੋਂ ਵੱਧ ਪ੍ਰਤੀਸ਼ਤਤਾ। ਇਸ ਨੂੰ ਤਾਨਾਸ਼ਾਹੀ ਦੱਸਿਆ ਜਾ ਰਿਹਾ ਹੈ। ਇੱਕ ਹੋਰ ਮਿਸਾਲ ਉੱਤਰੀ ਕੋਰੀਆ ਹੈ। ਉੱਤਰੀ ਕੋਰੀਆ ਵਿੱਚ ਮਾਰਚ ਜਾਂ ਅਪ੍ਰੈਲ 2024 ਵਿੱਚ ਸੰਸਦੀ ਚੋਣਾਂ ਹੋਣ ਦੀ ਉਮੀਦ ਸੀ। ਖ਼ਬਰਾਂ ਆਈਆਂ ਕਿ ਉਨ੍ਹਾਂ ਨੂੰ ਤਾਨਾਸ਼ਾਹ ਕਿਮ ਜੋਂਗ ਉਨ ਨੇ ਬਰਖਾਸਤ ਕਰ ਦਿੱਤਾ। ਸਭ ਤੋਂ ਪਹਿਲਾਂ ਉਹ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਸਨ, ਜੋ ਉੱਤਰੀ ਕੋਰੀਆ ਨੂੰ ਦੱਖਣੀ ਕੋਰੀਆ ਤੋਂ ਇੱਕ ਵੱਖਰੇ ਦੇਸ਼ ਵਜੋਂ ਪਰਿਭਾਸ਼ਿਤ ਕਰੇਗਾ। ਦੂਜੇ ਪਾਸੇ, ਦੱਖਣੀ ਕੋਰੀਆ ਵਿੱਚ 10 ਅਪ੍ਰੈਲ 2024 ਨੂੰ ਆਮ ਚੋਣਾਂ ਹੋਈਆਂ ਅਤੇ ਡੈਮੋਕ੍ਰੇਟਿਕ ਪਾਰਟੀ (ਡੀ.ਪੀ.) ਨੇ ਦੇਸ਼ ਦੀ ਸੰਸਦ ਵਿੱਚ ਬਹੁਮਤ ਸੀਟਾਂ ਜਿੱਤੀਆਂ। ਦੱਖਣੀ ਕੋਰੀਆ ਵਿੱਚ ਦੋ ਮੁੱਖ ਸਿਆਸੀ ਪਾਰਟੀਆਂ ਹਨ-ਡੀ.ਪੀ. ਅਤੇ ਪੀਪਲ ਪਾਵਰ ਪਾਰਟੀ (ਪੀ.ਪੀ.ਪੀ.)। ਡੀ.ਪੀ. ਅਗਾਂਹਵਧੂ ਹੈ ਅਤੇ ਪੀ.ਪੀ.ਪੀ. ਰੂੜੀਵਾਦੀ ਹੈ। ਮਾਰਚ ਦੇ ਅੰਤ ਤੱਕ ਪੀ.ਪੀ.ਪੀ. ਅੱਗੇ ਸੀ, ਪਰ ਵੋਟਰਾਂ ਨੇ ਆਖਰੀ ਸਮੇਂ ਵਿੱਚ ਰੂੜੀਵਾਦੀ ਨੇਤਾਵਾਂ ਨੂੰ ਝਟਕਾ ਦੇ ਦਿੱਤਾ।

ਪਹਿਲੀ ਜੂਨ 2024 ਨੂੰ ਨੌਰਡਿਕ ਦੇਸ਼ ਆਈਲੈਂਡ ਵਿੱਚ ਕਾਰੋਬਾਰੀ ਹਾਲਾ ਥਾਮਸਡੋਟੀਰ 34.6 ਫੀਸਦੀ ਵੋਟਾਂ ਨਾਲ ਚੁਣੀ ਗਈ ਹੈ। ਹਾਲਾ ਦੇਸ਼ ਦੀ ਦੂਜੀ ਔਰਤ ਰਾਸ਼ਟਰਪਤੀ ਹੈ। ਇਸ ਤੋਂ ਪਹਿਲਾਂ 1980 ਵਿੱਚ ਵਿਗਡਿਸ ਫਿਨਵੋਗਾਡੋਰਿਸ ਪਹਿਲੀ ਔਰਤ ਰਾਸ਼ਟਰਪਤੀ ਚੁਣੀ ਗਈ ਸੀ।




**ਚੋਣਾਂ ਦੇ ਵੱਡੇ ਅਰਥ ਕਿੱਥੇ ਹਨ:** ਭਾਰਤ ਤੋਂ ਬਾਅਦ ਯੂਰਪੀ ਸੰਘ, ਬ੍ਰਿਟੇਨ ਅਤੇ ਅਮਰੀਕਾ ਦੇ ਚੋਣ ਨਤੀਜੇ ਪੂਰੀ ਦੁਨੀਆ ਦੀ ਸਥਿਤੀ 'ਚ ਅਹਿਮ ਭੂਮਿਕਾ ਨਿਭਾਉਣਗੇ, ਇਸ ਗੱਲ ਨੂੰ ਇਕਨਾਮਿਸਟ ਇੰਟੈਲੀਜੈਂਸ ਯੂਨਿਟ ਦੇ ਰਣਨੀਤੀਕਾਰਾਂ ਨੇ ਵੀ ਸਵੀਕਾਰ ਕੀਤਾ ਹੈ। ਇਹ ਕਿਹਾ ਜਾ ਸਕਦਾ ਹੈ ਕਿ 2024 ਦੀਆਂ ਚੋਣਾਂ ਵਿੱਚ ਹਿੱਸਾ ਲੈਣ ਵਾਲੇ ਬਹੁਤ ਸਾਰੇ ਵੋਟਰਾਂ ਨੇ ਆਪਣੀ ਜ਼ਿੰਦਗੀ ਦੇ ਕੁਝ ਸਾਲ ਕਿਸੇ ਨਾ ਕਿਸੇ ਰੂਪ ਵਿੱਚ ਤਾਨਾਸ਼ਾਹੀ ਦੇ ਮਾਹੌਲ ਵਿੱਚ ਬਿਤਾਏ ਹਨ, ਜਿਸ ਵਿੱਚ ਇੰਡੋਨੇਸ਼ੀਆ, ਦੱਖਣੀ ਅਫਰੀਕਾ ਅਤੇ ਮੈਕਸੀਕੋ ਵਰਗੇ ਦੇਸ਼ ਸ਼ਾਮਲ ਹਨ।

'ਅਵਰ ਵਰਲਡ ਇਨ ਡੇਟਾ' ਅਨੁਸਾਰ '1990 ਦੇ ਦਹਾਕੇ ਤੱਕ ਅਜਿਹਾ ਨਹੀਂ ਸੀ। ਅੱਜ ਦੇ ਤਾਨਾਸ਼ਾਹੀ ਸ਼ਾਸਨ ਦੇ ਮੁਕਾਬਲੇ ਜ਼ਿਆਦਾਤਰ ਦੇਸ਼ ਕਿਸੇ ਨਾ ਕਿਸੇ ਰੂਪ ਵਿੱਚ ਲੋਕਤੰਤਰੀ ਸਨ।

**ਵੋਟਰ ਸ਼ਕਤੀ:** ਇੱਥੋਂ ਤੱਕ ਕਿ ਤੁਰਕੀ ਦੇ ਨੇਤਾ ਰੇਸੇਪ ਤੈਯਪ ਏਰਦੋਗਨ, ਦੁਨੀਆ ਦੇ ਚਰਚਿਤ ਨੇਤਾਵਾਂ ਵਿੱਚੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਦੱਖਣੀ ਅਫਰੀਕਾ ਦੇ ਅਜਿੱਤ ਰਾਸ਼ਟਰਪਤੀ ਮਾਤਮੇਲਾ ਸਿਰੀਸੇਨਾ ਰਾਮਾਫੋਸਾ ਨੇ ਸੋਚਿਆ ਵੀ ਨਹੀਂ ਸੀ ਕਿ ਵੋਟਰ ਇੰਨੇ ਸ਼ਕਤੀਸ਼ਾਲੀ ਹੋ ਸਕਦੇ ਹਨ। ਦੱਖਣੀ ਅਫ਼ਰੀਕਾ ਦੇ ਸਭ ਤੋਂ ਅਮੀਰ ਲੋਕਾਂ ਵਿੱਚੋਂ ਇੱਕ ਮੰਨੇ ਜਾਂਦੇ ਰਾਮਾਫੋਸਾ ਨੇ ਇਹ ਕਲਪਨਾ ਨਹੀਂ ਕੀਤੀ ਸੀ ਕਿ ਉਸਦੀ ਅਗਵਾਈ ਵਿੱਚ ਏ.ਐਨ.ਸੀ. ਘੱਟ-ਗਿਣਤੀ ਵਿੱਚ ਘਟ ਜਾਵੇਗੀ। ਪਿਛਲੇ ਦਿਨੀਂ ਇੱਕ ਸ਼ਰਮਨਾਕ ਚੋਣ ਹਾਰ ਤੋਂ ਬਾਅਦ ਦੱਖਣੀ ਅਫ਼ਰੀਕਾ ਦੀ ਸੱਤਾਧਾਰੀ ਅਫ਼ਰੀਕਨ ਨੈਸ਼ਨਲ ਕਾਂਗਰਸ (ਏ.ਐਨ.ਸੀ.) ਇਸ ਨਤੀਜੇ 'ਤੇ ਪਹੁੰਚੀ ਹੈ ਕਿ ਸਿਆਸੀ ਵਿਰੋਧੀਆਂ ਨਾਲ ਗੱਠਜੋੜ ਸਰਕਾਰ ਹੀ ਇੱਕੋ ਇੱਕ ਵਿਕਲਪ ਹੈ। ਚੋਣ ਕਮਿਸ਼ਨ (ਆਈ.ਈ.ਸੀ.) ਨੇ ਘੋਸ਼ਣਾ ਕੀਤੀ ਕਿ ਦੱਖਣੀ ਅਫਰੀਕਾ ਵਿੱਚ ਚੋਣਾਂ ਆਜ਼ਾਦ ਅਤੇ ਨਿਰਪੱਖ ਸਨ, ਪਰ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਿਆ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਏ.ਐਨ.ਸੀ. ਨੂੰ ਗੱਠਜੋੜ ਸਰਕਾਰ ਲਈ ਸਹਿਯੋਗੀਆਂ ਦੀਆਂ ਕਈ ਮੰਗਾਂ ਮੰਨਣੀਆਂ ਪੈਣਗੀਆਂ, ਜਿਨ੍ਹਾਂ ਨੂੰ ਲੈ ਕੇ ਉਹ ਅਤੀਤ ਵਿੱਚ ਅਸਹਿਜ ਸੀ।

E·I·U
The Economist Intelligence Unit

**ਸਾਂਝੀ ਸਰਕਾਰ ਦਾ ਵਿਕਲਪ:** ਏ.ਐਨ.ਸੀ. ਨੇ ਗੱਠਜੋੜ ਵਿੱਚ ਬਦਲਾਅ ਅਤੇ ਰਾਸ਼ਟਰੀ ਏਕਤਾ ਸਰਕਾਰ ਬਣਾਉਣ ਦੀ ਸੰਭਾਵਨਾ ਬਾਰੇ ਚਰਚਾ ਕਰਨ ਲਈ ਪਿਛਲੇ ਦਿਨੀਂ ਆਪਣੇ ਰਾਸ਼ਟਰੀ ਨੇਤਾਵਾਂ ਨਾਲ ਇੱਕ ਬੈਠਕ ਕੀਤੀ। ਅਜਿਹਾ ਪ੍ਰਬੰਧ ਸਾਬਕਾ ਰਾਸ਼ਟਰਪਤੀ ਨੈਲਸਨ ਮੰਡੇਲਾ ਦੇ ਦੌਰ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ 1994 ਤੋਂ 1997 ਤੱਕ ਰਾਸ਼ਟਰੀ ਏਕਤਾ ਸਰਕਾਰ ਦੀ ਅਗਵਾਈ ਕੀਤੀ ਸੀ। ਉਸ ਸਮੇਂ ਦੌਰਾਨ ਨੈਲਸਨ ਮੰਡੇਲਾ ਰਾਸ਼ਟਰਪਤੀ ਸਨ ਅਤੇ ਆਖਰੀ ਰੰਗਭੇਦ ਪ੍ਰਧਾਨ ਮੰਤਰੀ ਐਫ.ਡਬਲਯੂ.ਡੀ. ਕਲਰਕ ਉਸਦੇ ਉਪ-ਰਾਸ਼ਟਰਪਤੀ ਬਣੇ ਸਨ; ਇਨਕਾਥਾ ਫਰੀਡਮ ਪਾਰਟੀ (ਆਈ.ਐਫ.ਪੀ.) ਦੇ ਆਗੂ ਮੰਤਰੀ ਮੰਡਲ ਦਾ ਹਿੱਸਾ ਸਨ। ਹੁਣ 27 ਸਾਲਾਂ ਬਾਅਦ ਅਜਿਹੇ ਹਾਲਾਤ ਪੈਦਾ ਹੋਏ ਹਨ, ਜਿਸ ਲਈ ਜੇਕਰ ਸਹੀ ਢੰਗ ਨਾਲ ਦੇਖਿਆ ਜਾਵੇ ਤਾਂ ਦੱਖਣੀ ਅਫਰੀਕਾ ਦੇ ਵੋਟਰ ਜ਼ਿੰਮੇਵਾਰ ਹਨ।

**ਮੈਕਸੀਕਨ ਚੋਣਾਂ ਦੀ ਮਿਸਾਲ:** ਜੇਕਰ ਅਸੀਂ ਵੋਟਰਾਂ ਦੀ ਸ਼ਕਤੀ ਨੂੰ ਹੋਰ ਸਮਝਣਾ ਚਾਹੁੰਦੇ ਹਾਂ ਤਾਂ ਮੈਕਸੀਕੋ ਦੀਆਂ ਆਮ ਚੋਣਾਂ ਵੀ ਇਸ ਦੀ ਮਿਸਾਲ ਹੈ। ਮੈਕਸੀਕੋ ਵਿੱਚ ਰਾਸ਼ਟਰਪਤੀ ਸਿਰਫ ਇੱਕ ਕਾਰਜਕਾਲ ਲਈ ਚੁਣਿਆ ਜਾਂਦਾ ਹੈ, ਪਰ ਕਿਸੇ ਨੇ ਕਲਪਨਾ ਨਹੀਂ ਕੀਤੀ ਸੀ ਕਿ ਇੱਕ ਔਰਤ, ਜੋ ਯਹੂਦੀ ਮੂਲ ਦੀ ਹੈ, ਇਸ ਦੇਸ਼ ਵਿੱਚ ਇਤਿਹਾਸ ਰਚਣ ਜਾ ਰਹੀ ਹੈ। 2 ਜੂਨ 2024 ਨੂੰ ਹੋਈਆਂ ਆਮ ਚੋਣਾਂ ਵਿੱਚ ਮੈਕਸੀਕਨ ਵੋਟਰਾਂ ਨੇ ਕਲਾਉਡੀਆ ਸ਼ੇਨਬੌਮ ਨੂੰ ਰਿਕਾਰਡ ਵੋਟ ਦਿੱਤਾ। 2018 ਦੀਆਂ ਚੋਣਾਂ ਵਿੱਚ ਕਲਾਉਡੀਆ ਦੇ ਮੈਂਟਰ ਐਂਡਰੇਸ ਮੈਨੁਅਲ ਲੋਪੇਜ਼ ਓਬਰਾਡੋਰ ਨੂੰ 30.1 ਮਿਲੀਅਨ ਵੋਟਾਂ ਮਿਲੀਆਂ, ਜੋ ਉਸ ਰਿਕਾਰਡ ਨੂੰ ਵੀ ਪਛਾੜ ਗਿਆ। ਮੈਕਸੀਕੋ ਦੇ ਇਤਿਹਾਸ ਵਿੱਚ ਇਹ ਪਹਿਲੀ ਆਮ ਚੋਣ ਸੀ, ਜਿਸ ਵਿੱਚ ਦੋ ਔਰਤਾਂ ਰਾਸ਼ਟਰਪਤੀ ਅਹੁਦੇ ਲਈ ਮੁੱਖ ਦਾਅਵੇਦਾਰ ਸਨ। ਸੱਜੇ-ਪੱਖੀ ਸਮਰਥਨ ਦੇ ਬਾਵਜੂਦ ਯੋਚਹਿਟਲ ਗਲਵੇਜ਼ ਖੱਬੇਪੱਖੀ ਪਾਰਟੀ ਮੋਰੇਨਾ ਦੀ ਮੈਂਬਰ ਕਲਾਉਡੀਆ ਸ਼ੇਨਬੌਮ ਦੇ ਵਿਰੁੱਧ ਨਹੀਂ ਖੜ੍ਹ ਸਕੀ।

ਮੈਕਸੀਕੋ ਵਿੱਚ 2023 ਵਿੱਚ 30 ਹਜ਼ਾਰ ਤੋਂ ਵੱਧ ਕਤਲ ਹੋਏ। ਭ੍ਰਿਸ਼ਟਾਚਾਰ, ਕਤਲੇਆਮ ਅਤੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਨੂੰ ਰੋਕਣ ਵਿੱਚ ਅਸਮਰੱਥ ਸਾਬਤ ਹੋਈ ਖੱਬੀ ਪਾਰਟੀ 'ਮੋਰੇਨਾ' ਵਿੱਚ ਅਜਿਹਾ ਕੀ ਵੇਖਣ ਨੂੰ ਮਿਲਿਆ ਕਿ ਮੈਕਸੀਕਨ ਵੋਟਰਾਂ ਨੇ ਕਲਾਉਡੀਆ ਸ਼ੇਨਬੌਮ ਨੂੰ ਮਸੀਹਾ ਮੰਨ ਲਿਆ? ਇਸ ਨੂੰ ਸਮਝਣ ਲਈ ਸਾਨੂੰ ਕੁਝ ਮਹੀਨੇ ਉਡੀਕ ਕਰਨੀ ਪਵੇਗੀ। ਕਲਾਉਡੀਆ ਨੇ ਅਪਰਾਧ ਕੰਟਰੋਲ, ਨਿਆਂਇਕ ਅਤੇ ਪੁਲਿਸ ਸੇਵਾਵਾਂ ਨੂੰ ਮਜ਼ਬੂਤ ਕਰਨ, ਉਮਰ ਸੀਮਾ 65 ਤੋਂ 60 ਤੱਕ ਬਜ਼ੁਰਗਾਂ ਨੂੰ ਬਿਹਤਰ ਪੈਨਸ਼ਨ ਦੇਣ, ਮੈਕਸੀਕੋ ਵਿੱਚ ਰਿਫਾਇਨਰੀਆਂ ਦਾ ਨੈੱਟਵਰਕ ਬਣਾ ਕੇ ਕੱਚੇ ਤੇਲ ਦੀ ਬਰਾਮਦ ਘਟਾਉਣ ਅਤੇ ਮਹਿੰਗਾਈ ਨੂੰ ਖਤਮ ਕਰਨ ਵਰਗੇ ਵਾਅਦੇ ਪੂਰੇ ਕਰਨੇ ਹਨ। ਸ਼ਾਇਦ ਵੋਟਰਾਂ ਨੇ ਸੋਚਿਆ ਹੋਵੇਗਾ ਕਿ ਕਿਉਂ ਨਾ ਇਸ ਵਾਰ ਇਹ ਮੌਕਾ ਸਿਰਫ਼ ਔਰਤਾਂ ਨੂੰ ਹੀ ਦਿੱਤਾ ਜਾਵੇ।

**ਯੂ.ਕੇ. ਲੈਂਡਸਕੇਪ:** ਬ੍ਰਿਟੇਨ ਵਿੱਚ ਵੀ 14 ਸਾਲਾਂ ਤੋਂ ਸੱਤਾ ਵਿੱਚ ਰਹੀ ਕੰਜ਼ਰਵੇਟਿਵ ਪਾਰਟੀ ਦੇ ਨੇਤਾਵਾਂ 'ਤੇ ਵੋਟਰਾਂ ਦੇ ਡਰ ਦਾ ਅਸਰ ਪੈਣਾ ਸ਼ੁਰੂ ਹੋ ਗਿਆ ਹੈ। ਕੁੱਲ 650 ਸੀਟਾਂ ਵਾਲੀ ਬ੍ਰਿਟਿਸ਼ ਸੰਸਦ ਲਈ 4 ਜੁਲਾਈ 2024 ਨੂੰ ਵੋਟਿੰਗ ਹੋਣੀ ਤੈਅ ਹੈ। ਭਾਰਤ ਵਿੱਚ ਜਿਸ ਤਰ੍ਹਾਂ ਚੋਣ ਨਤੀਜੇ ਆਏ ਹਨ, ਉਸ ਦਾ ਅਸਰ ਏਸ਼ੀਆਈ ਮੂਲ ਦੇ ਬ੍ਰਿਟਿਸ਼ ਵੋਟਰਾਂ 'ਤੇ ਘੱਟ-ਘੱਟ ਹੁੰਦਾ ਨਜ਼ਰ ਆ ਰਿਹਾ ਹੈ।

ਇਸ ਤਰ੍ਹਾਂ ਲੋਕਾਂ ਨੂੰ ਰਿਸ਼ੀ ਸੁਨਕ ਤੋਂ ਉਮੀਦ ਸੀ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਸਾਲ ਦੇ ਅੰਤ 'ਚ ਚੋਣਾਂ ਹੋਣਗੀਆਂ; ਪਰ ਸੱਤਾਧਾਰੀ ਸੰਸਦ ਮੈਂਬਰਾਂ ਨੇ ਜਿਸ ਤਰ੍ਹਾਂ ਭਗਦੜ ਮਚਾਈ, ਉਹ ਹੈਰਾਨੀਜਨਕ ਹੈ। ਹੁਣ ਤੱਕ ਕਰੀਬ 129 ਸੰਸਦ ਮੈਂਬਰਾਂ ਨੇ ਐਲਾਨ ਕੀਤਾ ਹੈ ਕਿ ਉਹ ਮੁੜ ਚੋਣਾਂ ਲਈ ਨਹੀਂ ਖੜ੍ਹੇ ਹੋਣਗੇ। ਉਨ੍ਹਾਂ ਵਿੱਚੋਂ 77 ਕੰਜ਼ਰਵੇਟਿਵ

⇒ ਬਾਕੀ ਸਫਾ 19 ਉਤੇ ਪੜ੍ਹੋ



ਤੁਰਕੀ ਵਿੱਚ ਏਰਦੋਗਨ ਦੀਆਂ ਸਮਰਥਕ ਬੀਬੀਆਂ

ਸਿਆਸੀ ਪੜਚੋਲ

# ਕਿਉਂ ਡਿੱਗਿਆ ਪੰਜਾਬ 'ਚ 'ਆਪ' ਦਾ ਗ੍ਰਾਫ?

**ਚੰਦਰਪਾਲ ਅੱਤਰੀ, ਲਾਲੜੂ**
ਫੋਨ:+91-7889111988

ਇਸ ਵਾਰ ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿੱਚ ਕਈ ਅਹਿਮ ਬਦਲਾਅ ਵੇਖਣ ਨੂੰ ਮਿਲੇ ਹਨ। ਸਥਿਤੀ ਇਹ ਹੈ ਕਿ ਕਰੀਬ ਸਵਾ ਦੋ ਕੁ ਸਾਲ ਪਹਿਲਾਂ ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿੱਚ ਝਾੜੂ ਫੇਰ ਜਿੱਤ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ (ਆਪ) ਨੂੰ ਪੰਜਾਬ ਦੇ ਲੋਕਾਂ ਨੇ ਕਈ ਥਾਈਂ ਦੂਜੇ ਤੇ ਕਈ ਥਾਈਂ ਤੀਜੇ ਨੰਬਰ ਉਤੇ ਧਕੇਲ ਦਿੱਤਾ ਹੈ। ਕੁਝ ਲੋਕ ਜਿੱਥੇ ਇਸ ਗੱਲ ਨੂੰ ਪੰਜਾਬੀਆਂ ਦਾ ਇਸ ਪਾਰਟੀ ਤੋਂ ਮੋਹ ਭੰਗ ਹੋਣਾ ਦੱਸ ਰਹੇ ਹਨ, ਜਦਕਿ ਵਧੇਰੇ ਲੋਕ ਇਸ ਨੂੰ ਸਰਕਾਰ ਦੀ ਕੰਮ ਪੱਖੋਂ ਲੋਕਾਂ ਵਿਚ ਗੈਰ-ਹਾਜ਼ਰੀ ਤੇ ਗੈਰ-ਗੰਭੀਰਤਾ ਵੀ ਮੰਨ ਰਹੇ ਹਨ। ਪੰਜਾਬ ਵਿੱਚ ਇਸ ਪਾਰਟੀ ਦੀ ਥੋੜ੍ਹੇ ਸਮੇਂ ਵਿੱਚ ਪਤਲੀ ਹੋਈ ਸਥਿਤੀ ਬਾਰੇ ਜਦੋਂ ਵੱਖ-ਵੱਖ ਧਿਰਾਂ ਨਾਲ ਗੱਲ ਕੀਤੀ ਗਈ ਤਾਂ ਸਭਨਾ ਦਾ ਇੱਕੋ ਕਹਿਣਾ ਸੀ ਕਿ ਇਹ ਪਾਰਟੀ 600 ਯੂਨਿਟਾਂ ਤੱਕ ਬਿਜਲੀ ਬਿੱਲ ਮੁਆਫ਼ੀ ਵਾਲੇ ਮਾਮਲੇ ਨੂੰ ਛੱਡ ਕੇ ਕਿਤੇ ਨਜ਼ਰ ਹੀ ਨਹੀਂ ਆ ਰਹੀ।

ਅਸਲ ਵਿੱਚ ਸੂਬੇ ਵਿੱਚ ਗੱਦੀਨਸ਼ੀਨ ਪਾਰਟੀ ਸਿਆਸਤ ਦੇ ਪਿੜ ਵਿੱਚ ਨਵੀਂ ਹੈ ਤੇ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਪਾਰਟੀ ਵਿੱਚ ਨਵੇਂ ਤੇ ਪੁਰਾਣੇ ਵਰਕਰਾਂ ਨੂੰ ਲੈ ਕੇ ਜਬਰਦਸਤ ਧੜੇਬੰਦੀ ਹੈ। ਸ਼ਹਿਰਾਂ ਵਿੱਚ ਜਿੱਥੇ ਪਾਰਟੀ ਕੋਲ ਵਧੇਰੇ ਆਗੂ ਉਧਾਰ ਵਾਲੇ ਹਨ, ਉੱਥੇ ਪਿੰਡਾਂ ਵਿਚਲੇ ਪ੍ਰਸ਼ਾਸਨ ਵਿੱਚ ਤਾਂ 'ਆਪ' ਦੇ ਪੁਰਾਣੇ ਵਰਕਰਾਂ ਦੀ ਪੁੱਛ ਹੀ ਨਹੀਂ ਹੈ। ਆਮ ਲੋਕਾਂ ਦਾ ਕਹਿਣਾ ਹੈ ਕਿ ਭਾਵੇਂ ਨਗਰ ਕੌਂਸਲਾਂ ਅਧੀਨ ਪੈਂਦੇ ਖੇਤਰਾਂ ਵਿੱਚ ਸਥਾਨਕ ਕੌਂਸਲਰਾਂ ਦੇ ਅਹੁਦਿਆਂ ਪ੍ਰਤੀ ਮੋਹ ਦੇ ਚੱਲਦਿਆਂ ਇਸ ਪਾਰਟੀ ਨੇ ਕੌਂਸਲਾਂ ਵਿੱਚ ਆਪਣਾ ਦਬਦਬਾ ਬਣਾ ਲਿਆ ਹੈ, ਪਰ ਇਸ ਦੇ ਬਾਵਜੂਦ ਪੁਰਾਣੀਆਂ ਸਰਕਾਰਾਂ ਵੇਲੇ ਸ਼ੁਰੂ ਕੀਤੇ ਗਏ ਕੰਮ ਰੁਕ ਜਾਣ ਕਾਰਨ ਇਸ ਪਾਰਟੀ ਪ੍ਰਤੀ ਲੋਕਾਂ ਵਿੱਚ ਅੰਦਰੋ-ਅੰਦਰੀ ਭਾਰੀ ਨਾਰਾਜ਼ਗੀ ਸੀ। ਮਿਸਾਲ ਵਜੋਂ ਵੱਡੇ ਸ਼ਹਿਰਾਂ ਵਿੱਚ ਉਸਾਰੀ ਅਧੀਨ ਕੰਮਾਂ ਨੂੰ ਨਾ ਸਿਰਫ ਰੋਕ ਦਿੱਤਾ ਗਿਆ, ਸਗੋਂ ਉਨ੍ਹਾਂ ਕੰਮਾਂ ਲਈ ਆਈ ਗਰਾਂਟ ਵੀ ਵਾਪਸ ਮੰਗਾ ਲਈ ਗਈ। ਜੇ ਛੋਟੇ ਸ਼ਹਿਰਾਂ ਦੀ ਗੱਲ ਵੀ ਕਰੀਏ ਤਾਂ ਲਾਲੜੂ ਵਰਗੇ ਸ਼ਹਿਰ ਵਿਚਲਾ ਉਸਾਰੀ ਅਧੀਨ ਬੱਸ ਸਟੈਂਡ ਹੁਣ ਕੈਂਟਰ ਤੇ ਜੀਪ ਸਟੈਂਡ ਬਣ ਕੇ ਰਹਿ ਗਿਆ ਹੈ। ਪ੍ਰਸ਼ਾਸਨ ਵਾਲੇ ਇਸ ਨੂੰ ਬਣਾਉਣਾ ਤਾਂ ਛੱਡੋ, ਰੱਦ ਕਰਨ ਸਬੰਧੀ ਵੀ ਫੈਸਲਾ ਨਾ ਲੈ ਪਾਏ, ਜਦਕਿ ਜੱਦੀ ਸ਼ਹਿਰ ਵਿੱਚ ਹੀ ਉਸਾਰੀ ਅਧੀਨ ਕਮਿਊਨਿਟੀ ਸੈਂਟਰ ਵਿੱਚ ਆਵਾਰਾ ਪਸ਼ੂ ਆਰਾਮ ਫਰਮਾਅ ਰਹੇ ਹਨ। ਇਹ ਇੱਕ ਸ਼ਹਿਰ ਦੀ ਜ਼ੁਬਾਨੀ ਹੈ ਤੇ ਹਰ ਸ਼ਹਿਰ ਦਾ ਨਾਮ ਲਿਖ ਕੇ ਉਸ ਦੀਆਂ ਸਮੱਸਿਆਵਾਂ ਦੱਸਣਾ ਸੰਭਵ ਵੀ ਨਹੀਂ ਹੈ, ਕਿਉਂਕਿ ਇਹ ਆਵਾਜ਼ ਸਮੁੱਚੇ ਪੰਜਾਬ ਵਿੱਚੋਂ ਆ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਕੌਂਸਲਾਂ ਵਿੱਚ ਕੋਈ ਨਵਾਂ ਫੰਡ ਨਹੀਂ ਆਇਆ ਤੇ ਪੁਰਾਣੇ ਫੰਡ ਨਾਲ ਹੀ ਸੜਕਾਂ ਬਣਾਉਣ ਤੇ ਹੋਰ ਕੰਮਾਂ ਦੇ ਨੀਂਹ ਪੱਥਰ ਰੱਖੇ ਗਏ। ਇਸ ਵਿੱਚੋਂ ਵੀ ਅੱਧੀਆਂ ਸੜਕਾਂ ਤਾਂ ਬਿਲਕੁਲ ਨਹੀਂ ਬਣੀਆਂ ਤੇ ਜੋ ਬਣੀਆਂ, ਉਹ ਵੀ ਅੱਧ-ਪਚੱਧੀਆਂ ਹੀ ਰਹਿ ਗਈਆਂ। ਜ਼ਿਕਰਯੋਗ ਹੈ ਕਿ ਕੌਂਸਲਾਂ ਵਿਚਲੇ ਠੇਕੇਦਾਰਾਂ ਨੇ ਇੱਕ-ਦੋ ਕਿਲੋਮੀਟਰ ਦੀ ਸੜਕ ਬਣਾਉਣ ਵਿੱਚ ਹੀ ਐਨਾ ਸਮਾਂ ਲਿਆ, ਜਿੰਨੇ ਵਿੱਚ ਇੱਕ ਵੱਡਾ ਤਿੰਨ ਮੰਜ਼ਲਾ ਮਕਾਨ ਬਣ ਜਾਵੇ। ਇਸ ਤਰ੍ਹਾਂ ਇਹ ਸੜਕਾਂ ਵੋਟ ਪੱਖੋਂ ਸਰਕਾਰ ਲਈ ਲਾਹੇਵੰਦ ਹੋਣ ਦੀ ਬਜਾਇ ਨਾਰਾਜ਼ਗੀ ਦਾ ਕਾਰਨ ਬਣ ਗਈਆਂ।

ਹਾਲਾਂਕਿ ਸਫਾਈ ਸਬੰਧੀ ਸ਼ਹਿਰਾਂ ਵਿੱਚ ਕੁਝ ਕੰਮ ਹੁੰਦਾ ਨਜ਼ਰ ਆਇਆ ਹੈ, ਪਰ ਪਾਣੀ ਦੀ ਨਿਕਾਸੀ ਬਾਰੇ ਅਜੇ ਵੀ ਲੋਕ ਚਿੰਤਿਤ ਹਨ। ਸ਼ਹਿਰਾਂ ਤੋਂ ਬਾਅਦ ਜੇ ਪਿੰਡਾਂ ਵਿਚਲੇ ਕਾਰਨਾਂ ਦੀ ਗੱਲ ਕਰੀਏ ਤਾਂ ਪਿੰਡਾਂ ਵਿਚਲੇ ਸੜਕਾਂ ਦੇ ਬੁਨਿਆਦੀ ਢਾਂਚੇ ਸਬੰਧੀ 'ਆਪ' ਆਲਿਆਂ ਦੀ ਚੁੱਪ ਲੋਕਾਂ ਨੂੰ ਬੇਹੱਦ ਨਿਰਾਸ਼ ਕਰ ਗਈ। ਹਾਲਾਤ ਇਹ ਹਨ ਕਿ ਵਧੇਰੇ ਸੜਕਾਂ ਨੂੰ ਵਰਤਣ ਵਾਲੇ ਰਾਹਗੀਰ ਪੇਂਡੂ ਸੜਕਾਂ ਨੂੰ ਭੁੱਲਣ ਲਈ ਤਿਆਰ ਹਨ। ਬੇਹੱਦ ਅਰਜੋਈਆਂ ਤੋਂ ਬਾਅਦ ਵੀ ਬਦਲਾਅ ਵਾਲੇ ਸੜਕਾਂ ਦੇ ਸੁਧਾਰ ਵਾਲਾ ਬਦਲਾਅ ਨਾ ਕਰ ਸਕੇ। ਇੱਕ ਸੜਕ ਵਿੱਚ ਪਏ ਖੱਡੇ ਕਾਰਨ ਤਾਂ ਤਿੰਨ ਮੌਤਾਂ ਹੋਈਆਂ ਤੇ ਦੱਸ ਅਖਬਾਰਾਂ ਵਿੱਚ ਖਬਰਾਂ ਲੱਗੀਆਂ, ਪਰ ਫਿਰ ਵੀ ਕੁਝ ਨਾ ਹੋਇਆ। ਇਸ ਉਪਰੰਤ ਅਦਾਲਤ ਨੇ ਇਸ ਸੜਕ ਦਾ ਖੁਦ ਨੋਟਿਸ ਲਿਆ। ਲੋਕਾਂ ਦਾ ਕਹਿਣਾ ਹੈ ਕਿ ਪਹਿਲਾਂ ਵਾਲੀਆਂ ਸਰਕਾਰਾਂ ਤੋਂ ਤੰਗ ਆ ਕੇ ਤਾਂ ਇਹ ਸਰਕਾਰ ਚੁਣੀ ਸੀ, ਪਰ ਇਨ੍ਹਾਂ ਕੋਲ ਤਾਂ ਲਾਰਿਆਂ ਤੋਂ ਇਲਾਵਾ ਕੁੱਝ ਵੀ ਨਹੀਂ ਹੈ। ਆਮ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਜਦੋਂ ਸਰਕਾਰ ਪੰਜ ਸਾਲ ਲਈ ਚੁਣੀ ਹੈ ਤਾਂ ਫਿਰ ਸੱਤਰ ਸਾਲ ਵਾਲੀਆਂ ਦਲੀਲਾਂ ਵਾਰ-ਵਾਰ ਕਿਉਂ ਸੁਣੀਏ?



ਜਾਗਰੂਕ ਲੋਕਾਂ ਦਾ ਕਹਿਣਾ ਹੈ ਕਿ ਸ਼ਹਿਰਾਂ ਵਿਚਲੀ ਸਭ ਤੋਂ ਅਹਿਮ ਸਮੱਸਿਆ ਨਾਜਾਇਜ਼ ਕਬਜ਼ਿਆਂ ਦੀ ਹੈ। ਇਸ ਸਮੱਸਿਆ ਬਾਬਤ ਵੀ ਲੋਕ ਇਸ ਸਰਕਾਰ ਤੋਂ ਨਾਰਾਜ਼ ਨਜ਼ਰ ਆਏ। ਲੋਕਾਂ ਦਾ ਕਹਿਣਾ ਸੀ ਕਿ ਪਿਛਲੀਆਂ ਸਰਕਾਰਾਂ ਦੌਰਾਨ ਧਾਰਮਿਕ ਤੇ ਨਿੱਜੀ ਸਥਾਨਾਂ ਲਈ ਜ਼ਮੀਨਾਂ ਉਤੇ ਕਰਵਾਏ ਨਾਜਾਇਜ਼ ਕਬਜ਼ਿਆਂ ਦੇ ਮਾਮਲਿਆਂ ਵਿੱਚ ਇਹ ਸਰਕਾਰ ਫਾਇਲਾਂ ਤੱਕ ਹੀ ਸੀਮਤ ਰਹਿ ਗਈ ਹੈ। ਲੋਕਾਂ ਦਾ ਰੋਸ ਹੈ ਕਿ 'ਆਪ' ਦਾ ਸ਼ਾਸਨ-ਪ੍ਰਸ਼ਾਸਨ ਜਿੱਥੇ ਨਵੇਂ ਕਬਜ਼ਾਕਾਰਾਂ ਬਾਰੇ ਚੁੱਪ ਹੈ, ਉੱਥੇ ਉਹ ਪੁਰਾਣੇ ਕਬਜ਼ਾਕਾਰਾਂ ਦੀ ਪਿੱਠ ਵੀ ਥਾਪੜ ਰਿਹਾ ਹੈ। ਲੋਕ ਪੰਚਾਇਤੀ ਜ਼ਮੀਨ ਦੀ ਇਸ ਧਾੜਵੀ ਲੁੱਟ ਦੇ ਮਾਮਲੇ ਵਿੱਚ ਵੀ 'ਆਪ' ਤੋਂ ਨਾਰਾਜ਼ ਨਜ਼ਰ ਆਏ। ਇਸੇ ਤਰ੍ਹਾਂ ਵੋਟਰਾਂ ਨੂੰ ਪ੍ਰਦੂਸ਼ਣ ਦੇ ਮਾਮਲੇ ਵਿੱਚ ਸਰਕਾਰ ਦੀ ਕਾਰਗੁਜ਼ਾਰੀ ਨਿਰੋਲ ਬਿਆਨਬਾਜ਼ੀ ਜਾਪੀ ਹੈ ਤੇ ਤਹਿਸੀਲਾਂ ਵਿਚਲੇ ਭ੍ਰਿਸ਼ਟਾਚਾਰ ਤੋਂ ਲੋਕ ਪਹਿਲਾਂ ਨਾਲੋਂ ਵੀ ਵੱਧ ਔਖੇ ਹਨ। ਇਹ ਸਾਰੇ ਮਸਲੇ ਤਾਂ ਨਿਰੋਲ ਸਮਾਜਿਕ ਤੇ ਆਰਥਿਕ ਹਨ, ਪਰ ਕੁਝ ਮਾਮਲੇ ਨੈਤਿਕ ਵੀ ਹਨ। ਇਨ੍ਹਾਂ ਵਿੱਚ ਸਭ ਤੋਂ ਅਹਿਮ ਮਾਮਲਾ ਸ਼ਰਾਬ ਨੀਤੀ ਦਾ ਹੈ। ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਸ਼ਰਾਬ ਸਾਡੇ ਸਰਕਾਰੀ ਮਾਲੀਏ ਦਾ ਹਿੱਸਾ ਹੈ, ਪਰ ਕੀ ਕੋਈ ਧਿਰ ਆਪਣੇ ਦਫਤਰ ਵਿੱਚ ਸ਼ਹੀਦ ਭਗਤ ਸਿੰਘ ਤੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਫੋਟੋ ਲਗਾ ਕੇ ਐਨੀ ਕਾਰਪੋਰੇਟ ਪੱਖੀ ਸ਼ਰਾਬ ਨੀਤੀ ਬਣਾ ਸਕਦੀ ਹੈ? ਇਹ ਦੋਵੇਂ ਸ਼ਖਸੀਅਤਾਂ ਤਾਂ ਸਾਧਾਰਨ ਲੋਕਾਂ ਨੂੰ ਪ੍ਰਣਾਈਆਂ ਹੋਈਆਂ ਸਨ ਤੇ ਇਹ ਕਦੇ ਵੀ ਸਰਕਾਰ ਦੀ ਬਜਾਇ ਕਾਰਪੋਰੇਟ ਦੇ ਪੱਖ ਵਿੱਚ ਨਹੀਂ ਸਨ। ਇਸੇ ਤਰ੍ਹਾਂ 'ਆਪ' ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨਾਲ ਕੁੱਟ ਮਾਰ ਤੇ ਹੋਰਨਾਂ ਆਗੂਆਂ ਨੂੰ ਜੇਲ੍ਹ ਹੋਣ ਦੇ ਬਾਵਜੂਦ ਏ.ਸੀ. ਹਸਪਤਾਲਾਂ ਵਿੱਚ ਰੱਖਿਆ ਜਾਣਾ ਕਿੱਥੋਂ ਦੀ ਨੈਤਿਕਤਾ ਹੈ?

ਪੰਜਾਬ ਦੇ ਲੋਕ ਪਿਛਲੇ ਵਰ੍ਹੇ ਘੱਗਰ 'ਚ ਆਏ ਹੜ੍ਹਾਂ ਦੇ ਮਾਮਲੇ ਵਿੱਚ ਵੀ ਸਰਕਾਰੀ ਕਾਰਗੁਜ਼ਾਰੀ ਤੋਂ ਅਸੰਤੁਸ਼ਟ ਜਾਪੇ। ਲੋਕਾਂ ਦਾ ਕਹਿਣਾ ਹੈ ਕਿ ਘੱਗਰ ਬਾਰੇ ਇਸ ਸਰਕਾਰ ਦੀ ਨੀਤੀ ਵਿੱਚ ਵੀ ਹੋਰਨਾਂ ਸਰਕਾਰਾਂ ਮੁਕਾਬਲੇ ਕੋਈ ਦੂਰਦਰਸ਼ਤਾ ਨਜ਼ਰ ਨਹੀਂ ਆ ਰਹੀ। ਅਸਲ ਵਿੱਚ ਜੇ ਘੱਗਰ ਲਈ ਅੱਜ ਕੰਮ ਸ਼ੁਰੂ ਕੀਤਾ ਜਾਵੇ ਤਾਂ ਇਸ ਦੇ ਨਤੀਜੇ ਅਗਲੇ ਦੱਸ ਸਾਲਾਂ ਵਿੱਚ ਸਾਹਮਣੇ ਆਉਣੇ ਹਨ। ਪੰਜਾਬ ਦੇ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਸਰਕਾਰ ਦੇ ਮੰਤਰੀ ਤੇ ਵਿਧਾਇਕ ਗੇੜੀਆਂ ਲਾ ਕੇ ਮਹਿਜ਼ ਪ੍ਰਚਾਰ ਨੂੰ ਹੀ ਅਹਿਮੀਅਤ ਦਿੰਦੇ ਹਨ, ਜਦਕਿ ਕੰਮ ਦਾ ਫਾਲੋਅੱਪ (ਕੰਮ ਦੀ ਸਥਿਤੀ) ਨਹੀਂ ਵੇਖਦੇ।

ਇਸੇ ਤਰ੍ਹਾਂ ਅੰਬਾਲਾ-ਲੁਧਿਆਣਾ ਕੌਮੀ ਮਾਰਗ ਉਤੇ ਪੈਂਦੇ ਸ਼ੰਭੂ ਬਾਰਡਰ ਉਪਰ ਲੱਗੇ ਕਿਸਾਨ ਧਰਨੇ ਬਾਰੇ ਵੀ ਇਹ ਸਰਕਾਰ ਸਪੱਸ਼ਟ ਨਜ਼ਰ ਨਹੀਂ ਆਈ। ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਉਤੇ ਚਲਾਏ ਅੱਥਰੂ ਗੈਸ ਦੇ ਗੋਲੇ ਤੇ ਕੀਤੇ ਗਏ ਹੋਰ ਧੱਕਿਆਂ ਦੇ ਬਾਵਜੂਦ ਉਹ ਪੰਜਾਬ ਦਾ ਠੋਸ ਪੱਖ ਰੱਖਣ ਵਿੱਚ ਨਾਕਾਮ ਹੀ ਜਾਪੀ। ਕੇਂਦਰ ਸਰਕਾਰ ਤੇ ਕੇਂਦਰੀ ਏਜੰਸੀਆਂ ਦੇ ਸਟੈਂਡ ਦੇ ਚੱਲਦਿਆਂ ਪੰਜਾਬ ਦੀ ਸਿਆਸਤ ਵਿੱਚ ਗਰਮ ਖਿਆਲੀਆਂ ਦੇ ਉਭਾਰ ਪੱਖੋਂ ਆ ਰਹੀ ਤਬਦੀਲੀ ਨੂੰ ਸਮਝਣ ਵਿੱਚ ਵੀ ਇਹ ਸਰਕਾਰ ਨਾਕਾਮ ਨਜ਼ਰ ਆ ਰਹੀ ਹੈ। ਪੰਜਾਬ ਵਿੱਚ ਅੰਮ੍ਰਿਤਪਾਲ ਸਿੰਘ ਵਰਗੇ ਨੌਜਵਾਨ ਨਸ਼ਿਆਂ ਦੀ ਰੋਕਥਾਮ ਦੀ ਗੱਲ ਕਹਿ ਕੇ ਆਪਣੀ ਥਾਂ ਬਣਾ ਰਹੇ ਹਨ, ਜਦਕਿ ਇਸ ਸਰਕਾਰ ਦੇ ਆਗੂ ਆਪਣੇ ਹੀ ਮੰਤਰੀਆਂ ਤੇ ਪੁਲਿਸ ਅਧਿਕਾਰੀਆਂ ਉਤੇ ਨਸ਼ਿਆਂ ਦੀ ਵਿਕਰੀ ਦੇ ਮਾਮਲੇ ਵਿੱਚ ਗੰਢ-ਤੁਪ ਦਾ ਦੋਸ਼ ਲਗਾ ਰਹੇ ਹਨ। ਇਸ ਤਰ੍ਹਾਂ ਇਹ ਸਰਕਾਰ ਨਸ਼ਿਆਂ ਦੇ ਮਾਮਲੇ ਵਿੱਚ ਠੋਸ ਕਾਰਵਾਈ ਨਾ ਕਰ ਕੇ ਕਿਤੇ ਨਾ ਕਿਤੇ ਪੰਜਾਬ ਵਿੱਚ ਗਰਮ ਖਿਆਲੀਆਂ ਦੇ ਉਭਾਰ ਬਾਰੇ ਜ਼ਿੰਮੇਵਾਰ ਵੀ ਮੰਨੀ ਜਾ ਸਕਦੀ ਹੈ।

ਚੋਣਾਂ ਵਿੱਚ 'ਆਪ' ਦਾ ਗ੍ਰਾਫ ਘਟਣ ਸਬੰਧੀ ਇੱਕ ਹੋਰ ਸਭ ਤੋਂ ਅਹਿਮ ਗੱਲ ਪੰਜਾਬੀਆਂ ਦੇ ਸੁਭਾਅ ਦੀ ਹੈ। ਇਸ ਸਮੇਂ ਪੰਜਾਬ ਦੀ ਸਰਕਾਰ ਦਾ ਪ੍ਰਭਾਵ ਦਿੱਲੀ ਵਾਲਿਆਂ ਥੱਲੇ ਲੱਗਣ ਦਾ ਹੈ, ਜੋ ਕਿ ਪੰਜਾਬੀਆਂ ਨੂੰ ਬਿਲਕੁਲ ਵੀ ਪਸੰਦ ਨਹੀਂ ਹੈ। ਪੰਜਾਬੀ ਕਿਸੇ ਦੀ ਮਹਿਮਾਨ-ਨਵਾਜ਼ੀ ਵਿੱਚ ਬਿਲਕੁਲ ਪਿੱਛੇ ਨਹੀਂ ਹਟਦੇ, ਪਰ ਜੇ ਅੱਗ ਲੈਣ ਆਈ ਘਰ ਬਾਰਣ ਬਣ ਬੈਠੇ ਤਾਂ ਪੰਜਾਬੀ ਸਹਿਣ ਨਹੀਂ ਕਰਦੇ। ਪੰਜਾਬ ਦੇ ਲੋਕ ਇਨ੍ਹਾਂ ਸਾਰੀਆਂ ਗੱਲਾਂ ਨੂੰ ਗਹੁ ਨਾਲ ਵੇਖ ਰਹੇ ਹਨ। ਉਂਝ ਲੋਕਾਂ ਨੇ ਆਪਣਾ ਫਤਵਾ ਦੇ ਦਿੱਤਾ ਹੈ ਤੇ ਹੁਕਮਰਾਨਾਂ ਨੇ ਇਹ ਫਤਵਾ ਭਾਂਪ ਵੀ ਲਿਆ ਹੈ। ਹੁਣ ਵੇਖਣਾ ਇਹ ਹੈ ਕਿ ਬਦਲਾਅ ਵਾਲੇ ਆਪਣੇ ਇਸ ਘਟਦੇ ਗ੍ਰਾਫ ਨੂੰ ਕਿਵੇਂ ਲੈਂਦੇ ਹਨ ਤੇ ਭਵਿੱਖ ਵਿੱਚ ਇਸ ਸਬੰਧੀ ਕੀ ਬਦਲਾਅ ਕਰਦੇ ਹਨ?

# ਪੰਜਾਬ ਵਿੱਚ ਲੋਕ ਸਭਾ ਚੋਣ ਨਤੀਜਿਆਂ ਦਾ ਸੱਚ

**ਸੁਖਦੇਵ ਸਿੰਘ (ਅੰਮ੍ਰਿਤਸਰ)**
ਫੋਨ: +91-9464225655

*ਪੰਜਾਬ ਵਿੱਚ ਚੋਣ ਨਤੀਜੇ ਮੁੱਖ ਤੌਰ 'ਤੇ ਜੇਤੂ ਉਮੀਦਵਾਰਾਂ ਨੂੰ ਚੁਣਨ ਨਾਲੋਂ ਦੂਜੇ ਉਮੀਦਵਾਰਾਂ ਨੂੰ ਨਕਾਰਨ ਦੀ ਪ੍ਰਕਿਰਿਆ 'ਤੇ ਆਧਾਰਿਤ*

ਪੰਜਾਬ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਬਿਨਾ ਕਿਸੇ ਲਹਿਰ ਜਾਂ ਉਤਸ਼ਾਹ ਅਤੇ ਲੋਕਾਂ ਵਿੱਚ ਪਸਰੀ ਰਹੱਸਮਈ ਚੁੱਪ ਦੇ ਮਾਹੌਲ ਵਿੱਚ ਨਿਰਵਿਘਨ ਸੰਪੰਨ ਹੋ ਗਈਆਂ। ਸੀ.ਪੀ.ਆਈ.-ਸੀ.ਪੀ.ਆਈ.-ਐਮ. ਨੂੰ ਛੱਡ ਕੇ ਜ਼ਿਆਦਾਤਰ ਸਿਆਸੀ ਪਾਰਟੀਆਂ ਨੇ ਸਾਰੀਆਂ ਤੇਰਾਂ ਸੀਟਾਂ 'ਤੇ ਆਪਣੀ ਜਿੱਤ ਦਾ ਦਾਅਵਾ ਕਰਦਿਆਂ, ਪਰ ਦਿਲ ਵਿੱਚ ਡਰ ਨਾਲ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ। ਵੋਟਾਂ ਪਾਉਣ ਦੀ ਦਰ ਪੰਜਾਬ ਵਿੱਚ ਪਿਛਲੀਆਂ ਚੋਣਾਂ ਅਤੇ ਮੌਜੂਦਾ ਰਾਸ਼ਟਰੀ ਚੋਣਾਂ ਦੀ ਵੋਟ ਦਰ ਨਾਲੋਂ ਘੱਟ ਰਹੀ ਹੈ।

ਆਪਣੇ ਬਾਰੇ ਚੰਗੀ, ਪਰ ਦੂਜਿਆਂ ਬਾਰੇ ਮਨਫੀ ਰਾਇ ਬਣਾ ਕੇ ਅਤੇ ਵੱਧ ਸੀਟਾਂ ਦੇ ਲਾਲਚ ਵਿੱਚ ਸਿਆਸੀ ਪਾਰਟੀਆਂ ਆਪਸ ਵਿੱਚ ਗਠਜੋੜ ਨਹੀਂ ਬਣਾ ਸਕੀਆਂ। ਇਸ ਕਰ ਕੇ ਲੋਕਾਂ ਤੋਂ ਵੋਟ ਹਾਸਲ ਕਰਨ ਲਈ ਉਨ੍ਹਾਂ ਦੇ ਦਿਲਾਂ ਤੱਕ ਪਹੁੰਚਣ ਦੀ ਬਜਾਇ ਪਾਰਟੀਆਂ ਇੱਕ ਦੂਜੇ ਦੇ ਨੇਤਾਵਾਂ ਵੱਲੋਂ ਦਲ-ਬਦਲੀ ਦੀ ਖੇਡ ਵਿੱਚ ਰੁੱਝ ਗਈਆਂ ਤਾਂ ਜੋ ਉਹ ਲੋਕਾਂ ਸਾਹਮਣੇ ਮਜ਼ਬੂਤ ਨੇਤਾਵਾਂ ਨੂੰ ਆਪਣੇ ਉਮੀਦਵਾਰਾਂ ਵਜੋਂ ਪੇਸ਼ ਕਰ ਸਕਣ। ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਆਪਣੇ ਨੇਤਾਵਾਂ ਦੀ ਕਾਰਗੁਜ਼ਾਰੀ ਲੋਕ ਪੱਖੀ ਬਣਾਉਣ ਨਾਲੋਂ ਦਲ ਬਦਲ ਕੇ ਆਏ ਨੇਤਾਵਾਂ ਦੇ ਬਲਬੂਤੇ ਚੋਣਾਂ ਜਿੱਤਣ ਦਾ ਭਰਮ ਸਿਆਸੀ ਪਾਰਟੀਆਂ ਦੇ ਕਿਰਦਾਰ ਅਤੇ ਲੋਕਤੰਤਰ ਦੇ ਪੱਧਰ ਨੂੰ ਬਿਆਨ ਕਰਦਾ ਹੈ ਪਰ ਪੰਜਾਬ ਵਿੱਚ 2024 ਲੋਕ ਸਭਾ ਚੋਣਾਂ ਬਦਕਿਸਮਤੀ ਨਾਲ ਅਜਿਹੇ ਮਾਹੌਲ ਵਿੱਚ ਹੀ ਲੜੀਆਂ ਗਈਆਂ ਹਨ। ਇਸੇ ਕਰਕੇ ਇਹ ਚੋਣ ਬਿਲਕੁਲ ਉਤਸ਼ਾਹਹੀਣ ਰਹੀ ਹੈ।

ਲੋਕਾਂ ਦਾ ਮਨ ਸਮਝੇ ਬਿਨਾ ਹੈਸੀਅਤ ਤੋਂ ਜ਼ਿਆਦਾ ਹਿੱਸੇ ਦੀ ਹਿਰਸ ਵਿੱਚ ਲੰਬੇ ਸਮੇਂ ਤੋਂ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ 2024 ਚੋਣਾਂ ਵਿੱਚ ਗਠਜੋੜ ਕਾਇਮ ਨਹੀਂ ਕਰ ਸਕੀਆਂ ਅਤੇ ਉਨ੍ਹਾਂ ਨੇ ਆਪਣੇ ਵੱਖੋ-ਵੱਖਰੇ ਉਮੀਦਵਾਰਾਂ ਨੂੰ ਮੈਦਾਨ ਵਿੱਚ ਉਤਾਰਿਆ। ਭਾਜਪਾ ਦਾ ਟੀਚਾ ਸੂਬਾ ਕਾਂਗਰਸ ਅਤੇ ਆਮ ਆਦਮੀ ਪਾਰਟੀ ਤੋਂ ਪਲਟੀ ਮਾਰ ਕੇ ਆਏ ਉਮੀਦਵਾਰਾਂ ਉੱਤੇ ਟੇਕ ਰੱਖ ਕੇ ਪੰਜਾਬ ਵਿੱਚ ਤੇਰਾਂ ਦੀਆਂ ਤੇਰਾਂ ਸੀਟਾਂ ਜਿੱਤਣ ਦਾ ਸੀ।

ਆਮ ਆਦਮੀ ਪਾਰਟੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦਾ ਰਾਸ਼ਟਰੀ ਪੱਧਰ 'ਤੇ ਗਠਜੋੜ ਹੋਣ ਦੇ ਬਾਵਜੂਦ ਉਨ੍ਹਾਂ ਦਰਮਿਆਨ ਸੀਟਾਂ ਦੀ ਵੰਡ 'ਤੇ ਸਹਿਮਤੀ ਨਾ ਹੋ ਸਕੀ ਅਤੇ ਉਨ੍ਹਾਂ ਨੇ ਹਰ ਹਲਕੇ ਵਿੱਚ ਆਪਣੇ ਉਮੀਦਵਾਰ ਖੜ੍ਹੇ ਕੀਤੇ। ਆਮ ਆਦਮੀ ਪਾਰਟੀ 2022 ਦੀ ਜਿੱਤ ਤੋਂ ਹੀ ਨਹੀਂ ਨਿਕਲ ਸਕੀ। ਉਹ ਇਸ ਭਰਮ ਵਿੱਚ ਹੀ ਰਹੇ ਕਿ ਵੋਟਰ ਉਨ੍ਹਾਂ ਦੇ ਦੀਵਾਨੇ ਹੋ ਗਏ ਸਨ। ਉਨ੍ਹਾਂ ਇਹ ਨਹੀਂ ਸਮਝਿਆ ਕਿ 2022 ਵਿੱਚ ਵੋਟਰਾਂ ਨੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਮਾੜੀ ਕਾਰਗੁਜ਼ਾਰੀ ਅਤੇ ਵਾਅਦਾ ਖ਼ਿਲਾਫ਼ੀ ਕਾਰਨ ਨਕਾਰ ਕੇ ਉਨ੍ਹਾਂ ਨੂੰ ਮੌਕਾ ਦਿੱਤਾ ਸੀ, ਨਾ ਕਿ ਇਸ ਕਰਕੇ ਕਿ ਉਨ੍ਹਾਂ ਵਿੱਚ ਕੋਈ ਜਾਦੂਈ ਗੁਣ ਸਨ।

ਇਨ੍ਹਾਂ ਤੋਂ ਇਲਾਵਾ ਹੋਰ ਸਿਆਸੀ ਪਾਰਟੀਆਂ ਜਿਵੇਂ ਬਹੁਜਨ ਸਮਾਜ ਪਾਰਟੀ (ਬਸਪਾ), ਅਕਾਲੀ ਦਲ (ਮਾਨ) ਅਤੇ ਸੀ.ਪੀ.ਆਈ.-ਸੀ.ਪੀ.ਆਈ.-ਐਮ. ਨੇ ਵੀ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ, ਪਰ ਵੋਟਰਾਂ ਨੇ ਬਿਨਾ ਉਤਸ਼ਾਹ ਜ਼ਾਹਿਰ ਕੀਤੇ ਆਪਣੀ ਸਮਝ ਅਨੁਸਾਰ ਸੱਤ ਕਾਂਗਰਸੀ, ਤਿੰਨ 'ਆਪ', ਇੱਕ ਅਕਾਲੀ ਦਲ ਅਤੇ ਦੋ ਆਜ਼ਾਦ ਉਮੀਦਵਾਰਾਂ ਨੂੰ ਚੁਣ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

ਰਾਜ ਵਿੱਚ ਸੱਤਾਧਾਰੀ ਪਾਰਟੀ 'ਆਪ' ਨੇ 26.02% ਦੇ ਵੋਟ ਹਿੱਸੇ ਨਾਲ ਸਿਰਫ਼ ਤਿੰਨ ਸੀਟਾਂ ਹੀ ਜਿੱਤੀਆਂ ਹਨ ਅਤੇ ਸਿਰਫ਼ 32 ਵਿਧਾਨ ਸਭਾ ਹਲਕਿਆਂ ਵਿੱਚ ਹੀ ਅਗਵਾਈ ਕਰ ਸਕੀ ਹੈ। ਚੋਣਾਂ ਦੇ ਇਹ ਨਤੀਜੇ 'ਆਪ' ਲਈ ਗੰਭੀਰ ਆਤਮ-ਪੜਚੋਲ ਦੀ ਮੰਗ ਕਰਦੇ ਹਨ। ਭਾਜਪਾ, ਕਾਂਗਰਸ ਦੇ ਵੱਡੇ ਨੇਤਾਵਾਂ ਨੂੰ ਭਾਰੀ ਦਲ ਬਦਲੀ ਕਰਵਾ ਕੇ ਆਪਣੇ ਉਮੀਦਵਾਰ ਬਣਾਉਣ ਦੇ ਬਾਵਜੂਦ ਕੋਈ ਵੀ ਸੀਟ ਨਹੀਂ ਜਿੱਤ ਸਕੀ। ਹਾਲਾਂ ਕਿ ਇਨ੍ਹਾਂ ਨੇਤਾਵਾਂ ਦੇ ਬਲਬੂਤੇ ਇਹ ਆਪਣਾ ਵੋਟ ਹਿੱਸਾ 18.56% ਤੱਕ ਵਧਾਉਣ ਅਤੇ 23 ਵਿਧਾਨ ਸਭਾ ਹਲਕਿਆਂ ਵਿੱਚ ਮੋਹਰੀ ਹੋਣ ਵਿੱਚ ਸਫਲ ਰਹੀ ਹੈ। ਇਹ ਵੋਟ ਹਿੱਸਾ ਇਨ੍ਹਾਂ ਨੇਤਾਵਾਂ ਦੇ ਚਲੇ ਜਾਣ 'ਤੇ ਨਾਲ ਹੀ ਚਲਾ ਜਾਵੇਗਾ।

ਵੋਟਰਾਂ ਨੇ ਕਾਂਗਰਸ ਨੂੰ 26.3% ਦੇ ਵੋਟ ਹਿੱਸੇ ਨਾਲ 7 ਲੋਕ ਸਭਾ ਹਲਕਿਆਂ ਵਿੱਚ ਬਹੁਮੱਤ ਦਿੱਤਾ ਹੈ ਅਤੇ 38 ਵਿਧਾਨ ਸਭਾ ਹਲਕਿਆਂ ਵਿੱਚ ਮੋਹਰੀ ਸਾਬਿਤ ਕੀਤਾ ਹੈ। ਵੋਟਰਾਂ ਨੇ ਦੋ ਨਵੇਂ ਆਜ਼ਾਦ ਉਮੀਦਵਾਰਾਂ ਨੂੰ ਜਿੱਤ ਹਾਸਿਲ ਕਰਵਾਈ ਹੈ, ਜਦ ਕਿ ਉਨ੍ਹਾਂ ਦੇ ਹੱਕ ਵਿੱਚ ਨਾ ਤਾਂ ਕਿਸੇ ਵੱਡੇ ਆਗੂ ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਨੇ ਸਮਰਥਨ ਦਿੱਤਾ ਹੈ। ਇਨ੍ਹਾਂ ਦੋਵਾਂ ਉਮੀਦਵਾਰਾਂ ਨੇ ਵੱਖੋ ਵੱਖਰੇ ਤੌਰ 'ਤੇ ਚੋਣ ਲੜੀ, ਪਰ ਦੋਵੇਂ ਇੱਕੋ ਮੋੜ 'ਤੇ ਖੜ੍ਹੇ ਹਨ ਕਿ ਰਾਸ਼ਟਰੀ ਸਿਆਸਤ ਵਿੱਚ ਕੀ ਚੁਣਨ! ਵੋਟਰਾਂ ਦੀ ਜੀਵਨ ਬਿਹਤਰੀ ਲਈ ਮੁੱਦਾ ਆਧਾਰਤ ਚੋਣ ਕਰਨੀ ਚਾਹੀਦੀ ਹੈ, ਨਾ ਕਿ ਭਾਵਨਾ ਆਧਾਰਤ।

ਪੰਜਾਬ ਵਿੱਚ 2024 ਦੇ ਚੋਣ ਨਤੀਜਿਆਂ ਨੂੰ ਰਾਜਨੀਤਕ ਦਲ ਅਤੇ ਟਿੱਪਣੀਕਾਰ ਵੱਖੋ-ਵੱਖਰੇ ਤਰੀਕੇ ਨਾਲ ਸਮਝ ਰਹੇ ਹਨ। ਅਸਲ ਵਿੱਚ ਇਹ ਚੋਣ ਨਤੀਜੇ ਰਾਜ ਅਤੇ ਕੇਂਦਰ ਵਿੱਚ ਤਤਕਾਲੀ ਸੱਤਾਧਾਰੀ ਪਾਰਟੀਆਂ ਵੱਲੋਂ ਲੋਕਾਂ ਦੇ ਹੱਕ ਵਿੱਚ ਨਾ ਭੁਗਤਣ ਕਰ ਕੇ ਉਨ੍ਹਾਂ ਦੇ ਉਲਟ ਫਤਵਾ ਹਨ, ਨਾ ਕਿ ਜੇਤੂਆਂ ਦੇ ਹੱਕ ਵਿੱਚ। ਪੰਜਾਬ ਦੇ ਵੋਟਰਾਂ ਨੇ ਸਪੱਸ਼ਟ ਕੀਤਾ ਹੈ ਕਿ ਉਹ ਆਪਣੀ ਸਿਆਸੀ ਪਛਾਣ ਅਤੇ ਆਪਣਾ ਸਿਆਸੀ ਵਿਹਾਰ ਮੁੱਖ ਤੌਰ 'ਤੇ ਧਰਮ ਨਿਰਪੱਖ ਅਤੇ ਪੱਖਪਾਤ ਰਹਿਤ ਰੱਖਦੇ ਹਨ। ਦੋ ਆਜ਼ਾਦ ਉਮੀਦਵਾਰਾਂ ਦੀ ਜਿੱਤ, ਜਿਸ ਨੂੰ ਕੁਝ ਲੋਕ ਗੂੜ੍ਹੀ ਧਾਰਮਿਕ ਰੰਗਤ ਦੇ ਰਹੇ ਹਨ, ਵੀ ਧਾਰਮਿਕ ਧਰੁਵੀਕਰਨ ਨਾ ਹੋ ਕੇ ਸਥਾਨਕ ਅਤੇ ਆਮ ਜੀਵਨ ਤੋਂ ਪ੍ਰਭਾਵਿਤ ਹੈ ਅਤੇ ਦੂਜੇ ਉਮੀਦਵਾਰਾਂ ਨੂੰ ਅਸਵੀਕਾਰਨ ਦਾ ਸਿੱਟਾ ਹੈ। ਜਿੱਥੇ ਖਡੂਰ ਸਾਹਿਬ ਵਿੱਚ ਜੇਤੂ ਉਮੀਦਵਾਰ ਦੀ ਕਾਮਯਾਬ ਨਸ਼ਾ ਛਡਾਊ ਮੁਹਿੰਮ ਅਤੇ ਜੇਲ੍ਹ ਦੇ ਰੂਪ ਵਿੱਚ ਉਸ ਦੀ ਕਸੂਰ ਤੋਂ ਵੱਧ ਸਜ਼ਾ ਪ੍ਰਤੀ ਹਮਦਰਦੀ ਅਤੇ ਵੋਟਰਾਂ ਦੀ ਰਾਜਨੀਤਕ ਪਾਰਟੀਆਂ ਨਾਲ ਨਾਰਾਜ਼ਗੀ ਕੰਮ ਆਈ ਹੈ, ਉੱਥੇ ਫਰੀਦਕੋਟ ਵਿੱਚ ਰਾਜਨੀਤਕ ਪਾਰਟੀਆਂ ਦੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਸਬੰਧੀ ਇਮਾਨਦਾਰੀ ਨਾਲੋਂ ਆਪਸੀ ਤੂੰ-ਤੂੰ, ਮੈਂ-ਮੈਂ ਲਈ ਲੋਕਾਂ ਦੀ ਨਾਰਾਜ਼ਗੀ ਅਤੇ ਜੇਤੂ ਉਮੀਦਵਾਰ ਲਈ ਲੋਕਾਂ ਦੀ ਹਮਦਰਦੀ ਕਾਰਗਰ ਰਹੀ ਹੈ। ਇਨ੍ਹਾਂ ਉਮੀਦਵਾਰਾਂ ਦੀ ਜਿੱਤ ਨਿਰੋਲ ਪੰਥਕ ਉਮੀਦਵਾਰਾਂ ਵਜੋਂ ਬਿਆਨ ਨਹੀਂ ਕੀਤੀ ਜਾ ਸਕਦੀ, ਕਿਉਂਕਿ ਪੰਥਕ ਏਜੰਡੇ ਦੇ ਦਾਅਵੇਦਾਰ ਵਜੋਂ ਅਕਾਲੀ ਦਲ (ਮਾਨ) ਦੇ ਉਮੀਦਵਾਰ ਵੀ ਚੋਣ ਮੈਦਾਨ ਵਿੱਚ ਸਨ। ਇਸ ਤੋਂ ਇਲਾਵਾ ਨਾ ਤਾਂ ਇਨ੍ਹਾਂ ਜੇਤੂ ਉਮੀਦਵਾਰਾਂ ਨੇ ਹਿੰਦੂ ਭਾਈਚਾਰੇ ਪ੍ਰਤੀ ਕੋਈ ਨਫ਼ਰਤ ਭਰੀ ਬਿਆਨਬਾਜ਼ੀ ਅਤੇ ਨਾ ਹੀ ਹਿੰਦੂ ਭਾਈਚਾਰੇ ਵੱਲੋਂ ਇਨ੍ਹਾਂ ਦਾ ਪੰਥਕ ਉਮੀਦਵਾਰਾਂ ਵਜੋਂ ਕੋਈ ਜ਼ਾਹਰਾ ਵਿਰੋਧ ਕੀਤਾ ਗਿਆ ਹੈ।

ਪੰਜਾਬ ਦੇ ਵੋਟਰਾਂ ਨੇ ਵੋਟਾਂ ਤੋਂ ਪਹਿਲਾਂ ਚੁੱਪ ਧਾਰ ਕੇ ਪਰ ਵੋਟਾਂ ਵਾਲੇ ਦਿਨ ਆਪਣੀ ਤਾਕਤ ਦੀ ਸੁਤੰਤਰਤਾ ਅਤੇ ਸੂਝ-ਬੂਝ ਨਾਲ ਵਰਤੋਂ ਕਰਕੇ ਆਪਣੇ ਕਿਰਦਾਰ ਤੇ ਸ਼ਕਤੀ ਦਾ ਰੰਗ ਬੰਨ੍ਹਿਆ ਹੈ। ਉਨ੍ਹਾਂ ਨੇ ਧਰਮ, ਜਾਤ ਅਤੇ ਸ਼ਹਿਰੀ/ਪੇਂਡੂ ਧਰੁਵੀਕਰਨ ਦੇ ਪ੍ਰਮੁੱਖ ਭਾਸ਼ਣਾਂ ਨੂੰ ਰੱਦ ਕਰ ਦਿੱਤਾ ਹੈ।

ਪੰਜਾਬ ਦੇ ਵੋਟਰਾਂ ਨੇ ਕਾਂਗਰਸ ਨੂੰ ਖੇਤੀ ਉਪਜ ਲਈ ਘੱਟੋ-ਘੱਟ ਸਮਰਥਨ ਮੁੱਲ ਅਤੇ ਖੇਤੀਬਾੜੀ ਨੂੰ ਸੰਕਟ 'ਚੋਂ ਕੱਢਣ ਦੇ ਵਾਅਦੇ 'ਤੇ ਵੋਟ ਪਾਈ ਹੈ, ਕਿਉਂਕਿ ਖੇਤੀ ਹੀ ਅਜੇ ਤੱਕ ਪੰਜਾਬ ਦੀ ਆਰਥਿਕਤਾ ਦਾ ਧੁਰਾ ਹੈ। ਹਰ ਕੋਈ ਰਾਜ ਵਿੱਚ ਖੇਤੀਬਾੜੀ ਦੀ ਸਾਰਥਕਤਾ ਨੂੰ ਸਮਝਦਾ ਹੈ। ਅਸਲ ਵਿੱਚ ਇਹ ਪੰਜਾਬ ਦੀ ਸਮੂਹਿਕ ਚੇਤਨਾ ਦਾ ਹਿੱਸਾ ਹੈ। ਪੰਜਾਬ ਵਿੱਚ ਚੋਣ ਨਤੀਜੇ ਮੁੱਖ ਤੌਰ 'ਤੇ ਜੇਤੂ ਉਮੀਦਵਾਰਾਂ ਨੂੰ ਚੁਣਨ ਨਾਲੋਂ ਦੂਜੇ ਉਮੀਦਵਾਰਾਂ ਨੂੰ ਨਕਾਰਨ ਦੀ ਪ੍ਰਕਿਰਿਆ 'ਤੇ ਆਧਾਰਿਤ ਹਨ।

# ਭਾਰਤੀ ਅਥਲੈਟਿਕਸ ਦੀ 'ਗੋਲਡਨ ਗਰਲ' ਮਨਜੀਤ ਕੌਰ

***ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਕੌਮਾਂਤਰੀ ਪੱਧਰ 'ਤੇ 22 ਸੋਨੇ, 7 ਚਾਂਦੀ ਤੇ 7 ਕਾਂਸੀ ਦੇ ਤਮਗੇ ਜਿੱਤਣ ਵਾਲੀ ਭਾਰਤੀ ਅਥਲੈਟਿਕਸ ਦੀ 'ਗੋਲਡਨ ਗਰਲ' ਮਨਜੀਤ ਕੌਰ ਦਾ ਕਿੱਸਾ ਛੋਹਿਆ ਹੈ। ਮਨਜੀਤ ਏਸ਼ਿਆਈ ਖੇਡਾਂ ਤੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਗੋਲਡਨ ਹੈਟ੍ਰਿਕ ਮਾਰਨ ਵਾਲੀ ਪਹਿਲੀ ਅਥਲੀਟ ਹੈ। ਕਿਸੇ ਸਮੇਂ ਉਹ ਰਿਲੇਅ ਟੀਮ ਦਾ ਬ੍ਰਹਮ ਅਸਤਰ ਵਜੋਂ ਜਾਣੀ ਜਾਂਦੀ ਸੀ***

ਖਿਡਾਰੀ ਪੰਜ-ਆਬ ਦੇ (20)

ਨਵਦੀਪ ਸਿੰਘ ਗਿੱਲ
ਫੋਨ: +91-9780036216





ਮਨਜੀਤ ਕੌਰ ਭਾਰਤੀ ਅਥਲੈਟਿਕਸ ਦੀ ਗੋਲਡਨ ਗਰਲ ਹੈ, ਜਿਸ ਤੋਂ ਵੱਧ ਪ੍ਰਾਪਤੀਆਂ ਕਿਸੇ ਭਾਰਤੀ ਅਥਲੀਟ ਦੇ ਹਿੱਸੇ ਨਹੀਂ ਆਈਆਂ। ਉਹ ਏਸ਼ਿਆਈ ਖੇਡਾਂ ਤੇ ਏਸ਼ੀਅਨ ਚੈਂਪੀਅਨਸ਼ਿਪ ਦੋਵਾਂ ਵਿੱਚ ਗੋਲਡਨ ਹੈਟ੍ਰਿਕ ਮਾਰਨ ਵਾਲੀ ਪਹਿਲੀ ਅਥਲੀਟ ਹੈ। ਰਾਸ਼ਟਰਮੰਡਲ ਖੇਡਾਂ ਵਿੱਚ ਇੱਕ ਵਾਰ ਚੈਂਪੀਅਨ ਤੇ ਦੂਜੀ ਵਾਰ ਚਾਂਦੀ ਦਾ ਤਮਗਾ ਜਿੱਤਣ ਵਾਲੀ ਮਨਜੀਤ ਨੂੰ ਰਿਲੇਅ ਟੀਮ ਦਾ ਬ੍ਰਹਮ ਅਸਤਰ ਕਿਹਾ ਜਾਂਦਾ ਸੀ, ਜਿਹੜਾ ਕਦੇ ਵੀ ਅਚੂਕ ਨਹੀਂ ਗਿਆ। ਮਹਿਲਾ ਅਥਲੈਟਿਕਸ ਵਿੱਚ ਜੇ ਪੀ.ਟੀ. ਊਸ਼ਾ ਨੂੰ ਕੇਰਲਾ ਐਕਸਪ੍ਰੈਸ ਕਿਹਾ ਜਾਂਦਾ ਹੈ ਤਾਂ ਮਨਜੀਤ ਕੌਰ ਵੀ ਪੰਜਾਬ ਮੇਲ ਹੈ। ਮਨਜੀਤ ਤੋਂ ਪਹਿਲਾਂ ਭਾਰਤੀ ਅਥਲੈਟਿਕਸ ਵਿੱਚ ਸਿਰਫ ਮਿਲਖਾ ਸਿੰਘ ਇੱਕੋ ਵੇਲੇ ਏਸ਼ਿਆਈ ਤੇ ਰਾਸ਼ਟਰਮੰਡਲ ਖੇਡਾਂ ਦਾ ਚੈਂਪੀਅਨ ਬਣਿਆ ਸੀ।

ਮਨਜੀਤ ਕੌਰ ਨੂੰ ਟਰੈਕ ਦੀ ਮਲਿਕਾ ਵੀ ਆਖਿਆ ਜਾਂਦਾ ਹੈ ਤੇ ਭਾਰਤੀ ਅਥਲੈਟਿਕਸ ਦੀ ਸ਼ਾਹ ਅਸਵਾਰ ਵੀ। ਉਹ ਸਿਰੜ ਤੇ ਸਿਦਕ ਦੀ ਮੁਜੱਸਮਾ ਹੈ। ਸਾਊ ਤੇ ਸਹਿਣਸ਼ੀਲ ਉਸ ਤੋਂ ਵੱਡੀ ਕੋਈ ਅਥਲੀਟ ਨਹੀਂ ਹੈ। ਉਸ ਨੇ ਸਭ ਤੋਂ ਲੰਬਾ ਸਮਾਂ ਅਤੇ ਸਭ ਤੋਂ ਵੱਧ ਟਰੈਕ 'ਤੇ ਰਾਜ ਕੀਤਾ ਹੈ। ਜਦੋਂ ਉਹ ਆਪਣੀਆਂ ਲੰਬੀਆਂ-ਲੰਬੀਆਂ ਲੱਤਾਂ ਨਾਲ ਹਿਰਨ ਵਾਂਗ ਦੌੜਦੀ ਹੋਈ ਫਿਨਿਸ਼ਿੰਗ ਲਾਈਨ 'ਤੇ ਪਹੁੰਚਣ ਵਾਲੀ ਹੁੰਦੀ ਹੈ ਤਾਂ ਉਹਦੀਆਂ ਅੱਖਾਂ ਵਿੱਚ ਸੰਤੁਸ਼ਟੀ ਦੇ ਨਾਲ ਨਾਲ ਜਿੱਤ ਦਾ ਸਰੂਰ ਵੀ ਹੁੰਦਾ ਹੈ। ਦੌੜਦੇ ਸਮੇਂ ਉਸ ਦੀ ਗੁੱਤ ਵੀ ਪਿੱਠ ਉੱਪਰ ਛਾਲਾਂ ਲਗਾ ਰਹੀ ਹੁੰਦੀ ਹੈ। 400 ਮੀਟਰ ਦੀ ਕਰਵ ਉਤੇ ਉਸ ਦੀ ਦੌੜ ਵਿੱਚ ਹੋਰ ਵੀ ਤੇਜ਼ੀ ਆ ਜਾਂਦੀ ਸੀ। ਉਸ ਨੇ ਕਹਿੰਦੀਆਂ ਕਹਾਉਂਦੀਆਂ ਅਥਲੀਟਾਂ ਨੂੰ ਇਸੇ ਕਰਵ ਉਤੇ ਮਾਤ ਦੇ ਕੇ ਆਪਣਾ ਸੋਨ ਤਮਗਾ ਪੱਕਾ ਕੀਤਾ ਹੈ। ਉਸ ਦੇ ਸਿਰੜ ਦੀ ਗੱਲ ਕਰੀਏ ਤਾਂ ਇੱਕ ਵਾਰ ਜ਼ਖਮਾਂ ਦੀ ਤਾਬ ਝਲਦੀ ਹੋਈ ਮਨਜੀਤ ਨੇ ਭਾਰਤ ਨੂੰ ਏਸ਼ਿਆਈ ਖੇਡਾਂ ਦਾ ਚੈਂਪੀਅਨ ਬਣਾਇਆ। ਮਨਜੀਤ ਦੇ ਘਰਦਿਆਂ ਨੇ ਜਦੋਂ ਉਸ ਲਈ ਮੁੰਡਾ ਲੱਭਿਆ ਤਾਂ ਉਹ ਵੀ ਏਸ਼ੀਆ ਦਾ ਚੈਂਪੀਅਨ ਤੇ ਹਾਕੀ ਓਲੰਪੀਅਨ।

ਮਨਜੀਤ ਕੌਰ ਦਾ ਜਨਮ 4 ਅਪਰੈਲ 1982 ਨੂੰ ਪਿੰਡ ਸੈਣਪੁਰ ਵਿਖੇ ਹਰਭਜਨ ਸਿੰਘ ਸੈਣੀ ਦੇ ਘਰ ਮਾਤਾ ਬਲਦੇਵ ਕੌਰ ਦੀ ਕੁਖੋਂ ਹੋਇਆ। ਮਨਜੀਤ ਹੁਰੀਂ ਪੰਜਾਂ ਭੈਣਾਂ ਅਤੇ ਇੱਕ ਭਰਾ ਹਨ। ਮਨਜੀਤ ਤੋਂ ਵੱਡੀਆਂ ਤਿੰਨ ਭੈਣਾਂ ਹਨ। 1996 ਵਿੱਚ ਅਥਲੈਟਿਕਸ ਸ਼ੁਰੂ ਕਰਨ ਵਾਲੀ ਮਨਜੀਤ ਦਾ ਮੁਢਲਾ ਕੋਚ ਨਵਤੇਜ ਸਿੰਘ ਸੀ। ਰਾਸ਼ਟਰੀ ਸਕੂਲ ਖੇਡਾਂ ਵਿੱਚ ਉਸ ਨੇ 100 ਮੀਟਰ ਦੌੜ ਵਿੱਚ ਕਾਂਸੀ ਦਾ ਤਮਗਾ ਜਿੱਤਿਆ। ਨਹਿਰੂ ਗਾਰਡਨ ਹੋਸਟਲ ਜਲੰਧਰ ਵਿੱਚ ਕੋਚ ਆਰ.ਐਸ. ਸਿੱਧੂ ਨੇ ਮਨਜੀਤ ਨੂੰ 100 ਮੀਟਰ ਦੀ ਬਜਾਏ 400 ਮੀਟਰ ਦੌੜਨ ਲਈ ਆਖਿਆ।

ਏਸ਼ਿਆਈ ਖੇਡਾਂ ਦੇ ਇਤਿਹਾਸ ਵਿੱਚ ਮਨਜੀਤ ਨੇ ਲਗਾਤਾਰ ਤਿੰਨ (ਬੁਸਾਨ-2002, ਦੋਹਾ-2006 ਤੇ ਗੁਆਂਗਜ਼ੂ-2010) ਵਿਖੇ 4 ਜਰਬ 400 ਮੀਟਰ ਰਿਲੇਅ ਦੌੜ ਵਿੱਚ ਸੋਨ ਤਮਗੇ ਜਿੱਤੇ। ਦੋਹਾ ਵਿਖੇ ਉਸ ਨੇ ਵਿਅਕਤੀਗਤ 400 ਮੀਟਰ ਵਿੱਚ ਚਾਂਦੀ ਦਾ ਤਮਗਾ ਵੀ ਜਿੱਤਿਆ। ਦੋਹਾ ਵਿਖੇ ਮਨਜੀਤ ਪੱਟਾਂ ਉਤੇ ਸੂਪ ਡੁੱਲ੍ਹਣ ਤੋਂ ਬਾਅਦ ਛਾਲਿਆਂ ਦੇ ਬਾਵਜੂਦ ਦੌੜੀ ਅਤੇ ਉਸ ਨੇ ਭਾਰਤ ਨੂੰ ਸੋਨੇ ਤੇ ਚਾਂਦੀ ਦਾ ਤਮਗਾ ਜਿਤਾਉਣ ਲਈ ਆਪਣੇ ਪਸੀਨੇ ਦੇ ਨਾਲ ਖ਼ੂਨ ਵੀ ਵਹਾਇਆ। 2006 ਵਿੱਚ ਮੈਲਬਰਨ ਰਾਸ਼ਟਰਮੰਡਲ ਖੇਡਾਂ ਵਿੱਚ ਉਸ ਨੇ ਚਾਂਦੀ ਅਤੇ 2010 ਵਿੱਚ ਦਿੱਲੀ ਰਾਸ਼ਟਰਮੰਡਲ ਖੇਡਾਂ ਵਿੱਚ ਸੋਨੇ ਦਾ ਤਮਗਾ ਜਿੱਤਿਆ। ਉਸ ਨੇ ਦੋ ਓਲੰਪਿਕ ਖੇਡਾਂ (ਏਥਨਜ਼-2004 ਤੇ ਬੀਜਿੰਗ-2008) ਵਿੱਚ ਵੀ ਹਿੱਸਾ ਲਿਆ। ਏਥਨਜ਼ ਵਿਖੇ ਮਨਜੀਤ ਵੱਲੋਂ ਵਿੱਤੋਂ ਵੱਧ ਕੇ ਜ਼ੋਰ ਲਗਾਏ ਜਾਣ ਕਰਕੇ ਭਾਰਤੀ ਟੀਮ ਫਾਈਨਲ ਵਿੱਚ ਪੁੱਜੀ।

ਸਾਲ 2004 ਵਿੱਚ ਉਸ ਨੇ ਪੈਰਿਸ ਵਿਖੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਵੀ ਭਾਰਤ ਦੀ ਪ੍ਰਤੀਨਿਧਤਾ ਕੀਤਾ। ਸਾਲ 2007 ਵਿੱਚ ਜਪਾਨ ਵਿਖੇ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਮਨਜੀਤ ਦੀ ਅਗਵਾਈ ਹੇਠ ਰਿਲੇਅ ਟੀਮ ਨੇ ਸੱਤਵਾਂ ਸਥਾਨ ਹਾਸਲ ਕੀਤਾ। 2004 ਵਿੱਚ ਉਸ ਨੇ ਥਾਈਲੈਂਡ, ਸ੍ਰੀਲੰਕਾ ਤੇ ਫਿਲਪਾਈਨਜ਼ ਵਿਖੇ ਹੋਈਆਂ ਤਿੰਨ ਏਸ਼ੀਅਨ ਗਰੈਂਡ ਪ੍ਰੀਕਸ (ਗ੍ਰਾਂ.ਪ੍ਰੀ.) ਮੁਕਾਬਲਿਆਂ ਵਿੱਚ ਤਿੰਨ ਸੋਨ ਤਮਗੇ ਜਿੱਤੇ। ਇਸੇ ਸਾਲ ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਪਹਿਲੀਆਂ ਖੇਡਾਂ ਵਿੱਚ ਮਨਜੀਤ ਨੇ 200 ਤੇ 400 ਮੀਟਰ- ਦੋਵੇਂ ਦੌੜਾਂ ਵਿੱਚ ਸੋਨ ਤਮਗੇ ਜਿੱਤੇ। ਸਾਲ 2006 ਵਿੱਚ ਪੁਣੇ, ਬੈਂਕਾਕ ਤੇ ਬੰਗਲੌਰ ਵਿਖੇ ਹੋਈਆਂ ਤਿੰਨ ਏਸ਼ੀਅਨ ਗ੍ਰਾਂ.ਪ੍ਰੀ. ਮੁਕਾਬਲਿਆਂ ਵਿੱਚ ਹਿੱਸਾ ਲੈਂਦਿਆਂ ਤਿੰਨੇ ਥਾਂ 400 ਮੀਟਰ ਵਿਅਕਤੀਗਤ ਦੌੜ ਵਿੱਚ ਕਾਂਸੀ ਦੇ ਤਮਗੇ ਜਿੱਤੇ।

ਜੂਨ 2004 ਵਿੱਚ ਚੇਨੱਈ ਵਿਖੇ ਹੋਈ ਨੈਸ਼ਨਲ ਸਰਕਟ ਅਥਲੈਟਿਕਸ ਮੀਟ ਵਿੱਚ ਮਨਜੀਤ ਨੇ 51.05 ਸਕਿੰਟ ਦੇ ਸਮੇਂ ਨਾਲ 400 ਮੀਟਰ ਦੌੜ ਵਿੱਚ ਨਵਾਂ ਕੌਮੀ ਰਿਕਾਰਡ ਬਣਾਇਆ। 2005 ਵਿੱਚ ਮਨਜੀਤ ਦੀ ਖੇਡ ਸਿਖਰ 'ਤੇ ਸੀ, ਜਦੋਂ ਉਸ ਨੇ ਇੰਚੇਓਨ ਵਿਖੇ ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ 400 ਮੀਟਰ ਵਿਅਕਤੀਗਤ ਅਤੇ 4 ਜਰਬ 400 ਮੀਟਰ ਰਿਲੇਅ ਦੌੜ ਵਿੱਚ ਦੋਹਰਾ ਸੋਨ ਤਮਗਾ ਜਿੱਤਿਆ। 2007 ਵਿੱਚ ਅਮਾਨ ਵਿਖੇ ਵੀ ਉਸ ਨੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਤਮਗਾ ਜਿੱਤਿਆ। 2009 ਵਿੱਚ ਉਸ ਨੇ ਗੁਆਂਗਜ਼ੂ ਵਿਖੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਵਿਅਕਤੀਗਤ 'ਚ ਕਾਂਸੀ ਤੇ ਰਿਲੇਅ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਸਾਲ 2008 ਵਿੱਚ ਮਨਜੀਤ ਨੇ ਏਸ਼ੀਅਨ ਇੰਡੋਰ ਚੈਂਪੀਅਨਸ਼ਿਪ ਵੀ ਜਿੱਤੀ ਅਤੇ ਵੀਅਤਨਾਮ, ਬੈਂਕਾਕ ਤੇ ਬੀਜਿੰਗ ਵਿਖੇ ਚਾਰ ਏਸ਼ੀਅਨ ਗਰੈਂਡ ਪ੍ਰੀਕਸ ਮੀਟਾਂ ਵਿੱਚ ਚਾਰ ਸੋਨ ਤਮਗੇ ਜਿੱਤੇ।

ਪੰਜਾਬ ਪੁਲਿਸ ਵਿੱਚ ਐਸ.ਪੀ. ਲੱਗੀ ਮਨਜੀਤ ਆਲ ਇੰਡੀਆ ਪੁਲਿਸ ਖੇਡਾਂ ਵਿੱਚ ਪੰਜ ਵਾਰ ਚੈਂਪੀਅਨ ਰਹੀ। ਤਿੰਨ ਵਾਰ ਉਹ ਬੈਸਟ ਅਥਲੀਟ ਰਹੀ। ਕੌਮੀ ਚੈਂਪੀਅਨਸ਼ਿਪ, ਕੌਮੀ ਖੇਡਾਂ, ਫੈਡਰੇਸ਼ਨ ਕੱਪ, ਇੰਟਰ-ਸਟੇਟ ਮੀਟ, ਨੈਸ਼ਨਲ ਸਰਕਟ ਮੀਟ ਆਦਿ ਮੁਕਾਬਲਿਆਂ ਵਿੱਚ ਤਾਂ ਉਸ ਨੇ ਢੇਰਾਂ ਤਮਗੇ ਜਿੱਤੇ। ਉਸ ਨੇ ਆਪਣੇ ਖੇਡ ਕਰੀਅਰ ਵਿੱਚ 79 ਤਮਗੇ ਜਿੱਤੇ ਹਨ, ਜਿਨ੍ਹਾਂ ਵਿੱਚੋਂ ਕੌਮਾਂਤਰੀ ਪੱਧਰ 'ਤੇ 36 ਅਤੇ ਕੌਮੀ ਪੱਧਰ 'ਤੇ ਜਿੱਤੇ 43 ਤਮਗੇ ਸ਼ਾਮਲ ਹਨ। ਇਨ੍ਹਾਂ 'ਚੋਂ 49 ਤਾਂ ਉਸ ਦੇ ਗੋਲਡ ਮੈਡਲ ਹੀ ਹਨ। ਕੌਮਾਂਤਰੀ ਪੱਧਰ 'ਤੇ ਉਸ ਨੇ 22 ਸੋਨੇ, 7 ਚਾਂਦੀ ਤੇ 7 ਕਾਂਸੀ ਦੇ ਤਮਗੇ ਜਿੱਤੇ। ਕੌਮੀ ਪੱਧਰ ਦੇ ਮੁਕਾਬਲਿਆਂ ਵਿੱਚ ਉਸ ਨੇ 29 ਸੋਨੇ, 8 ਚਾਂਦੀ ਤੇ 6 ਕਾਂਸੀ ਦੇ ਤਮਗੇ ਜਿੱਤੇ ਹਨ।



ਪ੍ਰਾਪਤੀਆਂ 'ਤੇ ਮਾਣ: ਮਨਜੀਤ ਆਪਣੀਆਂ ਜੇਤੂ ਟਰਾਫੀਆਂ ਤੇ ਮੈਡਲਾਂ ਨੂੰ ਨਿਹਾਰਦੀ ਹੋਈ

ਮਨਜੀਤ ਕੌਰ ਨੂੰ ਭਾਰਤ ਸਰਕਾਰ ਨੇ ਅਰਜੁਨਾ ਐਵਾਰਡ ਅਤੇ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸਨਮਾਨਤ ਕੀਤੀਆਂ 550 ਪ੍ਰਸਿੱਧ ਸਿੱਖ ਹਸਤੀਆਂ ਵਿੱਚ ਮਨਜੀਤ ਨੂੰ ਵੀ ਸਨਮਾਨਤ ਕੀਤਾ ਗਿਆ। ਮਨਜੀਤ ਨੂੰ ਮਿਲੇ ਹੋਰ ਸਨਮਾਨਾਂ ਵਿੱਚ ਪੰਜਾਬ ਰੂਰਲ ਸਪੋਰਟਸ ਕੌਂਸਲ ਨੇ 'ਪੰਜਾਬ ਖੇਡ ਰਤਨ', ਕਲਪਨਾ ਚਾਵਲਾ ਯਾਦਗਾਰੀ ਸੰਸਥਾ ਪੈਕ ਚੰਡੀਗੜ੍ਹ ਨੇ 'ਕਲਪਨਾ ਚਾਵਲਾ ਐਵਾਰਡ', ਕੋਟਲਾ ਸ਼ਾਹੀਆ ਵਿਖੇ ਕਮਲਜੀਤ ਖੇਡਾਂ ਦੌਰਾਨ 'ਮਾਝੇ ਦਾ ਮਾਣ', ਜਰਖੜ ਤੇ




ਪੁਰੇਵਾਲ ਦੀਆਂ ਖੇਡਾਂ ਉਤੇ ਵਿਸ਼ੇਸ਼ ਸਨਮਾਨ ਹੈ। ਰਾਜਦੀਪ ਸਿੰਘ ਗਿੱਲ ਨੇ ਹਰ ਵਾਰ ਉਸ ਦੀ ਪ੍ਰਾਪਤੀ ਤੋਂ ਬਾਅਦ ਸਨਮਾਨਤ ਕੀਤਾ। ਏਸ਼ੀਅਨ ਚੈਂਪੀਅਨਸ਼ਿਪ ਵਿੱਚ ਦੋਹਰਾ ਸੋਨ ਤਮਗਾ ਜਿੱਤ ਕੇ ਆਈ ਤਾਂ ਉਸ ਵੇਲੇ ਦੇ ਰਾਜ ਸਭਾ ਮੈਂਬਰ ਡਾ. ਮਨੋਹਰ ਸਿੰਘ ਗਿੱਲ (ਸਾਬਕਾ ਕੇਂਦਰੀ ਖੇਡ ਮੰਤਰੀ) ਨੇ ਦੋ ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ।

ਮਨਜੀਤ ਕੌਰ ਦੇ ਪਤੀ ਹਾਕੀ ਓਲੰਪੀਅਨ ਗੁਰਵਿੰਦਰ ਸਿੰਘ ਚੰਦੀ ਨੇ 2014 ਵਿੱਚ ਇੰਚੇਓਨ ਵਿਖੇ ਏਸ਼ਿਆਈ ਖੇਡਾਂ 'ਚ ਸੋਨੇ ਦਾ ਤਮਗਾ ਜਿੱਤਿਆ। ਮਨਜੀਤ ਤੇ ਗੁਰਵਿੰਦਰ ਦੀ ਜੋੜੀ ਭਾਰਤੀ ਖੇਡ ਜਗਤ ਦੀਆਂ ਖਾਸ ਜੋੜੀਆਂ ਵਿੱਚੋਂ ਇੱਕ ਹੈ, ਜਿਨ੍ਹਾਂ ਨੇ ਏਸ਼ਿਆਈ ਖੇਡਾਂ ਦਾ ਸੋਨੇ ਦਾ ਤਮਗਾ ਵੀ ਜਿੱਤਿਆ ਹੈ ਅਤੇ ਓਲੰਪਿਕ ਵਿੱਚ ਵੀ ਭਾਰਤ ਦੀ ਅਗਵਾਈ ਕੀਤੀ ਹੈ। ਗੁਰਵਿੰਦਰ ਸਿੰਘ ਚੰਦੀ ਪੰਜਾਬ ਪੁਲਿਸ ਵਿੱਚ ਡੀ.ਐਸ.ਪੀ. ਲੱਗਿਆ ਹੈ, ਜਿਸ ਦੀ ਤਾਇਨਾਤੀ ਪੀ.ਏ.ਪੀ. ਜਲੰਧਰ ਵਿਖੇ ਹੈ। ਉਨ੍ਹਾਂ ਦੀ ਚਾਰ ਵਰ੍ਹਿਆਂ ਦੀ ਬੇਟੀ ਮਨਸੀਰਤ ਐਲ.ਕੇ.ਜੀ. ਵਿੱਚ ਪੜ੍ਹਦੀ ਹੈ। ਮਨਜੀਤ ਦਾ ਭਰਾ ਦਵਿੰਦਰ ਸਿੰਘ ਪਹਿਲਾ ਉਚੀ ਛਾਲ ਲਗਾਉਂਦਾ ਸੀ ਅਤੇ ਫੇਰ ਉਸ ਨੇ 400 ਮੀਟਰ ਦੌੜ ਸ਼ੁਰੂ ਕੀਤੀ। ਉਹ ਸੈਫ ਖੇਡਾਂ ਦਾ ਵੀ ਚੈਂਪੀਅਨ ਰਿਹਾ। ਗੁਰਵਿੰਦਰ ਤੇ ਦਵਿੰਦਰ ਨੂੰ ਪਿਛਲੇ ਸਾਲ ਪੰਜਾਬ ਸਰਕਾਰ ਵੱਲੋਂ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਮਨਜੀਤ ਕੌਰ ਦੀਆਂ ਇਹ ਸੁਨਹਿਰੀ ਪ੍ਰਾਪਤੀਆਂ ਉਸ ਦੀ ਤਕੜੀ ਸਾਧਨਾ ਤੇ ਤਪੱਸਿਆ ਦਾ ਹੀ ਫਲ ਹੈ। ਉਹ ਮਹੀਨਿਆਂ ਬੱਧੀ ਘਰੋਂ ਦੂਰ ਕੈਂਪ ਵਿੱਚ ਰਹਿੰਦੀ। ਮਨਜੀਤ ਭਾਰਤੀ ਅਥਲੈਟਿਕਸ ਦੀ ਮਾਣਮੱਤੀ ਅਥਲੀਟ ਹੈ। ਉਹ ਸੱਚਮੁੱਚ ਗੋਲਡਨ ਗਰਲ ਹੈ, ਜਿਸ ਦੀਆਂ ਸੁਨਹਿਰੀ ਪ੍ਰਾਪਤੀਆਂ ਆਉਣ ਵਾਲੇ ਅਥਲੀਟਾਂ ਲਈ ਚੁਣੌਤੀ ਵੀ ਹੋਣਗੀਆਂ ਅਤੇ ਪ੍ਰੇਰਨਾ ਸ੍ਰੋਤ ਵੀ।

CALL FOR A FREE QUOTE: Auto • Home • Condo • Life
Bicky Sarkaria
847-465-1484
KSARKARIA@allstate.com
482 N. Milwaukee #3
Wheeling, IL
15700 103rd St #250
Lemont, IL
Building a stronger community together
Allstate
You're In Good Hands With Allstate
*ਕਾਰਾਂ ਤੇ ਘਰਾਂ ਦੀ ਇੰਸ਼ੋਰੈਂਸ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ *ਅਸੀਂ ਜੀਵਨ ਬੀਮਾ ਵੀ ਕਰਦੇ ਹਾਂ

# ਖੇਡ ਮੁਕਾਬਲਿਆਂ ਦਾ ਮਹਾਂਕੁੰਭ




## 33ਵੀਆਂ ਓਲੰਪਿਕ ਖੇਡਾਂ

ਪਰਮਜੀਤ ਸਿੰਘ

ਓਲੰਪਿਕ ਖੇਡਾਂ ’ਚ ਭਾਗ ਲੈਣ ਦਾ ਅਤੇ ਫਿਰ ਇਨ੍ਹਾਂ ਖੇਡਾਂ ’ਚ ਕੋਈ ਤਗ਼ਮਾ ਹਾਸਿਲ ਕਰਕੇ ਆਪਣੇ ਮੁਲਕ ਦਾ ਨਾਂ ਦੁਨੀਆ ਭਰ ਵਿੱਚ ਰੌਸ਼ਨ ਕਰਨ ਦਾ ਸੁਭਾਗ ਹਰ ਕਿਸੇ ਖਿਡਾਰੀ ਦੇ ਹਿੱਸੇ ਨਹੀਂ ਆਉਂਦਾ ਹੈ। ਓਲੰਪਿਕ ਖੇਡਾਂ ਤਾਂ ਵਿਸ਼ਵ ਪੱਧਰੀ ਖੇਡ ਮੁਕਾਬਲਿਆਂ ਦਾ ਅਜਿਹਾ ਮਹਾਂਕੁੰਭ ਹਨ, ਜਿਸ ਵਿੱਚ ਭਾਗ ਲੈਣ ਲਈ ਹਰੇਕ ਖਿਡਾਰੀ ਜੀਅ ਤੋੜ ਮਿਹਨਤ ਕਰਦਾ ਹੈ। ਸੰਨ 1900 ਤੋਂ ਲੈ ਕੇ ਟੋਕੀਓ-2020 ਓਲੰਪਿਕ ਖੇਡਾਂ ਤੱਕ ਦੇ 120 ਸਾਲਾਂ ਦੇ ਅਰਸੇ ਵਿੱਚ ਭਾਰਤ ਦੇ ਕੁੱਲ 36 ਖਿਡਾਰੀਆਂ ਨੇ ਓਲੰਪਿਕ ਮੈਡਲ ਜਿੱਤਣ ਵਿੱਚ ਕਾਮਯਾਬੀ ਹਾਸਿਲ ਕੀਤੀ ਸੀ, ਜੋ ਅੱਜ ਇਹ ਦਰਸਾਉਣ ਲਈ ਕਾਫੀ ਹੈ ਕਿ ਓਲੰਪਿਕ ਖੇਡਾਂ ਲਈ ਕੁਆਲੀਫ਼ਾਈ ਕਰਨਾ ਤੇ ਫਿਰ ਸਖ਼ਤ ਮੁਕਾਬਲੇ ’ਚੋਂ ਜੇਤੂ ਹੋ ਕੇ ਮੈਡਲ ਹਾਸਿਲ ਕਰਨਾ ਭਾਰੀ ਮੁਸ਼ੱਕਤ, ਮਿਹਨਤ, ਲਗਨ ਅਤੇ ਸਿਆਣਪ ਦੀ ਮੰਗ ਕਰਦਾ ਹੈ।

23 ਜੂਨ ਨੂੰ ‘ਕੌਮਾਂਤਰੀ ਓਲੰਪਿਕ ਦਿਵਸ’ ਹੈ ਤੇ ਸੰਨ 1948 ਤੋਂ ਲੈ ਕੇ ਹੁਣ ਤੱਕ ਇਹ ਦਿਵਸ ਹਰ ਸਾਲ ਦੁਨੀਆ ਭਰ ਵਿੱਚ ਬੜੇ ਜੋਸ਼ੋ-ਖ਼ਰੋਸ਼ ਨਾਲ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ 23 ਜੂਨ ਦੇ ਦਿਨ ਮਨਾਏ ਜਾਣ ਪਿੱਛੇ ਕਾਰਨ ਇਹ ਹੈ ਕਿ 23 ਜੂਨ 1894 ਨੂੰ ਪੈਰਿਸ ਦੇ ਸੋਰਬੌਰਨ ਵਿਖੇ ‘ਕੌਮਾਂਤਰੀ ਓਲਪਿੰਕ ਕਮੇਟੀ’ ਦੀ ਸਥਾਪਨਾ ਕੀਤੀ ਗਈ ਸੀ ਤੇ ਉਸ ਮਹਾਨ ਦਿਨ ਨੂੰ ਯਾਦਗਾਰ ਬਣਾਉਣ ਲਈ ਸੰਨ 1947 ਵਿੱਚ ਸਵੀਡਨ ਦੇ ਸਟਾਕਹੋਮ ਸ਼ਹਿਰ ਵਿੱਚ ਹੋਈ ‘ਕੌਮਾਂਤਰੀ ਓਲੰਪਿਕ ਕਮੇਟੀ’ ਦੀ ਇਕੱਤਰਤਾ ਦੌਰਾਨ ਡਾ. ਜੋਸਫ਼ ਗਰੱਸ ਨੇ ਸੁਝਾਅ ਪੇਸ਼ ਕੀਤਾ ਸੀ ਅਤੇ ਸੰਨ 1948 ਵਿੱਚ ਸੇਂਟ ਮੌਰਟਿਜ਼ ਵਿਖੇ ਹੋਈ ਕੌਮਾਂਤਰੀ ਓਲੰਪਿਕ ਕਮੇਟੀ ਦੀ ਮੀਟਿੰਗ ਵਿੱਚ ਉਕਤ ਸੁਝਾਅ ਨੂੰ ਪ੍ਰਵਾਨ ਕਰਦਿਆਂ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਹਰ ਸਾਲ 23 ਜੂਨ ਦੇ ਦਿਨ ‘ਕੌਮਾਂਤਰੀ ਓਲੰਪਿਕ ਦਿਵਸ’ ਦੁਨੀਆ ਭਰ ਵਿੱਚ ਮਨਾਇਆ ਜਾਵੇਗਾ।

ਸੰਨ 1948 ਵਿੱਚ ਜਦੋਂ ਪਹਿਲੀ ਵਾਰ ਇਹ ਦਿਵਸ ਮਨਾਇਆ ਗਿਆ ਸੀ ਤਾਂ ਉਦੋਂ ਯੂਨਾਨ, ਆਸਟੇਰਲੀਆ, ਪੁਰਤਗਾਲ, ਕੈਨੇਡਾ, ਸਵਿਟਜ਼ਰਲੈਂਡ, ਵੈਨੇਜ਼ੂਏਲਾ, ਬਰਤਾਨੀਆ, ਉਰੂਗੁਏ ਅਤੇ ਬੈਲਜੀਅਮ ਆਦਿ ਕੁੱਲ ਨੌਂ ਦੇਸ਼ਾਂ ਨੇ ਇਸ ਦਿਵਸ ਨੂੰ ਵੱਡੇ ਪੱਧਰ ’ਤੇ ਮਨਾਇਆ ਸੀ। ਇਸ ਦਿਵਸ ਨੂੰ ਮਨਾਏ ਜਾਣ ਦੇ ਮੂਲ ਮੰਤਵਾਂ ਵਿੱਚ ‘ਓਲੰਪਿਕ ਖੇਡਾਂ ਦੇ ਇਤਿਹਾਸ ਪ੍ਰਤੀ ਜਾਗਰੂਕਤਾ ਫੈਲਾਉਣਾ, ਖੇਡਾਂ ਪ੍ਰਤੀ ਲੋਕਾਂ ਨੂੰ ਆਕਰਸ਼ਿਤ ਕਰਨਾ, ਖਿਡਾਰੀਆਂ ਦੀ ਮਦਦ ਤੇ ਸਨਮਾਨ ਲਈ ਪ੍ਰੇਰਿਤ ਕਰਨਾ, ਖੇਡਾਂ ਰਾਹੀਂ ਹਾਂ-ਪੱਖੀ ਮੁਕਾਬਲੇਬਾਜ਼ੀ ਨੂੰ ਉਤਸ਼ਾਹਿਤ ਕਰਨਾ ਅਤੇ ਵੱਖ-ਵੱਖ ਮਜ਼ਹਬਾਂ ਤੇ ਮੁਲਕਾਂ ਨਾਲ ਸਬੰਧਿਤ ਖਿਡਾਰੀਆਂ ਦਰਮਿਆਨ ਆਪਸੀ ਪ੍ਰੇਮ, ਏਕਤਾ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਨਾ’ ਆਦਿ ਜਿਹੇ ਮਹੱਤਵਪੂਰਨ ਮੰਤਵ ਸ਼ਾਮਿਲ ਹਨ। ਇਸ ਦਿਨ ਦੁਨੀਆ ਭਰ ਅੰਦਰ ਵੱਖ-ਵੱਖ ਖੇਡ ਜਥੇਬੰਦੀਆਂ ਵੱਲੋਂ ਆਮ ਲੋਕਾਂ ਨੂੰ ਅਤੇ ਉੱਭਰਦੇ ਖਿਡਾਰੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਹਿਤ ਦੌੜਾਂ, ਸੈਮੀਨਾਰ, ਸੰਗੀਤਕ ਸਮਾਗਮ ਜਾਂ ਫਿਰ ਹੋਰ ਕਈ ਪ੍ਰਕਾਰ ਦੇ ਖੇਡ ਮੁਕਾਬਲੇ ਆਦਿ ਆਯੋਜਿਤ ਕੀਤੇ ਜਾਂਦੇ ਹਨ।

ਸਾਲ 2022 ਵਿੱਚ ਮਨਾਏ ਗਏ ‘ਵਿਸ਼ਵ ਓਲੰਪਿਕ ਦਿਵਸ’ ਲਈ ਵਿਸ਼ੇਸ਼ ਤੌਰ ’ਤੇ ਚੁਣਿਆ ਗਿਆ ਥੀਮ ਸੀ- ‘ਆਓ! ਸ਼ਾਂਤਮਈ ਵਿਸ਼ਵ ਲਈ ਇਕਜੁੱਟ ਹੋਈਏ।’ ਉਸ ਤੋਂ ਬਾਅਦ ਸਾਲ 2023 ਲਈ ‘ਆਓ! ਚੱਲੀਏ’ ਨਾਮੀਂ ਥੀਮ ਨਿਰਧਾਰਤ ਕੀਤਾ ਗਿਆ ਸੀ, ਜਿਸਦਾ ਨਿਸ਼ਾਨਾ ਮਸ਼ੀਨੀਕਰਨ ਦੇ ਚੁੰਗਲ ਵਿੱਚ ਫ਼ਸ ਚੁੱਕੇ ਦੁਨੀਆ ਭਰ ਦੇ ਲੋਕਾਂ ਨੂੰ ਤੰਦਰੁਸਤੀ ਹਿਤ ਖੇਡਾਂ ਜਾਂ ਹੋਰ ਸਰੀਰਕ ਗਤੀਵਿਧੀਆਂ ਲਈ ਪ੍ਰੇਰਿਤ ਕਰਨਾ ਸੀ। ਹੁਣ ਸਾਲ 2024 ਵਿੱਚ ਪੈਰਿਸ ਵਿਖੇ ਆਯੋਜਿਤ ਕੀਤੀਆਂ ਜਾ ਰਹੀਆਂ ਓਲੰਪਿਕ ਖੇਡਾਂ ਲਈ ਚੁਣਿਆ ਗਿਆ ਥੀਮ ਹੈ- ‘ਗੇਮਜ਼ ਵਾਈਡ ਓਪਨ’ ਭਾਵ ਖੇਡਾਂ ਦਾ ਪਿੜ ਖੁੱਲ੍ਹ ਗਿਆ ਹੈ। ਇਹ ਥੀਮ ਸਮੂਹ ਪ੍ਰਤੀਯੋਗੀ ਖਿਡਾਰੀਆਂ ਨੂੰ ਵਧੇਰੇ ਜ਼ਿੰਮੇਵਾਰੀ ਨਾਲ ਸ਼ਾਨਦਾਰ ਖੇਡ ਪ੍ਰਤਿਭਾ ਦਾ ਮੁਜ਼ਾਹਰਾ ਕਰਨ ਲਈ ਪ੍ਰੇਰਦਾ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਖੇਡਾਂ ਲਈ ਇਸ ਵਾਰ ਤਿਆਰ ਕੀਤੇ ਗਏ ਮੁੱਖ ਗੀਤ ਦਾ ਸਿਰਲੇਖ ‘ਪਰੇਡ’ ਹੈ, ਜਿਸਨੂੰ ਵਿਕਟਰ ਲੀ ਮਨਸੇ ਨੇ ਕੰਪੋਜ਼ ਕੀਤਾ ਹੈ ਤੇ ਇਸ ਵਿੱਚ ਫ਼ਰਾਂਸ ਦੇ ‘ਕੌਮੀ ਆਰਕੈਸਟਰਾ’ ਦਾ ਵੱਡਾ ਸੰਗੀਤਕ ਯੋਗਦਾਨ ਸ਼ਾਮਿਲ ਹੈ।

ਓਲੰਪਿਕ ਖੇਡਾਂ ਨਾਲ ਜੁੜੀਆਂ ਕਈ ਰੌਚਿਕ ਜਾਣਕਾਰੀਆਂ ਦੀ ਜੇ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ 776 ਈਸਾਪੂਰਵ ਯੂਨਾਨ ਦੇ ਓਲੰਪੀਆ ਪਿੰਡ ਵਿਖੇ ਸ਼ੁਰੂ ਹੋਈਆਂ ਇਹ ਖੇਡਾਂ 393 ਈਸਵੀ ਤੱਕ ਚੱਲਦੀਆਂ ਰਹੀਆਂ ਸਨ। ‘ਆਧੁਨਿਕ ਓਲੰਪਿਕ ਖੇਡਾਂ’ ਦੀ ਅਰੰਭਤਾ ਸੰਨ 1896 ਵਿੱਚ ਯੂਨਾਨ ਦੇ ਹੀ ਇਤਿਹਾਸਕ ਸ਼ਹਿਰ ਏਥਨਜ਼ ਵਿਖੇ ਹੋਈ ਸੀ। ਸੰਨ 1900 ਵਿੱਚ ਹੋਈਆਂ ਓਲੰਪਿਕ ਖੇਡਾਂ ਵਿੱਚ ਪਹਿਲੀ ਵਾਰ ਮਹਿਲਾ ਖਿਡਾਰੀਆਂ ਨੂੰ ਭਾਗ ਲੈਣ ਦੀ ਇਜਾਜ਼ਤ ਮਿਲੀ ਸੀ। ‘ਪੰਜ ਛੱਲਿਆਂ’ ਦੇ ਚਿੰਨ੍ਹ ਵਾਲਾ ‘ਓਲੰਪਿਕ ਝੰਡਾ’ ਸੰਨ 1914 ਵਿੱਚ ਪ੍ਰਵਾਨ ਕੀਤਾ ਗਿਆ ਸੀ, ਪਰ ਇਸਨੂੰ ਪਹਿਲੀ ਵਾਰ ਲਹਿਰਾਉਣ ਦੀ ਰਸਮ ਸੰਨ 1920 ਵਿੱਚ ਹੋਈਆਂ ‘ਬਰਲਿਨ ਓਲੰਪਿਕ ਖੇਡਾਂ’ ਦੌਰਾਨ ਅਦਾ ਕੀਤੀ ਗਈ ਸੀ। ਇਸ ਝੰਡੇ ਵਿਚਲੇ ਪੰਜ ਛੱਲੇ ਵਿਸ਼ਵ ਦੇ ਵੱਡੇ ਹਿੱਸੇ ਨੂੰ ਕਵਰ ਕਰਦੇ ਪੰਜ ਮਹਾਂਦੀਪਾਂ- ‘ਅਫ਼ਰੀਕਾ, ਅਮਰੀਕਾ, ਏਸ਼ੀਆ, ਯੂਰਪ ਅਤੇ ਓਸ਼ਨੀਆ’ ਦੇ ਪ੍ਰਤੀਕ ਮੰਨੇ ਜਾਂਦੇ ਹਨ ਤੇ ਇਸ ਚਿੰਨ੍ਹ ਦੀ ਪੇਸ਼ਕਸ਼ ਪੀ.ਡੀ. ਕਿਊਬਰਟਨ ਨੇ ਕੀਤੀ ਸੀ, ਜਦੋਂ ਕਿ ਇਸ ਚਿੰਨ੍ਹ ਦੀ ਘਾੜਤ ਉਸਦੇ ਇੱਕ ਪਾਦਰੀ ਮਿੱਤਰ ਹੈਨਰੀ ਡਿਡੌਨ ਨੇ ਸੰਨ 1891 ਵਿੱਚ ਘੜੀ ਸੀ।

ਸੰਨ 1920 ਵਿੱਚ ਹੀ ਇਨ੍ਹਾਂ ਖੇਡ ਮੁਕਾਬਲਿਆਂ ਵੇਲੇ ‘ਓਲੰਪਿਕ ਸਹੁੰ ਚੁੱਕਣ’ ਦੀ ਰਸਮ ਸ਼ਾਮਿਲ ਕੀਤੀ ਗਈ ਸੀ, ਜਦੋਂ ਕਿ ਓਲੰਪਿਕ ਮਸ਼ਾਲ ਬਾਲਣ ਦੀ ਸ਼ੁਰੂਆਤ ਸੰਨ 1929 ਵਿੱਚ ਕੀਤੀ ਗਈ ਸੀ। ਓਲੰਪਿਕ ਖੇਡਾਂ ਦੇ ਟੀ.ਵੀ. ਪ੍ਰਸਾਰਨ ਦੀ ਅਰੰਭਤਾ ਸੰਨ 1936 ਵਿੱਚ ਬਰਲਿਨ ਵਿਖੇ ਹੋਈਆਂ ‘ਸਮਰ ਓਲੰਪਿਕ ਖੇਡਾਂ’ ਰਾਹੀਂ ਹੋਈ ਸੀ, ਪਰ ਇਹ ਪ੍ਰਸਾਰਨ ਕੇਵਲ ਸਥਾਨਕ ਲੋਕਾਂ ਲਈ ਹੀ ਉਪਲਬਧ ਕਰਵਾਇਆ ਗਿਆ ਸੀ, ਜਦੋਂ ਕਿ ਸੰਨ 1956 ਵਿੱਚ ਇਟਲੀ ਵਿਖੇ ਕਰਵਾਈਆਂ ਗਈਆਂ ਓਲੰਪਿਕ ਖੇਡਾਂ ਦਾ ਪ੍ਰਸਾਰਨ ਪਹਿਲੀ ਵਾਰ ਕੌਮਾਂਤਰੀ ਪੱਧਰ ’ਤੇ ਕੀਤਾ ਗਿਆ ਸੀ। ਖ਼ਰਚੇ ਪੱਖੋਂ ਮਹਿੰਗੀਆਂ ਸਾਬਿਤ ਹੋਈਆਂ ਓਲੰਪਿਕ ਖੇਡਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਭ ਤੋਂ ਵੱਧ ਖ਼ਰਚਾ ਸੰਨ 2014 ਦੀਆਂ ‘ਵਿੰਟਰ ਓਲੰਪਿਕ ਖੇਡਾਂ’ ਉੱਤੇ ਹੋਇਆ ਸੀ, ਜੋ ਕਿ ਤਕਰੀਬਨ 51 ਬਿਲੀਅਨ ਅਮਰੀਕੀ ਡਾਲਰ ਸੀ। ਸਭ ਤੋਂ ਖ਼ਰਚੀਲੀਆਂ ‘ਸਮਰ ਓਲੰਪਿਕ ਖੇਡਾਂ’ ਚੀਨ ਦੇ ਬੀਜਿੰਗ ਵਿਖੇ ਸੰਨ 2008 ਵਿੱਚ ਹੋਈਆਂ ਸਨ, ਜਿਨ੍ਹਾਂ ’ਤੇ ਤਕਰੀਬਨ 44 ਬਿਲੀਅਨ ਅਮਰੀਕੀ ਡਾਲਰ ਖ਼ਰਚ ਹੋਏ ਸਨ। ਜ਼ਿਕਰਯੋਗ ਹੈ ਕਿ ਓਲੰਪਿਕ ਖੇਡਾਂ ਲਈ ਪ੍ਰਵਾਨਿਤ ਭਾਸ਼ਾਵਾਂ ਅੰਗਰੇਜ਼ੀ ਅਤੇ ਫ਼ਰੈਂਚ ਹਨ। ਹੁਣ ਤੱਕ ਐਡੀ ਐਗਨ ਅਤੇ ਗਿੱਲਜ਼ ਗ੍ਰਾਫ਼ਸਟਰੌਮ ਨਾਂ ਦੇ ਸਿਰਫ ਦੋ ਹੀ ਅਜਿਹੇ ਅਥਲੀਟ ਹੋਏ ਹਨ, ਜਿਨ੍ਹਾਂ ਨੇ ‘ਵਿੰਟਰ ਓਲੰਪਿਕਸ’ ਅਤੇ ‘ਸਮਰ ਓਲੰਪਿਕਸ’ ਦੋਵਾਂ ਵਿੱਚ ਹੀ ਸੋਨ ਤਗ਼ਮੇ ਜਿੱਤੇ ਹਨ।

ਸਾਲ 2024 ਵਿੱਚ ਹੋਣ ਵਾਲੀਆਂ ‘33ਵੀਆਂ ਓਲੰਪਿਕ ਖੇਡਾਂ’ ਫ਼ਰਾਂਸ ਵਿਖੇ 26 ਜੁਲਾਈ ਨੂੰ ਸ਼ੁਰੂ ਹੋ ਕੇ 11 ਅਗਸਤ ਨੂੰ ਸਮਾਪਤ ਹੋ ਜਾਣਗੀਆਂ। ਇਨ੍ਹਾਂ ਖੇਡ ਮੁਕਾਬਲਿਆਂ ਲਈ ਕਿਉਂਕਿ ਖ਼ੂਬਸੂਰਤ ਸ਼ਹਿਰ ਪੈਰਿਸ ਮੁੱਖ ਧੁਰਾ ਹੋਵੇਗਾ, ਇਸ ਲਈ ਇਸ ਵਾਰ ਦੀਆਂ ਖੇਡਾਂ ਨੂੰ ‘ਪੈਰਿਸ ਓਲੰਪਿਕਸ’ ਦਾ ਨਾਂ ਦਿੱਤਾ ਗਿਆ ਹੈ। ਇਸ ਵਾਰ ਦੀਆਂ ਓਲੰਪਿਕ ਖੇਡਾਂ ਵਿੱਚ ਅੰਦਾਜ਼ਨ 10,500 ਖਿਡਾਰੀ 32 ਖੇਡਾਂ ਦੇ 329 ਮੁਕਾਬਲਿਆਂ ਵਿੱਚ ਭਾਗ ਲੈਣਗੇ। ਇਸ ਤੋਂ ਪਹਿਲਾਂ ਸਾਲ 1900 ਅਤੇ 1924 ਵਿੱਚ ਓਲੰਪਿਕ ਮੁਕਾਬਲਿਆਂ ਲਈ ਮੇਜ਼ਬਾਨੀ ਕਰ ਚੁੱਕਾ ਪੈਰਿਸ ਅਜਿਹਾ ਦੂਸਰਾ ਸ਼ਹਿਰ ਬਣ ਜਾਵੇਗਾ, ਜਿਸਨੂੰ ਤਿੰਨ ਵਾਰ ਓਲੰਪਿਕ ਖੇਡਾਂ ਦਾ ਮੇਜ਼ਬਾਨ ਬਣਨ ਦਾ ਸ਼ਰਫ਼ ਹਾਸਿਲ ਹੋਇਆ ਹੈ। ਇਸ ਤੋਂ ਪਹਿਲਾਂ ਇਹ ਮਾਣ ਲੰਦਨ ਦੇ ਹਿੱਸੇ ਆਇਆ ਸੀ, ਜਿਸਨੇ ਸਾਲ 1908, 1948 ਅਤੇ 2012 ਦੀਆਂ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ। ਇਸ ਵਾਰ ਦੀਆਂ ਓਲੰਪਿਕ ਖੇਡਾਂ ਦੀ ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਵਿੱਚ ਪਹਿਲੀ ਵਾਰ ‘ਬ੍ਰੇਕ ਡਾਂਸ’ ਨੂੰ ਓਲੰਪਿਕ ਖੇਡ ਮੁਕਾਬਲੇ ਵਜੋਂ ਸ਼ਾਮਿਲ ਕੀਤਾ ਗਿਆ ਹੈ। ਬੜੀ ਦਿਲਚਸਪ ਗੱਲ ਹੈ ਕਿ ‘ਪੈਰਿਸ ਓਲੰਪਿਕਸ-2024’ ਦੇ ਆਯੋਜਨ ਉੱਪਰ 8.3 ਬਿਲੀਅਨ ਪੌਂਡ ਖ਼ਰਚ ਹੋ ਜਾਣ ਦਾ ਅਨੁਮਾਨ ਹੈ। ਸਾਬਕਾ ਓਲੰਪੀਅਨ ਅਤੇ ‘ਕੌਮਾਤਰੀ ਓਲੰਪਿਕ ਕਮੇਟੀ’ ਦੇ ਨੌਵੇਂ ਅਤੇ ਵਰਤਮਾਨ ਮੁਖੀ ਥੱਾਮਸ ਬੈਚ ਦੀ ਅਗਵਾਈ ਵਿੱਚ ਕਰਵਾਈਆਂ ਜਾਣ ਵਾਲੀਆਂ ਇਹ ਆਖ਼ਰੀ ਓਲੰਪਿਕ ਖੇਡਾਂ ਹੋਣਗੀਆਂ, ਕਿਉਂਕਿ ਇਸ ਤੋਂ ਬਾਅਦ ਉਹ ਉਕਤ ਕਮੇਟੀ ਦੇ ਮੁਖੀ ਦਾ ਅਹੁਦਾ ਤਿਆਗ ਦੇਣਗੇ ਅਤੇ ਕਮੇਟੀ ਦੇ ਨਵੇਂ ਮੁਖੀ ਦੀ ਨਿਯੁਕਤੀ ਹੋ ਜਾਵੇਗੀ।

ਦੁਨੀਆ ਦੀ ਨਾਮਵਰ ਪ੍ਰਸਾਰਨ ਕੰਪਨੀ ‘ਵਾਰਨਰ ਬ੍ਰਦਰਜ਼ ਡਿਸਕਵਰੀ’ ਨੇ ਇਨ੍ਹਾਂ ਖੇਡਾਂ ਦਾ ਪ੍ਰਸਾਰਨ ਕਰਨ ਦੇ ਅਧਿਕਾਰ ਹਾਸਿਲ ਕਰ ਲਏ ਹਨ। ਬੇਹੱਦ ਮਜ਼ੇਦਾਰ ਤੱਥ ਹੈ ਕਿ ਇਸ ਵਾਰ ਦੇ ਓਲੰਪਿਕ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਜਾ ਰਹੇ ਇਜ਼ਰਾਇਲ ਦੇਸ਼ ਦੇ ਖਿਡਾਰੀਆਂ ਨੂੰ ਕੁਝ ਮਨੁੱਖੀ ਅਧਿਕਾਰ ਸੰਗਠਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤੇ ਇਹ ਸਾਰਾ ਕੁਝ ਵਰਤਮਾਨ ਸਮੇਂ ਅੰਦਰ ਚੱਲ ਰਹੇ ‘ਇਜ਼ਰਾਇਲ-ਹਮਾਸ ਸੰਘਰਸ਼’ ਦੇ ਮੱਦੇਨਜ਼ਰ ਵਾਪਰ ਸਕਦਾ ਹੈ। ਦੂਜੇ ਪਾਸੇ ‘ਰੂਸ-ਯੂਕਰੇਨ ਜੰਗ’ ਦੇ ਕਾਰਨ ਰੂਸ ਅਤੇ ਬੇਲਾਰੂਸ ਦੇ ਖਿਡਾਰੀਆਂ ਨੂੰ ਵੀ ਸ਼ਾਂਤਮਈ ਢੰਗ ਨਾਲ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਤਿਆਰ ਕਰਨ ਵਿੱਚ ਖੇਡ ਪ੍ਰਸ਼ਾਸਨ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਦੋ ਕਾਰਨਾਂ ਦੇ ਨਾਲ-ਨਾਲ ਹੋਰ ਕਿਸੇ ਵੀ ਪ੍ਰਕਾਰ ਦੇ ਅਤਿਵਾਦੀ ਹਮਲਿਆਂ ਦੀ ਸੰਭਾਵਨਾ ਦੇ ਮੱਦੇਨਜ਼ਰ ਸੁਰੱਖਿਆ ਦੇ ਕਰੜੇ ਇੰਤਜ਼ਾਮ ਕੀਤੇ ਗਏ ਹਨ। ਖੇਡਾਂ ਦਾ ਇਹ ਮਹਾਂਕੁੰਭ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਪੁਰਾਣੇ ਰਿਕਾਰਡ ਤੋੜਨ ਅਤੇ ਨਵੇਂ ਕੀਰਤੀਮਾਨ ਸਥਾਪਿਤ ਕਰਨ ਲਈ ਤਿਆਰ-ਬਰ-ਤਿਆਰ ਹੈ।

Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

ਸਮੂਹ ਭਾਈਚਾਰੇ ਤੇ ਪੰਜਾਬੀ ਸੰਸਥਾਵਾਂ ਦੇ ਸਹਿਯੋਗ ਨਾਲ 'ਪੰਜਾਬੀ ਪਰਵਾਜ਼' ਦਾ ਪਲੇਠਾ ਸਮਾਗਮ

# 'ਪੰਜਾਬੀ ਪਰਵਾਜ਼ ਨਾਈਟ'

## ਤਕਰੀਰਾਂ, ਵਿਚਾਰਾਂ ਤੇ ਗੀਤ-ਸੰਗੀਤ ਭਰੀ ਸ਼ਾਮ

**13 ਜੁਲਾਈ 2024**

**(ਸ਼ਨਿਚਰਵਾਰ)**

**ਸ਼ਾਮ 6:30 ਤੋਂ ਰਾਤ 10:30**

**ਸਥਾਨ: Atlantis Banquets**
**1273 North Rand Road,**
**Arlington Heights, IL 60004**

*Food Will Served by Taste of India (Milwaukee)*


### ਪਹੁੰਚ ਰਹੇ ਕਲਾਕਾਰ


ਰੈਵ ਇੰਦਰ


ਅਵਨੀ ਸਿੰਘ


ਪੂਜਾ ਧਾਲੀਵਾਲ

### ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਜੋਧ ਸਿੰਘ ਸਿੱਧੂ


ਯਾਦਵਿੰਦਰ ਸਿੰਘ (ਰਿੱਪੀ) ਖੱਟੜਾ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਦਰਸ਼ਨ ਸਿੰਘ ਪੰਮਾ


ਗੁਰਿੰਦਰਜੀਤ ਸਿੰਘ ਗਰੇਵਾਲ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਅਮਰਜੀਤ ਸਿੰਘ ਢੀਂਡਸਾ


ਦੀਦਾਰ ਸਿੰਘ ਧਨੋਆ


ਅਜੈਬ ਸਿੰਘ ਲੱਖਣ


ਗੁਰਵਿੰਦਰ ਬੱਬੂ (ਐਪਲਟਨ)


ਬਿਕਰਮ ਸਿੰਘ ਸਿੱਧੂ



ਅਮਨਦੀਪ ਸਿੰਘ ਕੁਲਾਰ


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ



ਇੰਦਰ ਹੁੰਜਣ


ਸੰਨੀ ਧੂੜ ਮਿਸ਼ੀਗਨ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਮਨਮਿੰਦਰ ਸਿੰਘ ਹੀਰ


ਹਰਕੇਵਲ ਸਿੰਘ ਲਾਲੀ


ਹਰਮੀਕ ਸਿੰਘ ਗਿਰਨ


ਜਿਗਰਦੀਪ ਸਿੰਘ ਢਿੱਲੋਂ

**punjabiparwaz@gmail.com www.punjabiparwaz.com Ph: 224-386-4548**

# 'ਪੰਜਾਬੀ ਪਰਵਾਜ਼ ਨਾਈਟ' PUNJABI PARWAZ NIGHT



ਡਾ. ਗੁਰਇਕਬਾਲ ਸਿੰਘ ਨੰਦਰਾ

## ਮੁੱਖ ਮਹਿਮਾਨ

ਵੱਕਾਰੀ ਪੁਰਸਕਾਰ 'ਐਲਿਸ ਆਈਲੈਂਡ ਮੈਡਲ ਆਫ਼ ਆਨਰ' ਨਾਲ ਸਨਮਾਨਿਤ ਐਨਸਥੀਸੀਓਲੌਜਿਸਟ ਡਾ. ਗੁਰਇਕਬਾਲ ਸਿੰਘ ਨੰਦਰਾ ਸ਼ਿਕਾਗੋ ਦੇ IV Solution Ketamine Centers ਦੇ ਚੀਫ ਮੈਡੀਕਲ ਅਫਸਰ ਹਨ। ਉਨ੍ਹਾਂ ਕੋਲ ਲਗਭਗ 25 ਸਾਲਾਂ ਦਾ ਕਲਿਨਿਕਲ ਤਜਰਬਾ ਹੈ। ਡਾ. ਨੰਦਰਾ ਨੂੰ ਸਾਲ 2022 ਵਿੱਚ ਨਵੀਨਤਾ ਅਤੇ ਮਾਨਸਿਕ ਸਿਹਤ ਤੰਦਰੁਸਤੀ ਲਈ ਨੈਸ਼ਨਲ ਅਲਾਇੰਸ ਆਨ ਮੈਂਟਲ ਇਲਨੈਸ (NAMI) ਸ਼ਿਕਾਗੋ ਵੱਲੋਂ 'ਲਾਈਟ ਦ ਡਾਰਕਨੈਸ ਅਵਾਰਡ' ਨਾਲ ਵੀ ਸਨਮਾਨਿਤ ਕੀਤਾ ਗਿਆ ਸੀ।

## ਵਿਸ਼ੇਸ਼ ਮਹਿਮਾਨ

ਵਿਸਕਾਨਸਿਨ ਸਟੇਟ ਵਿੱਚ ਰਹਿੰਦੇ ਨਿੱਘੇ ਸੁਭਾਅ ਦੇ ਲਖਬੀਰ ਸਿੰਘ ਢੀਂਡਸਾ ਛੋਟੀ ਉਮਰ ਦੇ, ਪਰ ਵੱਡੇ ਕਾਰੋਬਾਰੀ ਹਨ। ਖੇਡਾਂ ਵਿੱਚ ਰੁਚੀ ਹੋਣ ਕਾਰਨ ਉਹ ਮਿਡਵੈਸਟ ਦੀਆਂ ਵੱਖ-ਵੱਖ ਖੇਡ ਸੰਸਥਾਵਾਂ ਦੀ ਅਕਸਰ ਮਦਾਦ ਕਰਦੇ ਰਹਿੰਦੇ ਹਨ। ਸ਼ਿਕਾਗੋਲੈਂਡ ਦੇ ਖੇਡ ਮੇਲਿਆਂ ਵਿੱਚ ਕਿੰਨੀ ਹੀ ਵਾਰ ਉਨ੍ਹਾਂ ਵਾਲੀਬਾਲ ਦੇ ਇਨਾਮ ਸਪਾਂਸਰ ਕੀਤੇ ਹਨ। ਵੱਖ-ਵੱਖ ਸਮਾਗਮਾਂ ਦੌਰਾਨ ਉਹ ਬਤੌਰ ਮੁੱਖ ਜਾਂ ਵਿਸ਼ੇਸ਼ ਮਹਿਮਾਨ ਸ਼ੁਮਾਰ ਹੁੰਦੇ ਹਨ।



ਲਖਬੀਰ ਸਿੰਘ ਢੀਂਡਸਾ

## ਮਾਣਯੋਗ ਸਪਾਂਸਰ



ਜਸਵਿੰਦਰ ਸਿੰਘ ਸੰਧੂ | ਸੋਨੀ ਜੱਜ | ਸਰਵਣ ਸਿੰਘ ਟਿਵਾਣਾ | ਡਾ. ਗੁਰਦਿਆਲ ਸਿੰਘ ਬਸਰਾਨ | ਸੰਨੀ ਕੁਲਾਰ | ਰੋਨੀ ਕੁਲਾਰ | ਬਲਜੀਤ ਸਿੱਧੂ ਫਲੋਰਿਡਾ | ਗੁਲਜ਼ਾਰ ਸਿੰਘ ਮੁਲਤਾਨੀ | ਜਸਬੀਰ ਕੌਰ ਮਾਨ



ਬਲਕਾਰ ਸਿੰਘ ਢਿੱਲੋਂ | ਹੈਪੀ ਹੀਰ | ਮਨਜੀਤ ਸਿੰਘ ਪਾਲੀਆ | ਬਲਵਿੰਦਰ ਸਿੰਘ ਗਿਰਨ | ਜਰਨੈਲ ਸਿੰਘ ਮੱਲ੍ਹੀ | ਜਗਜੀਤ ਸਿੰਘ ਢੀਂਡਸਾ | ਜਤਿੰਦਰ (ਜੈ) ਸਿੰਘ ਸੰਘਾ | ਹਰਿੰਦਰ ਰਾਣਾ | ਹਰਦੀਪ ਗਿੱਲ



ਨੀਲ ਗਿੱਲ | ਹੈਰੀ ਬਰਾੜ | ਕਰਨਲ ਮਨਮੋਹਨ ਸਿੰਘ ਮਿਨਹਾਸ | ਮਨਜੀਤ ਸਿੰਘ ਗਿੱਲ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਸੁਰਜੀਤ ਸਿੰਘ ਮਾਵੀ | ਡਾ. ਗੁਰਬਖ਼ਸ਼ ਸੈਣੀ | ਪ੍ਰਦੀਪ ਸਿੰਘ ਕਾਹਲੋਂ



ਲਾਲੀ ਸਿੱਧੂ | ਡਾ. ਵਿਕਰਮ ਗਿੱਲ | ਜਗਮੋਹਨ ਬੇਗੋਵਾਲ | ਧਰਮਿੰਦਰ ਖੱਟੜਾ | ਗਿਆਨ ਸਿੰਘ ਖਹਿਰਾ | ਸਤਵਿੰਦਰ ਸੱਤਾ | ਗੌਰਵ ਖੁਰਾਣਾ | ਭਿੰਦਰ ਸਿੰਘ ਪੰਮਾ | ਬਲਦੇਵ ਸਿੰਘ ਰਾਜੂ



ਹਰਿੰਦਰ ਸਿੰਘ ਧਾਲੀਵਾਲ | ਪਰਮਜੀਤ ਸਿੱਧੂ ਮਹਿਰਾਜ | ਤੇਜਿੰਦਰ ਸਿੰਘ ਜਿੱਪੀ | ਮਨਮੀਤ ਜੌਲੀ | ਸੁਖਜੀਤ ਸਿੰਘ ਬਰਾੜ | ਪਰਮਜੀਤ ਸਿੰਘ | ਸੰਨੀ ਢਿੱਲੋਂ | ਰਾਕੇਸ਼ ਰੇਹਾਨ | ਦੀਪਕ ਛੀਨਾ | ਬਲਜੀਤ ਬਰਾੜ | ਜਸਵੰਤ ਸਿੰਘ



ਹਰਵਿੰਦਰ ਸਿੰਘ ਘੋਤੜਾ | ਜਿੰਦੀ ਦਿਆਲ | ਰਾਜਾ ਦਿਆਲ | ਹਰਜਿੰਦਰ ਸਿੰਘ ਜਿੰਦੀ | ਜੱਗੀ ਸਿੰਘ ਘੋਤੜਾ | ਸੁਖਵਿੰਦਰ ਸਿੰਘ ਘੱਗਰ | ਜਰਨੈਲ ਸਿੰਘ ਮਿਆਣੀ | ਭੁਪਿੰਦਰ ਸਿੰਘ ਟਿੱਕਾ | ਕੁਲਜੀਤ ਸਿੰਘ ਗਿਲਜ਼ੀਆਂ | ਸਤਪਾਲ ਸਿੰਘ ਪਹਿਲਵਾਨ | ਪਰਮਿੰਦਰ ਸਿੰਘ ਗੋਲਡੀ

Shere Punjab Sports & Cultural Club Chicago
PROFESSIONAL HEALTHCARE LAB, INC
Radio Chann Pardesi ਰੇਡੀਓ ਚੰਨ ਪ੍ਰਦੇਸੀ
Punjabi Cultural Society Chicago ਪੰਜਾਬੀ ਸਭਿਆਚਾਰਕ ਸਭਾ
Desi Junction Media & Entertainment
Bhangra Rhymes

ਆਬਿਦ ਹੁਸੈਨ


# ਚੀਨ-ਪਾਕਿਸਤਾਨ ਆਰਥਿਕ ਗਲਿਆਰਾ

ਪਾਕਿਸਤਾਨ ਵਧ ਰਹੀ ਮਹਿੰਗਾਈ ਅਤੇ ਕਰਜ਼ੇ ਦੇ ਸੰਕਟ 'ਚ ਫਸਿਆ ਆਪਣੀ ਆਰਥਿਕਤਾ ਦੇ ਹੁਲਾਰੇ ਲਈ ਇਸ ਬਹੁ-ਬਿਲੀਅਨ ਡਾਲਰ ਦੇ ਆਰਥਿਕ ਪ੍ਰੋਜੈਕਟ ਨੂੰ ਇਸ ਦੀਆਂ ਇੱਛਾਵਾਂ ਦੇ ਕੇਂਦਰ ਵਿੱਚ ਰੱਖ ਕੇ ਦੇਖ ਰਿਹਾ ਹੈ। ਕਰੀਬ 62 ਬਿਲੀਅਨ ਡਾਲਰ ਦੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀ.ਪੀ.ਈ.ਸੀ.) ਨੂੰ ਰਸਮੀ ਤੌਰ 'ਤੇ 2015 'ਚ ਸ਼ੁਰੂ ਕੀਤਾ ਗਿਆ ਸੀ, ਇਸ ਨੂੰ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਅਤੇ ਬਹੁਤ ਸਾਰੇ ਵਿਸ਼ਲੇਸ਼ਕਾਂ ਨੇ ਪਾਕਿਸਤਾਨ ਦੀ ਆਰਥਿਕਤਾ ਲਈ 'ਗੇਮ-ਚੇਂਜਰ' ਵਜੋਂ ਦਰਸਾਇਆ ਸੀ। ਇਸ ਵਿੱਚ ਦੱਖਣੀ ਏਸ਼ੀਆਈ ਦੇਸ਼ ਵਿੱਚ ਇੱਕ ਫਲੈਗਸ਼ਿਪ ਬੰਦਰਗਾਹ, ਪਾਵਰ ਪਲਾਂਟ ਅਤੇ ਸੜਕ ਨੈੱਟਵਰਕ ਦਾ ਨਿਰਮਾਣ ਸ਼ਾਮਲ ਹੈ; ਪਰ ਫਿਰ ਵੀ ਲਗਭਗ ਇੱਕ ਦਹਾਕੇ ਬਾਅਦ ਪ੍ਰੋਜੈਕਟ ਦੇ ਭਵਿੱਖ 'ਤੇ ਸਵਾਲ ਹਨ।

ਸੀ.ਪੀ.ਈ.ਸੀ. ਚੀਨ ਦੀ ਅਭਿਲਾਸ਼ੀ ਬੈਲਟ ਐਂਡ ਰੋਡ ਇਨੀਸ਼ੀਏਟਿਵ (ਬੀ.ਆਰ.ਆਈ.) ਦਾ ਇੱਕ ਮੁੱਖ ਹਿੱਸਾ ਹੈ, ਜੋ ਲਗਭਗ 100 ਦੇਸ਼ਾਂ ਵਿੱਚ ਫੈਲੇ ਸੜਕਾਂ, ਪੁਲਾਂ ਅਤੇ ਬੰਦਰਗਾਹਾਂ ਦਾ ਇੱਕ ਵਿਸ਼ਾਲ ਨੈੱਟਵਰਕ ਹੈ, ਜਿਸਦੀ ਬੀਜਿੰਗ ਨੂੰ ਉਮੀਦ ਹੈ ਕਿ ਯੂਰਪ ਅਤੇ ਏਸ਼ੀਆ ਨੂੰ ਜੋੜਨ ਵਾਲੇ ਪ੍ਰਾਚੀਨ ਸਿਲਕ ਰੋਡ ਵਪਾਰਕ ਮਾਰਗਾਂ ਨੂੰ ਦੁਬਾਰਾ ਬਣਾਇਆ ਜਾਵੇਗਾ; ਪਰ ਆਲੋਚਕਾਂ ਦਾ ਕਹਿਣਾ ਹੈ ਕਿ ਬੀ.ਆਰ.ਆਈ. ਚੀਨ ਲਈ ਆਪਣੇ ਭੂ-ਰਾਜਨੀਤਿਕ ਪ੍ਰਭਾਵ ਨੂੰ ਵਧਾਉਣ ਦਾ ਇੱਕ ਜ਼ਰੀਆ ਹੈ ਅਤੇ ਪਾਕਿਸਤਾਨ ਵਰਗੇ ਗਰੀਬ ਦੇਸ਼ਾਂ ਨੂੰ ਹੋਰ ਕਰਜ਼ੇ ਹੇਠ ਦੱਬਦਾ ਹੈ।

ਪਾਕਿਸਤਾਨ 'ਚ ਇਸ ਪ੍ਰੋਜੈਕਟ ਵਿੱਚ ਦੇਸ਼ ਦੇ ਊਰਜਾ, ਟਰਾਂਸਪੋਰਟ ਅਤੇ ਉਦਯੋਗਿਕ ਖੇਤਰਾਂ ਦੇ ਵਿਕਾਸ ਦੇ ਨਾਲ ਦੱਖਣ ਵਿੱਚ ਗਵਾਦਰ ਵਿੱਚ ਇੱਕ ਬੰਦਰਗਾਹ ਦਾ ਨਿਰਮਾਣ ਸ਼ਾਮਲ ਸੀ। ਹੁਣ ਆਰਥਿਕ ਤੰਗੀ ਵਾਲੇ ਪਾਕਿਸਤਾਨ ਵਿੱਚ ਹਾਲ ਹੀ ਵਿੱਚ ਚੁਣੀ ਗਈ ਸਰਕਾਰ ਸੀ.ਪੀ.ਈ.ਸੀ. ਨੂੰ ਅੱਗੇ ਵਧਾਉਣ ਲਈ ਉਪਰਾਲੇ ਕਰ ਰਹੀ ਹੈ। ਸਵਾਲ ਹੈ ਕਿ ਪਾਕਿਸਤਾਨ ਨੂੰ ਸੀ.ਪੀ.ਈ.ਸੀ. ਦੀ ਲੋੜ ਕਿਉਂ ਹੈ? ਵਿਸ਼ਵ ਬੈਂਕ ਅਨੁਸਾਰ ਪਾਕਿਸਤਾਨ ਦੇ 241 ਮਿਲੀਅਨ ਲੋਕਾਂ ਵਿੱਚੋਂ ਲਗਭਗ 40 ਪ੍ਰਤੀਸ਼ਤ ਗਰੀਬੀ ਰੇਖਾ ਤੋਂ ਹੇਠਾਂ ਹਨ। ਫਰਵਰੀ ਵਿੱਚ ਰਾਸ਼ਟਰੀ ਚੋਣਾਂ ਤੋਂ ਪਹਿਲਾਂ ਇੱਕ ਓਪੀਨੀਅਨ ਪੋਲ ਨੇ ਸੁਝਾਅ ਦਿੱਤਾ ਕਿ ਲਗਭਗ 70 ਪ੍ਰਤੀਸ਼ਤ ਪਾਕਿਸਤਾਨੀ ਮੰਨਦੇ ਹਨ ਕਿ ਉਨ੍ਹਾਂ ਦੀ ਆਰਥਿਕ ਸਥਿਤੀ ਲਗਾਤਾਰ ਵਿਗੜ ਰਹੀ ਹੈ।

2015 ਵਿੱਚ ਜਦੋਂ ਸ਼ਾਹਬਾਜ਼ ਸ਼ਰੀਫ਼ ਦੇ ਵੱਡੇ ਭਰਾ ਅਤੇ 3 ਵਾਰ ਪ੍ਰਧਾਨ ਮੰਤਰੀ ਰਹੇ ਨਵਾਜ਼ ਸ਼ਰੀਫ਼ ਨੇ ਚੀਨ ਨਾਲ ਸੀ.ਪੀ.ਈ.ਸੀ. ਵਿੱਚ ਪ੍ਰਵੇਸ਼ ਕੀਤਾ, ਤਾਂ ਪਾਕਿਸਤਾਨ ਵੱਡੇ ਬਿਜਲੀ ਸੰਕਟ ਦਾ ਸਾਹਮਣਾ ਕਰ ਰਿਹਾ ਸੀ, ਜਿਸ ਨਾਲ ਇਸਦੇ ਉਦਯੋਗਿਕ ਵਿਕਾਸ ਵਿੱਚ ਰੁਕਾਵਟ ਆ ਰਹੀ ਸੀ। ਇਸਲਾਮਾਬਾਦ ਨੇ ਹੋਰ ਕਰਜ਼ ਇਕੱਠਾ ਕਰਨ ਦੀਆਂ ਚੇਤਾਵਨੀਆਂ ਦੇ ਬਾਵਜੂਦ, ਪਾਵਰ ਪ੍ਰੋਜੈਕਟਾਂ ਦੀ ਇੱਕ ਲੜੀ ਨੂੰ ਵਿਕਸਿਤ ਕਰਨ ਲਈ ਸੀ.ਪੀ.ਈ.ਸੀ. ਦੀ ਵਰਤੋਂ ਕੀਤੀ।



ਬਲੋਚਿਸਤਾਨ ਦੇ ਦੱਖਣ-ਪੱਛਮੀ ਸੂਬੇ ਦੇ ਤੱਟਵਰਤੀ ਸ਼ਹਿਰ ਗਵਾਦਰ ਨੂੰ ਸੀ.ਪੀ.ਈ.ਸੀ. ਲਈ ਚੁਣਿਆ ਗਿਆ ਸੀ; ਇੱਕ ਡੂੰਘੀ ਸਮੁੰਦਰੀ ਬੰਦਰਗਾਹ, ਜੋ ਸ਼ਹਿਰ ਨੂੰ ਇੱਕ ਹਲਚਲ ਆਰਥਿਕ ਹੱਬ 'ਚ ਬਦਲ ਸਕਦੀ ਹੈ। ਇਸ ਦੌਰਾਨ ਦੇਸ਼ ਭਰ ਵਿੱਚ ਹਾਈਵੇਅ ਦੇ ਇੱਕ ਨੈੱਟ ਦੀ ਘੋਸ਼ਣਾ ਕੀਤੀ ਗਈ ਸੀ, ਜਿਸਦਾ ਉਦੇਸ਼ ਚੀਨ ਦੇ ਦੱਖਣ-ਪੱਛਮੀ ਸ਼ਹਿਰ ਕਸ਼ਗਰ ਤੋਂ ਗਵਾਦਰ ਤੱਕ 2,000 ਕਿਲੋਮੀਟਰ (1,242 ਮੀਲ) ਤੋਂ ਵੱਧ ਦੂਰੀ ਤੱਕ ਸੰਪਰਕ ਪ੍ਰਦਾਨ ਕਰਨਾ ਹੈ।

ਸੰਯੁਕਤ ਰਾਜ ਦੇ ਕਾਲਜ ਆਫ਼ ਵਿਲੀਅਮ ਐਂਡ ਮੈਰੀ ਦੇ ਇੱਕ ਖੋਜ ਕੇਂਦਰ ਏਡਡਾਟਾ ਦੇ ਸੀਨੀਅਰ ਖੋਜਕਰਤਾ ਅਮਰ ਮਲਿਕ ਅਨੁਸਾਰ ਸੀ.ਪੀ.ਈ.ਸੀ. ਨੇ ਕੁਝ ਬੁਨਿਆਦੀ ਢਾਂਚੇ ਅਤੇ ਊਰਜਾ ਖੇਤਰ ਦੇ ਪ੍ਰੋਜੈਕਟ ਪ੍ਰਦਾਨ ਕੀਤੇ, ਇਸ ਨੇ ਪਾਕਿਸਤਾਨ ਦੀ ਆਰਥਿਕਤਾ ਲਈ ਠੋਸ ਲਾਭ ਪ੍ਰਦਾਨ ਕਰਨ ਸਬੰਧੀ ਪਿੜ ਬੰਨ੍ਹਿਆ। ਮਲਿਕ ਅਨੁਸਾਰ "ਸੀ.ਪੀ.ਈ.ਸੀ. ਨੇ ਯਕੀਨੀ ਤੌਰ 'ਤੇ ਆਵਾਜਾਈ ਜਾਂ ਊਰਜਾ ਵਰਗੇ ਖੇਤਰਾਂ ਵਿੱਚ ਸੁਧਾਰ ਕੀਤਾ ਹੈ ਜਾਂ ਪਾਕਿਸਤਾਨ ਦੀ ਬਿਜਲੀ ਪੈਦਾ ਕਰਨ ਦੀ ਸਮਰੱਥਾ ਵਿੱਚ ਵਾਧਾ ਪ੍ਰਦਾਨ ਕੀਤਾ ਹੈ, ਪਰ ਕਿਸੇ ਨੂੰ ਇਨ੍ਹਾਂ ਲਾਭਾਂ ਨੂੰ ਆਰਥਿਕ ਉਤਪਾਦਕਤਾ ਅਤੇ ਆਰਥਿਕ ਵਿਕਾਸ ਵਿੱਚ ਅਨੁਵਾਦ ਕਰਨਾ ਹੋਵੇਗਾ, ਜੋ ਨਹੀਂ ਹੋਇਆ।"

ਸੀ.ਪੀ.ਈ.ਸੀ. ਵਿੱਚ 95 ਪ੍ਰੋਜੈਕਟਾਂ ਦੀ ਸੂਚੀ ਹੈ, ਜਿਸ ਵਿੱਚ ਊਰਜਾ ਖੇਤਰ ਵਿੱਚ 33 ਬਿਲੀਅਨ ਡਾਲਰ ਦਾ ਯੋਜਨਾਬੱਧ ਨਿਵੇਸ਼ ਸਭ ਤੋਂ ਵੱਡਾ ਹੈ। ਅੰਕੜੇ ਦੱਸਦੇ ਹਨ ਕਿ 21 ਪਾਵਰ ਪ੍ਰੋਜੈਕਟਾਂ ਵਿੱਚੋਂ 14 ਹੁਣ ਤੱਕ 8500 ਮੈਗਾਵਾਟ ਦੀ ਸੰਯੁਕਤ ਸਮਰੱਥਾ ਨਾਲ ਮੁਕੰਮਲ ਹੋ ਚੁੱਕੇ ਹਨ, ਜਦੋਂ ਕਿ ਦੋ ਹੋਰ ਨਿਰਮਾਣ ਅਧੀਨ ਹਨ ਅਤੇ ਪੰਜ ਅਜੇ ਸ਼ੁਰੂ ਹੋਣੇ ਹਨ। ਇਸੇ ਤਰ੍ਹਾਂ ਟਰਾਂਸਪੋਰਟ ਨਾਲ ਸਬੰਧਤ 24 ਪ੍ਰਸਤਾਵਿਤ ਪ੍ਰਾਜੈਕਟਾਂ ਵਿੱਚੋਂ ਸਿਰਫ਼ ਛੇ ਹੀ ਮੁਕੰਮਲ ਹੋਏ ਹਨ ਅਤੇ 13 ਉਤੇ ਅਜੇ ਕੋਈ ਕੰਮ ਨਹੀਂ ਹੋਇਆ। ਸੀ.ਪੀ.ਈ.ਸੀ. 2015 ਦੀ ਯੋਜਨਾ ਅਨੁਸਾਰ ਨੌਂ ਵਿਸ਼ੇਸ਼ ਆਰਥਿਕ ਜ਼ੋਨਾਂ ਨੂੰ ਉਤਸ਼ਾਹਿਤ ਕਰਨ ਲਈ ਨਰਮ ਵਪਾਰਕ ਕਾਨੂੰਨਾਂ ਵਾਲੇ ਮਨੋਨੀਤ ਖੇਤਰਾਂ ਨੂੰ ਸ਼ਾਮਲ ਕਰਨਾ ਸੀ, ਪਰ ਅਜੇ ਤੱਕ ਕੋਈ ਵੀ ਪੂਰਾ ਨਹੀਂ ਹੋਇਆ; ਚਾਰ ਉਤੇ ਕੰਮ ਚੱਲ ਰਿਹਾ ਹੈ। ਪਾਕਿਸਤਾਨੀਆਂ ਲਈ 20 ਲੱਖ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦਾ ਅਨੁਮਾਨ ਸੀ, ਪਰ ਸਰਕਾਰੀ ਅੰਕੜਿਆਂ ਅਨੁਸਾਰ ਹੁਣ ਤੱਕ 250,000 ਤੋਂ ਘੱਟ ਨੌਕਰੀਆਂ ਪੈਦਾ ਹੋਈਆਂ ਹਨ।

ਇਸ ਦੌਰਾਨ ਪਾਕਿਸਤਾਨ ਦਾ ਕਰਜ਼ਾ ਲਗਾਤਾਰ ਵਧ ਰਿਹਾ ਹੈ, ਜਿਸ ਨਾਲ ਉਸਦੀ ਆਰਥਿਕਤਾ 'ਤੇ ਗੰਭੀਰ ਦਬਾਅ ਪੈ ਰਿਹਾ ਹੈ। ਜਦੋਂ ਨਵਾਜ਼ ਸ਼ਰੀਫ 2013 ਵਿੱਚ ਸੱਤਾ ਵਿੱਚ ਆਏ ਤਾਂ ਪਾਕਿਸਤਾਨ ਦਾ ਬਾਹਰੀ ਕਰਜ਼ਾ 59.8 ਬਿਲੀਅਨ ਡਾਲਰ ਸੀ। ਅੱਜ, ਜਿਵੇਂ ਕਿ ਉਸਦਾ ਭਰਾ ਰਾਸ਼ਟਰ ਦੀ ਅਗਵਾਈ ਕਰਦਾ ਹੈ, ਉਹੀ ਜ਼ਿੰਮੇਵਾਰੀਆਂ 124 ਬਿਲੀਅਨ ਡਾਲਰ ਹੋ ਗਈਆਂ ਹਨ; 30 ਬਿਲੀਅਨ ਡਾਲਰ ਤਾਂ ਚੀਨ ਦਾ ਹੀ ਬਕਾਇਆ ਹੈ।

ਪਾਕਿਸਤਾਨ ਦੇ ਘਟਦੇ ਵਿਦੇਸ਼ੀ ਭੰਡਾਰ 'ਤੇ ਕਰਜ਼ੇ ਦੇ ਬੋਝ ਨੇ ਦਰਾਮਦ ਉਤੇ ਬਹੁਤ ਜ਼ਿਆਦਾ ਨਿਰਭਰ ਦੇਸ਼ ਨੂੰ ਅਧਰੰਗ ਕਰ ਦਿੱਤਾ ਹੈ। ਇਸ ਦੇ ਕੇਂਦਰੀ ਬੈਂਕ ਕੋਲ ਵਰਤਮਾਨ ਵਿੱਚ 9 ਬਿਲੀਅਨ ਡਾਲਰ ਹਨ, ਜੋ ਦੋ ਮਹੀਨਿਆਂ ਦੇ ਆਯਾਤ ਨੂੰ ਕਵਰ ਕਰਨ ਲਈ ਕਾਫ਼ੀ ਹਨ। ਨਕਦੀ ਸੰਕਟ ਨੇ ਇਸਲਾਮਾਬਾਦ ਨੂੰ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਚੀਨ ਸਮੇਤ ਨੇੜਲੇ ਸਹਿਯੋਗੀਆਂ ਤੱਕ ਪਹੁੰਚਣ ਲਈ ਮਜਬੂਰ ਕੀਤਾ ਹੈ।

ਪਾਕਿਸਤਾਨ ਇੱਕ ਹੋਰ ਬੇਲਆਊਟ ਪੈਕੇਜ ਲਈ ਅੰਤਰਰਾਸ਼ਟਰੀ ਮੁਦਰਾ ਫੰਡ ਨਾਲ ਵੀ ਗੱਲਬਾਤ ਕਰ ਰਿਹਾ ਹੈ, ਇਹ 1958 ਤੋਂ ਬਾਅਦ 24ਵਾਂ ਹੈ।

---

ਚੀਨੀ ਲੋਕਾਂ ਨੇ ਪਾਕਿਸਤਾਨ ਦੇ ਕਰਜ਼ੇ ਦੀ ਮੁੜ ਅਦਾਇਗੀ ਦੀ ਸਮਾਂ-ਸੀਮਾ ਨੂੰ ਵਾਰ-ਵਾਰ ਬਦਲਿਆ ਹੈ, ਜਿਸ ਵਿੱਚ ਇਸ ਸਾਲ ਦੇ ਸ਼ੁਰੂ ਵਿੱਚ ਬਕਾਇਆ 2 ਬਿਲੀਅਨ ਡਾਲਰ ਸ਼ਾਮਲ ਹਨ; ਪਰ ਚੀਨ ਦੀਆਂ ਆਪਣੀਆਂ ਚਿੰਤਾਵਾਂ ਹਨ। ਸਿਰਫ ਇਸ ਸਾਲ ਵੱਖ-ਵੱਖ ਸੀ.ਪੀ.ਈ.ਸੀ. ਪ੍ਰੋਜੈਕਟਾਂ 'ਤੇ ਕੰਮ ਕਰ ਰਹੇ ਪੰਜ ਚੀਨੀ ਨਾਗਰਿਕ ਹਥਿਆਰਬੰਦ ਸਮੂਹਾਂ ਦੇ ਹਮਲਿਆਂ ਵਿੱਚ ਮਾਰੇ ਗਏ, ਜਿਨ੍ਹਾਂ ਨੇ ਪਾਕਿਸਤਾਨ ਵਿੱਚ ਚੀਨੀ ਹਿੱਤਾਂ ਨੂੰ ਨਿਸ਼ਾਨਾ ਬਣਾਉਣ ਲਈ ਖੁੱਲ੍ਹੇਆਮ ਸਵੀਕਾਰ ਕੀਤਾ ਹੈ। 2018 ਤੋਂ ਲੈ ਕੇ ਹੁਣ ਤੱਕ ਪਾਕਿਸਤਾਨ ਭਰ ਵਿੱਚ ਦਰਜਨਾਂ ਚੀਨੀ ਕਾਮੇ ਮਾਰੇ ਜਾ ਚੁੱਕੇ ਹਨ, ਮੁੱਖ ਤੌਰ 'ਤੇ ਬਲੋਚਿਸਤਾਨ ਵਿੱਚ, ਜਿੱਥੇ ਪਾਕਿਸਤਾਨੀ ਰਾਜ ਵਿਰੁੱਧ ਹਥਿਆਰਬੰਦ ਵਿਦਰੋਹ ਕਈ ਸਾਲਾਂ ਤੋਂ ਚੱਲ ਰਿਹਾ ਹੈ। ਬਲੋਚ ਬਾਗੀ ਹੁਣ ਸੂਬੇ ਵਿੱਚ ਚੀਨੀ ਪ੍ਰੋਜੈਕਟਾਂ ਨੂੰ ਆਪਣੇ ਸਰੋਤਾਂ ਦੀ ਚੋਰੀ ਵਜੋਂ ਜ਼ਿੰਮੇਵਾਰ ਠਹਿਰਾਉਂਦੇ ਹਨ।

ਹਾਰਵਰਡ ਕੈਨੇਡੀ ਸਕੂਲ ਦੇ ਐਸ਼ ਸੈਂਟਰ ਵਿੱਚ ਚੀਨ ਦੀ ਪਬਲਿਕ ਪਾਲਿਸੀ ਪੋਸਟ-ਡਾਕਟੋਰਲ ਫੈਲੋ ਸਟੈਲਾ ਹੋਂਗ ਅਨੁਸਾਰ ਪਾਕਿਸਤਾਨ ਦੀ ਸੁਰੱਖਿਆ ਸਥਿਤੀ ਚੀਨੀਆਂ ਲਈ 'ਸਭ ਤੋਂ ਤੁਰੰਤ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ' ਅਤੇ ਦੇਸ਼ ਵਿੱਚ ਉਨ੍ਹਾਂ ਦੇ ਭਵਿੱਖ ਦੇ ਨਿਵੇਸ਼ਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਹਿੰਸਕ ਘਟਨਾਵਾਂ ਦੋਵਾਂ ਸਰਕਾਰਾਂ ਦੇ ਆਪਸੀ ਭਰੋਸੇ ਨੂੰ ਵੀ ਪਰਖ ਰਹੀਆਂ ਹਨ।



# ਸਿੱਖ ਭਾਈਚਾਰੇ ਨੇ ਕੀਤੀ ਮੈਮੋਰੀਅਲ ਡੇਅ ਪਰੇਡ ਵਿੱਚ ਸ਼ਮੂਲੀਅਤ


**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਅਮਰੀਕੀ ਸਿੱਖ ਭਾਈਚਾਰੇ ਨੇ ਲੰਘੇ ਦਿਨੀਂ ਹੋਈ ਮੈਮੋਰੀਅਲ ਡੇਅ ਨੂੰ ਸਮਰਪਿਤ ਪਰੇਡ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ। ਪਰੇਡ ਦੌਰਾਨ ਮੁੱਖ ਧਾਰਾ ਦੇ ਲੋਕਾਂ ਵੱਲੋਂ ਸਿੱਖ ਭਾਈਚਾਰੇ ਦੇ ਮੈਂਬਰਾਂ ਦਾ ਤਾੜੀਆਂ ਨਾਲ ਸਵਾਗਤ ਕੀਤਾ ਗਿਆ ਅਤੇ ਕਰਦਾ ਸੀ।

ਪਰੇਡ ਲੇਕ ਤੇ ਸਟੇਟ ਸਟ੍ਰੀਟਸ ਤੋਂ ਸ਼ੁਰੂ ਹੋਈ ਅਤੇ ਦੱਖਣ ਵੱਲ ਮਾਰਚ ਕਰਦੇ ਹੋਏ ਸਟੇਟ ਸਟ੍ਰੀਟ ਤੇ ਵੈਨ ਬੁਰੇਨ ਵਿਖੇ ਸਮਾਪਤ ਹੋਈ। ਦਰਸ਼ਕਾਂ ਵੱਲੋਂ ਤਾੜੀਆਂ ਦੀ ਗੜਗੜਾਹਟ ਨਾਲ ਲਾਲ ਪੱਗਾਂ, ਅਮਰੀਕੀ ਥੀਮ ਵਾਲੀ

2022 ਤੋਂ ਗੁਰਦੁਆਰਾ ਵ੍ਹੀਟਨ ਵੱਲੋਂ ਸਪਾਂਸਰ ਕੀਤਾ ਜਾ ਰਿਹਾ ਹੈ। ਵਧੀਆ ਸਜਾਏ ਗਏ ਸਿੱਖ ਭਾਈਚਾਰੇ ਦੇ ਇਸ ਫਲੋਟ 'ਤੇ ਵੀ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਸ਼ਹੀਦ ਹੋਏ ਸਿੱਖ ਸੈਨਿਕਾਂ ਨੂੰ ਉਜਾਗਰ ਕੀਤਾ ਗਿਆ। ਫਲੋਟ ਦੇ ਦੋਵੇਂ ਪਾਸੇ ਅਮਰੀਕਾ ਦੇ ਝੰਡੇ, ਨਿਸ਼ਾਨ ਸਾਹਿਬ

ਰੋਜਰ ਸਿੰਘ ਚਾਵਲਾ ਅਤੇ ਭਾਈ ਮਹਿੰਦਰ ਸਿੰਘ ਸਮੇਤ ਹੋਰ ਸਿੱਖ ਸ਼ਖ਼ਸੀਅਤਾਂ ਨੇ ਨਿਸ਼ਾਨ ਸਾਹਿਬ, ਬੈਨਰ ਅਤੇ ਅਮਰੀਕੀ ਝੰਡਿਆਂ ਨਾਲ ਫਲੋਟ ਦੀ ਅਗਵਾਈ ਕਰਦਿਆਂ ਇੱਕ ਮੀਲ ਤੱਕ ਪਰੇਡ ਵਿੱਚ ਮਾਰਚ ਕੀਤਾ। ਵੱਖ-ਵੱਖ 45 ਐਂਟਰੀਆਂ, ਪਰੇਡ ਵਿੱਚ ਸਕੂਲੀ ਬੈਂਡ, ਐਂਟੀਕ ਕਾਰਾਂ




ਮੈਮੋਰੀਅਲ ਡੇਅ ਪਰੇਡ ਵਿੱਚ ਹਿੱਸਾ ਲੈਣ ਲਈ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਿੱਖ ਭਾਈਚਾਰੇ ਨੇ ਨੇਪਰਵਿਲ ਤੇ ਸ਼ਾਮਬਰਗ ਵਿੱਚ ਹੋਈ ਮੈਮੋਰੀਅਲ ਡੇਅ ਪਰੇਡ ਵਿੱਚ ਵੀ ਸ਼ਮੂਲੀਅਤ ਕੀਤੀ।

ਸ਼ਿਕਾਗੋ ਵਿੱਚ ਮੈਮੋਰੀਅਲ ਡੇਅ ਪਰੇਡ ਦੀ ਸ਼ੁਰੂਆਤ ਡੇਲੀ ਪਲਾਜ਼ਾ ਵਿਖੇ 1.2 ਮਿਲੀਅਨ ਤੋਂ ਵੱਧ ਨਾਇਕਾਂ ਨੂੰ ਯਾਦ ਕਰਦਿਆਂ ਫੁੱਲਾਂ ਦੀ ਰਸਮ ਨਾਲ ਕੀਤੀ ਗਈ, ਜਿਸ ਤੋਂ ਬਾਅਦ ਸਟੇਟ ਸਟ੍ਰੀਟ 'ਤੇ ਇੱਕ ਪਰੇਡ ਹੋਈ। ਸ਼ਰਧਾਂਜਲੀ ਦੇਣ ਲਈ ਲੋਕਾਂ ਦੀ ਵੱਡੀ ਭੀੜ ਪਰੇਡ ਦੇ ਰਸਤੇ 'ਤੇ ਲੱਗੀ ਹੋਈ ਸੀ। ਪਰੇਡ ਦਾ ਸਥਾਨਕ ਟੀ.ਵੀ. ਤੇ ਏ.ਬੀ.ਸੀ. ਟੀ.ਵੀ.-7 ਵਰਗੇ ਚੈਨਲਾਂ 'ਤੇ ਸਿੱਧਾ ਪ੍ਰਸਾਰਨ ਵੀ ਕੀਤਾ ਗਿਆ।

ਦੇਸ਼ ਦੀਆਂ ਸਭ ਤੋਂ ਵੱਡੀਆਂ ਮੈਮੋਰੀਅਲ ਡੇਅ ਪਰੇਡਾਂ ਵਿੱਚੋਂ ਇੱਕ ਦੀ ਮੇਜ਼ਬਾਨੀ ਸ਼ਿਕਾਗੋ ਕਰਦਾ ਹੈ। ਕਈ ਮਾਰਚਿੰਗ ਬੈਂਡ, ਆਰ.ਓ.ਟੀ.ਸੀ. ਕੈਡੇਟ, ਵਰਦੀਧਾਰੀ ਸਿਪਾਹੀ, ਵੈਟਰਨ ਗਰੁੱਪ, ਮਿਲਟਰੀ ਜੀਪਾਂ ਅਤੇ ਹੋਰ ਵਾਹਨ ਸਨ, ਜੋ ਪਰੇਡ ਵਿੱਚ ਸ਼ਾਮਲ ਸਨ। ਮਾਰਚਿੰਗ ਬੈਂਡਾਂ ਵਿੱਚੋਂ ਇੱਕ ਅਮਰੀਕੀ ਸਿੱਖ ਭਾਈਚਾਰੇ ਦੁਆਰਾ ਸਜਾਇਆ ਗਿਆ ਫਲੋਟ ਵੀ ਸੀ, ਜੋ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਮਾਰੇ ਗਏ ਸਿੱਖ ਸੈਨਿਕਾਂ ਦੀ ਯਾਦ ਨੂੰ ਉਜਾਗਰ

ਕਮੀਜ਼ ਤੇ ਕਾਲੇ ਰੰਗ ਦੀ ਪੈਂਟ ਨਾਲ ਪਰੇਡ ਵਿੱਚ ਮਾਰਚ ਕਰਦੇ ਸਿੱਖ ਭਾਈਚਾਰੇ ਦਾ ਸਵਾਗਤ ਕੀਤਾ ਗਿਆ। ਪਰੇਡ ਦੀ ਅਗਵਾਈ ਰਜਿੰਦਰ ਸਿੰਘ ਮਾਗੋ ਨੇ ਅਮਰੀਕਾ ਦੇ ਝੰਡੇ ਨਾਲ ਕੀਤੀ। ਸਰਵਣ ਸਿੰਘ ਬੋਲੀਨਾ ਅਤੇ ਡੈਲਸ ਨਾਮ ਦੀ ਅਮਰੀਕਨ ਮੁਟਿਆਰ ਵੱਲੋਂ ਵਿਸ਼ਵ ਯੁੱਧਾਂ ਵਿੱਚ ਸਿੱਖਾਂ ਦੇ ਯੋਗਦਾਨ ਦੇ ਨਾਲ ਵੱਡੇ ਖੰਡੇ ਵਾਲਾ ਬੈਨਰ ਵੀ ਚੁੱਕਿਆ ਹੋਇਆ ਸੀ। ਸਿੱਖ ਨਿਸ਼ਾਨ ਸਾਹਿਬ ਜੀਤ ਸਿੰਘ ਨੇ ਚੁੱਕਿਆ ਹੋਇਆ ਸੀ।

ਅਮਰੀਕੀ ਸਿੱਖ ਭਾਈਚਾਰਾ, ਜੋ ਸਾਲ 2012 ਤੋਂ ਸ਼ਾਮਬਰਗ ਮੈਮੋਰੀਅਲ ਡੇਅ ਪਰੇਡ ਵਿੱਚ ਹਿੱਸਾ ਲੈਂਦਾ ਆ ਰਿਹਾ ਹੈ, ਨੇ ਇੱਕ ਵਾਰ ਵੀ ਪਰੇਡ ਵਿੱਚ ਸ਼ਿਰਕਤ ਕੀਤੀ। ਸ਼ਾਮਬਰਗ ਪਰੇਡ ਵਿੱਚ ਸਿੱਖ ਭਾਈਚਾਰੇ ਦੀ ਸ਼ਮੂਲੀਅਤ ਦਾ ਪ੍ਰਬੰਧ ਅਵਤਾਰ ਸਿੰਘ ਔਲਖ, ਅਮਰੀਕ ਪਾਲ ਸਿੰਘ ਅਤੇ ਸਰਵਣ ਸਿੰਘ ਬੋਲੀਨਾ ਨੇ ਅਮਰੀਕਨ ਸਿੱਖ ਕਮਿਊਨਿਟੀ ਦੇ ਬੈਨਰ ਹੇਠ ਕੀਤਾ ਸੀ।

ਇਸ ਤੋਂ ਇਲਾਵਾ ਇਲੀਨਾਏ ਸਿੱਖ ਕਮਿਊਨਿਟੀ ਸੈਂਟਰ (ਗੁਰਦੁਆਰਾ ਵ੍ਹੀਟਨ) ਤਰਫੋਂ ਸਿੱਖ ਭਾਈਚਾਰੇ ਨੇ ਲਗਾਤਾਰ ਤੀਜੇ ਸਾਲ ਨੇਪਰਵਿਲ ਦੀ ਮੈਮੋਰੀਅਲ ਡੇਅ ਪਰੇਡ ਵਿੱਚ ਹਿੱਸਾ ਲਿਆ। ਪਰੇਡ ਫਲੋਟ ਨੂੰ ਸਾਲ

ਅਤੇ ਵੱਡੇ-ਵੱਡੇ ਪੋਸਟਰ ਲੱਗੇ ਹੋਏ ਸਨ। ਦੋਵਾਂ ਵਿਸ਼ਵ ਯੁੱਧਾਂ ਵਿੱਚ ਬਹਾਦਰ ਸਿੱਖ ਸੈਨਿਕਾਂ ਦੇ ਯੋਗਦਾਨ ਨੂੰ ਦਰਸਾਉਂਦੇ ਪੋਸਟਰਾਂ ਵਿੱਚ ਬ੍ਰਿਟਿਸ਼ ਫੌਜ ਦੇ ਅਧਿਕਾਰੀਆਂ, ਇਤਿਹਾਸਕਾਰਾਂ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦੇ ਹਵਾਲੇ ਵੀ ਦਿਖਾਏ ਗਏ ਸਨ।

ਪਰੇਡ ਸ਼ੁਰੂ ਕਰਨ ਤੋਂ ਪਹਿਲਾਂ ਭਾਈ ਮਹਿੰਦਰ ਸਿੰਘ ਨੇ ਅਰਦਾਸ ਕੀਤੀ। ਜਥੇ ਵਿੱਚ ਰਾਜਿੰਦਰ ਸਿੰਘ ਮਾਗੋ,



ਅਤੇ ਮਿਲਟਰੀ ਜੈੱਟ ਸ਼ਾਮਲ ਸਨ। ਪਰੇਡ ਨੂੰ ਦੇਖਣ ਲਈ ਹਜ਼ਾਰਾਂ ਲੋਕ ਮੌਜੂਦ ਸਨ। ਦਰਸ਼ਕਾਂ ਨੇ ਲਾਲ, ਚਿੱਟੇ ਅਤੇ ਨੀਲੇ ਰੰਗ ਦੇ ਕੱਪੜੇ ਵੀ ਪਹਿਨੇ ਹੋਏ ਸਨ, ਜੋ ਪੂਰੀ ਪਰੇਡ ਵਿੱਚ ਇੱਕ ਵੱਡੇ ਅਮਰੀਕੀ ਝੰਡੇ ਦਾ ਪ੍ਰਭਾਵ ਦਿੰਦੇ ਸਨ। ਦਰਸ਼ਕਾਂ ਨੇ ਸ਼ਹੀਦ ਅਮਰੀਕੀ ਅਤੇ ਸਿੱਖ ਸੈਨਿਕਾਂ ਨੂੰ ਯਾਦ ਕਰਨ ਲਈ ਖੜ੍ਹੇ ਹੋ ਕੇ ਤਾੜੀਆਂ ਵਜਾਈਆਂ ਅਤੇ ਸ਼ਰਧਾਂਜਲੀ ਦਿੱਤੀ।

ਪਰੇਡ ਤੋਂ ਬਾਅਦ ਪਾਰਕ ਵਿੱਚ ਗੁਰਦੁਆਰਾ ਵ੍ਹੀਟਨ ਵੱਲੋਂ ਲੰਗਰ (ਰਾਜਮਾਂਹ ਅਤੇ ਚੌਲ੍ਹ) ਵਰਤਾਇਆ ਗਿਆ। ਸਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਅਗਲੇ ਸਾਲ ਵੀ ਪਰੇਡ ਵਿੱਚ ਸ਼ਿਰਕਤ ਕਰਨ ਦਾ ਵਾਅਦਾ ਕੀਤਾ। ਨੇਪਰਵਿਲ ਵਿੱਚ ਮੈਮੋਰੀਅਲ ਡੇਅ ਪਰੇਡ ਵਿੱਚ ਹਿੱਸਾ ਲੈਣ ਦਾ ਸਭ ਤੋਂ ਵਧੀਆ ਅਹਿਸਾਸ ਇਹ ਸੀ ਕਿ ਇਹ ਆਂਢ-ਗੁਆਂਢ ਵਿੱਚ ਸਥਾਨਕ ਸਿੱਖ ਭਾਈਚਾਰੇ ਦਾ ਪ੍ਰਭਾਵ ਪਾਉਂਦਾ ਹੈ, ਜਿੱਥੇ ਸਾਡੇ ਭਾਈਚਾਰੇ ਦੇ ਪਰਿਵਾਰ ਰਹਿੰਦੇ ਹਨ ਅਤੇ ਬੱਚੇ ਸਕੂਲ ਜਾਂਦੇ ਹਨ। ਰੋਜਰ ਸਿੰਘ ਚਾਵਲਾ ਨੇ ਇੱਕ ਸਥਾਨਕ ਰੈਸਟੋਰੈਂਟ ਵਿੱਚ ਸਿੱਖ ਪ੍ਰਤੀਭਾਗੀਆਂ ਲਈ ਕੌਫੀ ਤੇ ਆਈਸਕ੍ਰੀਮ ਦਾ ਪ੍ਰਬੰਧ ਕੀਤਾ। ਸਾਰਿਆਂ ਨੇ ਗੁਰਦੁਆਰਾ ਵ੍ਹੀਟਨ ਦੇ ਪ੍ਰਬੰਧਕਾਂ ਦੇ ਸਹਿਯੋਗ ਅਤੇ ਸਪਾਂਸਰਸ਼ਿਪ ਲਈ ਧੰਨਵਾਦ ਕੀਤਾ।

---

ਹਾਲਾਤ-ਏ-ਹਾਜ਼ਰਾ

# ਕੀ ਗਾਜ਼ਾ ਜੰਗਬੰਦੀ ਸਾਰਥਕ ਹੋ ਸਕਦੀ ਹੈ?

**ਜ਼ਾਹਿਦ ਹੁਸੈਨ**

ਗਾਜ਼ਾ ਵਿੱਚ ਇਜ਼ਰਾਈਲ ਦੀ ਨਸਲਕੁਸ਼ੀ ਦੀ ਲੜਾਈ ਦੇ 9 ਮਹੀਨਿਆਂ ਬਾਅਦ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਆਖਰਕਾਰ ਇੱਕ ਜੰਗਬੰਦੀ ਯੋਜਨਾ ਦਾ ਸਮਰਥਨ ਕੀਤਾ ਹੈ, ਜੋ ਕਬਜ਼ੇ ਵਾਲੇ ਖੇਤਰ ਵਿੱਚ ਦੁਸ਼ਮਣੀ ਨੂੰ ਖਤਮ ਕਰਨ ਦਾ ਵਾਅਦਾ ਕਰਦਾ ਹੈ। ਯੂ.ਐਸ. ਪ੍ਰਾਯੋਜਿਤ ਤਿੰਨ-ਪੜਾਵੀ ਯੋਜਨਾ, ਜਿਸ ਨੂੰ 15 ਮੈਂਬਰੀ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (ਯੂ.ਐਨ.ਐਸ.ਸੀ.) ਦੁਆਰਾ ਸਿਰਫ਼ ਇੱਕ ਪਰਹੇਜ਼ ਦੇ ਨਾਲ, ਇੱਕ ਮਤੇ ਰਾਹੀਂ ਬਹੁਤ ਜ਼ਿਆਦਾ ਮਨਜ਼ੂਰੀ ਦਿੱਤੀ ਗਈ ਸੀ, ਨੇ ਇੱਕ ਤੁਰੰਤ ਜੰਗਬੰਦੀ ਅਤੇ 'ਇਸ ਦੀਆਂ ਸ਼ਰਤਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ' ਲਈ ਕਿਹਾ ਹੈ। ਮਤਾ ਹਰ ਪਾਸਿਓਂ ਪਾਬੰਦ ਹੈ।

ਜਦੋਂ ਤੋਂ ਪਿਛਲੇ ਸਾਲ ਗਾਜ਼ਾ 'ਤੇ ਇਜ਼ਰਾਈਲੀ ਹਮਲਾ ਸ਼ੁਰੂ ਹੋਇਆ ਹੈ, ਯੂ.ਐਨ.ਐਸ.ਸੀ. ਯੁੱਧ ਨੂੰ ਖਤਮ ਕਰਨ ਦੇ ਤਰੀਕੇ ਨੂੰ ਲੈ ਕੇ ਡੈੱਡਲਾਕ ਵਿਚ ਹੈ। ਇਹ ਪਹਿਲੀ ਵਾਰ ਹੈ ਕਿ ਯੂ.ਐਨ.ਐਸ.ਸੀ. ਨੇ ਪੱਟੀ ਵਿੱਚ ਤੁਰੰਤ ਜੰਗਬੰਦੀ ਦੀ ਮੰਗ ਕੀਤੀ ਹੈ, ਜੋ ਕਿ ਇਜ਼ਰਾਈਲ ਦੇ ਲਗਾਤਾਰ ਹਵਾਈ ਅਤੇ ਜ਼ਮੀਨੀ ਹਮਲਿਆਂ ਨਾਲ ਲਗਭਗ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ।

ਇਸ ਤੋਂ ਪਹਿਲਾਂ ਇਸ ਨੇ ਰਮਜ਼ਾਨ ਦੌਰਾਨ ਮਾਨਵਤਾਵਾਦੀ ਜੰਗਬੰਦੀ ਦੀ ਮੰਗ ਕਰਨ ਵਾਲਾ ਮਤਾ ਪਾਸ ਕੀਤਾ ਸੀ, ਪਰ ਇਜ਼ਰਾਈਲ ਨੇ ਯੁੱਧ ਰੋਕਣ ਤੋਂ ਇਨਕਾਰ ਕਰ ਦਿੱਤਾ। ਦਿਲਚਸਪ ਗੱਲ ਇਹ ਹੈ ਕਿ ਅਮਰੀਕਾ ਨੇ ਯੂ.ਐਨ.ਐਸ.ਸੀ. ਵਿੱਚ ਪਿਛਲੀ ਜੰਗਬੰਦੀ ਪ੍ਰਸਤਾਵ ਨੂੰ ਵੀਟੋ ਕਰ ਦਿੱਤਾ ਹੈ। ਬਾਇਡਨ ਪ੍ਰਸ਼ਾਸਨ ਨੇ ਆਪਣੀ ਨਸਲਕੁਸ਼ੀ ਦੀ ਲੜਾਈ ਵਿੱਚ ਇਜ਼ਰਾਈਲ ਦਾ ਪੂਰੀ ਤਰ੍ਹਾਂ ਨਾਲ ਸਾਥ ਦਿੱਤਾ ਹੈ।

ਹਾਲਾਂਕਿ ਇਹ ਬਹੁਤ ਦੇਰ ਨਾਲ ਆਇਆ ਹੋ ਸਕਦਾ ਹੈ- 38,000 ਤੋਂ ਵੱਧ ਲੋਕਾਂ ਦੀ ਮੌਤ ਤੋਂ ਬਾਅਦ, ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਤੇ ਬੱਚੇ ਸਨ, ਅਤੇ ਗਾਜ਼ਾ ਦੀਆਂ 80% ਇਮਾਰਤਾਂ ਦੀ ਤਬਾਹੀ- ਇਹ ਮਤਾ ਚੱਲ ਰਹੀ ਨਸਲਕੁਸ਼ੀ ਨੂੰ ਖਤਮ ਕਰਨ ਲਈ ਉਮੀਦ ਦੀ ਕਿਰਨ ਪੇਸ਼ ਕਰਦਾ ਹੈ। ਕੁਝ ਅਸਪਸ਼ਟਤਾ ਦੇ ਬਾਵਜੂਦ ਮਤੇ ਨੂੰ ਗਾਜ਼ਾ ਵਿੱਚ ਸਥਾਈ ਜੰਗਬੰਦੀ ਵੱਲ ਇੱਕ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

ਯੋਜਨਾ ਬਹੁਤ ਸਕਾਰਾਤਮਕ ਜਾਪਦੀ ਹੈ, ਪਰ ਅਸਲ ਚੁਣੌਤੀ ਇਹ ਹੈ ਕਿ ਇਸ ਨੇ ਕਿਵੇਂ ਕੰਮ ਕਰਨਾ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਲਗਭਗ ਇੱਕ ਹਫ਼ਤੇ ਦੀ ਸਖ਼ਤ ਗੱਲਬਾਤ ਤੋਂ ਬਾਅਦ ਮਤੇ ਨੂੰ ਅੰਤਿਮ ਰੂਪ ਦਿੱਤਾ ਗਿਆ। ਟੈਕਸਟ ਦੀ ਭਾਸ਼ਾ 'ਤੇ ਉਨ੍ਹਾਂ ਦੇ ਸਖ਼ਤ ਰਿਜ਼ਰਵੇਸ਼ਨ ਦੇ ਬਾਵਜੂਦ, ਜੋ ਕਿ ਇਜ਼ਰਾਈਲ ਵੱਲ ਬਹੁਤ ਜ਼ਿਆਦਾ ਝੁਕਿਆ ਹੋਇਆ ਦਿਖਾਈ ਦਿੰਦਾ ਸੀ, ਰੂਸ ਨੂੰ ਛੱਡ ਕੇ, ਸਾਰੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਮੈਂਬਰਾਂ ਨੇ ਇਸ ਦੇ ਹੱਕ ਵਿੱਚ ਵੋਟ ਦਿੱਤੀ। ਮਾਸਕੋ ਨੇ ਸਥਾਈ ਜੰਗਬੰਦੀ ਦੀ ਮੰਗ ਕਰਨ ਵਾਲੇ ਮਤੇ ਵਿੱਚ ਇੱਕ ਸੋਧ ਦਾ ਸੁਝਾਅ ਦਿੱਤਾ।

ਚੀਨ ਨੇ ਕਿਹਾ ਕਿ ਉਸਨੇ ਮਤੇ ਦਾ ਸਮਰਥਨ ਕੀਤਾ, ਕਿਉਂਕਿ ਉਹ ਲੜਾਈ ਦਾ ਅੰਤ ਅਤੇ ਬੰਧਕਾਂ ਨੂੰ ਰਿਹਾਅ ਕਰਨਾ ਚਾਹੁੰਦਾ ਸੀ। ਸੰਯੁਕਤ ਰਾਸ਼ਟਰ ਵਿਚ ਚੀਨੀ ਰਾਜਦੂਤ ਨੇ ਕਿਹਾ, ਸਾਡੇ ਕੋਲ ਅਜੇ ਵੀ ਇਸ ਗੱਲ 'ਤੇ ਜਾਇਜ਼ ਚਿੰਤਾਵਾਂ ਹਨ ਕਿ ਕੀ ਸਬੰਧਤ ਧਿਰਾਂ ਜੰਗਬੰਦੀ ਦੀਆਂ ਸ਼ਰਤਾਂ ਨੂੰ ਸਵੀਕਾਰ ਕਰਨਗੀਆਂ ਅਤੇ ਕੀ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਪੂਰਾ ਕੀਤਾ ਜਾ ਸਕਦਾ ਹੈ।

ਪ੍ਰਸਤਾਵਿਤ ਸ਼ਾਂਤੀ ਯੋਜਨਾ ਦੇ ਪਹਿਲੇ ਪੜਾਅ ਵਿੱਚ ਫਲਿਸਤੀਨੀ ਕੈਦੀਆਂ ਦੇ ਬਦਲੇ ਬੰਧਕਾਂ ਦੀ ਰਿਹਾਈ, ਗਾਜ਼ਾ ਵਿੱਚ ਆਬਾਦੀ ਵਾਲੇ ਖੇਤਰਾਂ ਤੋਂ ਇਜ਼ਰਾਈਲੀ ਬਲਾਂ ਦੀ ਵਾਪਸੀ ਅਤੇ ਸਾਰੇ ਖੇਤਰਾਂ ਵਿੱਚ ਫਲਸਤੀਨੀ ਨਾਗਰਿਕਾਂ ਦੀ ਵਾਪਸੀ ਦੇ ਨਾਲ ਸ਼ੁਰੂਆਤੀ ਛੇ ਮਹੀਨਿਆਂ ਦੀ ਜੰਗਬੰਦੀ ਦੀ ਮੰਗ ਕੀਤੀ ਗਈ ਹੈ। ਇਸ ਨੂੰ 'ਪੂਰੀ ਗਾਜ਼ਾ ਪੱਟੀ ਵਿੱਚ ਪੈਮਾਨੇ 'ਤੇ' ਮਾਨਵਤਾਵਾਦੀ ਸਹਾਇਤਾ ਦੀ ਸੁਰੱਖਿਅਤ ਵੰਡ ਦੀ ਵੀ ਲੋੜ ਹੈ। ਦੂਜਾ ਪੜਾਅ 'ਦੁਸ਼ਮਣ ਦਾ ਸਥਾਈ ਅੰਤ' ਦੀ ਮੰਗ ਕਰਦਾ ਹੈ। ਇਹ 'ਗਾਜ਼ਾ ਵਿੱਚ ਅਜੇ ਵੀ ਬਾਕੀ ਸਾਰੇ ਬੰਧਕਾਂ ਦੀ ਰਿਹਾਈ ਅਤੇ ਗਾਜ਼ਾ ਤੋਂ ਇਜ਼ਰਾਈਲੀ ਫੌਜਾਂ ਦੀ ਪੂਰੀ ਵਾਪਸੀ ਦੇ ਬਦਲੇ' ਹੋਵੇਗਾ। ਤੀਜੇ ਪੜਾਅ ਵਿੱਚ 'ਗਾਜ਼ਾ ਲਈ ਇੱਕ ਵੱਡੀ ਬਹੁ-ਸਾਲਾ ਪੁਨਰ-ਨਿਰਮਾਣ ਯੋਜਨਾ ਅਤੇ ਗਾਜ਼ਾ ਵਿੱਚ ਅਜੇ ਵੀ ਕਿਸੇ ਵੀ ਮ੍ਰਿਤਕ ਬੰਧਕਾਂ ਦੇ ਅਵਸ਼ੇਸ਼ਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਨੂੰ ਵਾਪਸ ਕਰਨ' ਦੀ ਸ਼ੁਰੂਆਤ ਦੇਖਣ ਨੂੰ ਮਿਲੇਗੀ।

ਮਤੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਪਹਿਲੇ ਪੜਾਅ ਲਈ ਗੱਲਬਾਤ ਛੇ ਹਫ਼ਤਿਆਂ ਤੋਂ ਵੱਧ ਸਮਾਂ ਲੈਂਦੀ ਹੈ, ਤਾਂ 'ਜਦੋਂ ਤੱਕ ਗੱਲਬਾਤ ਜਾਰੀ ਰਹੇਗੀ, ਉਦੋਂ ਤੱਕ ਜੰਗਬੰਦੀ ਜਾਰੀ ਰਹੇਗੀ।' ਸਭ ਤੋਂ ਮਹੱਤਵਪੂਰਨ, ਮਤਾ ਗਾਜ਼ਾ ਦੇ ਖੇਤਰ ਜਾਂ ਜਨਸੰਖਿਆ ਨੂੰ ਬਦਲਣ ਜਾਂ ਇਸਦੇ ਆਕਾਰ ਨੂੰ ਘਟਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਰੱਦ ਕਰਦਾ ਹੈ। ਇਹ ਸੁਰੱਖਿਆ ਪ੍ਰੀਸ਼ਦ ਦੀ 'ਗੱਲਬਾਤ ਕੀਤੇ ਦੋ-ਰਾਜ ਹੱਲ ਦੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਕਰਨ ਲਈ ਅਟੱਲ ਵਚਨਬੱਧਤਾ ਨੂੰ ਦੁਹਰਾਉਂਦਾ ਹੈ, ਜਿੱਥੇ ਦੋ ਲੋਕਤੰਤਰੀ ਰਾਜ, ਇਜ਼ਰਾਈਲ ਅਤੇ ਫਲਿਸਤੀਨ, ਸੁਰੱਖਿਅਤ ਅਤੇ ਮਾਨਤਾ ਪ੍ਰਾਪਤ ਸਰਹੱਦਾਂ ਦੇ ਅੰਦਰ ਸ਼ਾਂਤੀ ਨਾਲ ਨਾਲ ਰਹਿੰਦੇ ਹਨ।' ਇਹ ਫਲਸਤੀਨੀ ਅਥਾਰਟੀ ਦੇ ਅਧੀਨ ਵੈਸਟ ਬੈਂਕ ਦੇ ਨਾਲ ਗਾਜ਼ਾ ਪੱਟੀ ਨੂੰ ਇਕਜੁੱਟ ਕਰਨ ਦੇ ਮਹੱਤਵ 'ਤੇ ਵੀ ਜ਼ੋਰ ਦਿੰਦਾ ਹੈ।

ਇਸ ਯੋਜਨਾ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣਾ ਹੁਣ ਅਮਰੀਕਾ ਅਤੇ ਹੋਰ ਵਿਸ਼ਵ ਸ਼ਕਤੀਆਂ ਦੀ ਜ਼ਿੰਮੇਵਾਰੀ ਹੈ। ਇੱਕ ਵੱਡਾ ਸਵਾਲ, ਹਾਲਾਂਕਿ ਇਹ ਹੈ ਕਿ ਕੀ ਇਜ਼ਰਾਈਲ ਸੰਯੁਕਤ ਰਾਸ਼ਟਰ ਦੀ ਸਭ ਤੋਂ ਸ਼ਕਤੀਸ਼ਾਲੀ ਸੰਸਥਾ ਦੁਆਰਾ ਸਮਰਥਨ ਪ੍ਰਾਪਤ ਤਿੰਨ-ਪੜਾਵੀ ਜੰਗਬੰਦੀ ਯੋਜਨਾ ਲਈ ਸਹਿਮਤ ਹੈ। ਜਦੋਂ ਕਿ ਹਮਾਸ ਨੇ ਯੂ.ਐਨ.ਐਸ.ਸੀ. ਮਤੇ ਦਾ ਸਵਾਗਤ ਕੀਤਾ ਹੈ ਅਤੇ ਸਥਾਈ ਜੰਗਬੰਦੀ ਦੀ ਮੰਗ ਕੀਤੀ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਹਮਾਸ ਦੀ ਫੌਜ ਅਤੇ ਸ਼ਾਸਨ ਸਮਰੱਥਾਵਾਂ ਨੂੰ ਖਤਮ ਕਰਨ ਤੋਂ ਪਹਿਲਾਂ ਸਥਾਈ ਜੰਗਬੰਦੀ ਦੀ ਕੋਈ ਵੀ ਗੱਲਬਾਤ ਇੱਕ ਗੈਰ-ਸਟਾਰਟਰ ਹੋਵੇਗੀ। ਨੇਤਨਯਾਹੂ ਦੀ ਸੱਜੇ-ਪੱਖੀ ਸਰਕਾਰ ਵਿੱਚ ਕੁਝ ਲੋਕਾਂ ਦੁਆਰਾ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਗਿਆ ਸੀ ਅਤੇ ਇਹ ਬਹੁਤ ਹੀ ਅਸੰਭਵ ਹੈ ਕਿ ਜ਼ਯੋਨਿਸਟ ਸ਼ਾਸਨ ਸਾਰੀਆਂ ਸ਼ਰਤਾਂ ਨੂੰ ਲਾਗੂ ਕਰਨ ਲਈ ਸਹਿਮਤ ਹੋਵੇਗਾ। ਸੰਯੁਕਤ ਰਾਸ਼ਟਰ ਵਿਚ ਇਜ਼ਰਾਈਲ ਦੇ ਨੁਮਾਇੰਦੇ ਨੇ ਕਿਹਾ ਕਿ ਯੁੱਧ ਵਿਚ ਦੇਸ਼ ਦੇ ਟੀਚੇ ਨਹੀਂ ਬਦਲੇ ਹਨ ਅਤੇ ਉਹ ਬੰਧਕਾਂ ਨੂੰ ਆਜ਼ਾਦ ਕਰਨ ਲਈ ਫੌਜੀ ਕਾਰਵਾਈਆਂ ਦੀ ਵਰਤੋਂ ਕਰੇਗਾ, ਜਿਵੇਂ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੁਆਰਾ ਪ੍ਰਸਤਾਵ ਨੂੰ ਮਨਜ਼ੂਰੀ ਦੇਣ ਤੋਂ ਕੁਝ ਦਿਨ ਪਹਿਲਾਂ ਕੀਤਾ ਗਿਆ ਸੀ।

ਇਹ ਸਪੱਸ਼ਟ ਹੈ ਕਿ ਇਜ਼ਰਾਈਲ ਤੁਰੰਤ ਜੰਗਬੰਦੀ 'ਤੇ ਸਹਿਮਤ ਨਹੀਂ ਹੋਵੇਗਾ। ਨੇਤਨਯਾਹੂ ਨੇ ਕਿਹਾ ਹੈ ਕਿ ਇਜ਼ਰਾਈਲ ਉਦੋਂ ਤੱਕ ਲੜੇਗਾ, ਜਦੋਂ ਤੱਕ ਹਮਾਸ ਦੇ ਸ਼ਾਸਨ ਅਤੇ ਫੌਜੀ ਸਮਰੱਥਾ ਨੂੰ ਨਸ਼ਟ ਨਹੀਂ ਕੀਤਾ ਜਾਂਦਾ। ਇਸ ਗੱਲ ਦਾ ਵੀ ਕੋਈ ਸੰਕੇਤ ਨਹੀਂ ਹੈ ਕਿ ਇਜ਼ਰਾਈਲੀ ਸੱਜੇ-ਪੱਖੀ ਸਰਕਾਰ ਤਿੰਨ-ਪੜਾਵੀ ਸ਼ਾਂਤੀ ਯੋਜਨਾ ਦੇ ਜ਼ਿਆਦਾਤਰ ਪ੍ਰਬੰਧਾਂ ਨੂੰ ਸਵੀਕਾਰ ਕਰਨ ਲਈ ਤਿਆਰ ਹੋਵੇਗੀ।

ਇਜ਼ਰਾਈਲੀ ਐਮਰਜੈਂਸੀ ਕੈਬਨਿਟ ਤੋਂ ਸੈਂਟਰਿਸਟ ਪਾਰਟੀ ਦੇ ਨੇਤਾ ਬੈਨੀ ਗੈਂਟਜ਼ ਦੇ ਅਸਤੀਫੇ ਨੇ ਇਜ਼ਰਾਈਲੀ ਸਰਕਾਰ 'ਤੇ ਸੱਜੇ ਵਿੰਗ ਦੀ ਗਠਜੋੜ ਨੂੰ ਮਜ਼ਬੂਤ ਕੀਤਾ ਜਾਪਦਾ ਹੈ। ਸਾਬਕਾ ਮੰਤਰੀ ਨੇ ਗਾਜ਼ਾ ਤੋਂ ਬਾਅਦ ਦੇ ਗਾਜ਼ਾ ਵਿੱਚ ਨਾਗਰਿਕ ਮਾਮਲਿਆਂ ਦੀ ਨਿਗਰਾਨੀ ਕਰਨ ਲਈ ਜੰਗਬੰਦੀ ਸੌਦੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਾਲ ਗੰਭੀਰ ਮਤਭੇਦ ਪੈਦਾ ਕੀਤੇ। ਉਸ ਦਾ ਜਾਣਾ ਨੇਤਨਯਾਹੂ ਨੂੰ ਅਤਿ-ਸੱਜੇ ਪਾਰਟੀਆਂ ਦੇ ਨੇੜੇ ਧੱਕ ਸਕਦਾ ਹੈ, ਜਿਸ ਨਾਲ ਉਸ ਲਈ ਸੰਯੁਕਤ ਰਾਸ਼ਟਰ ਦੇ ਮਤੇ ਦੀਆਂ ਸ਼ਰਤਾਂ ਨੂੰ ਸਵੀਕਾਰ ਕਰਨਾ ਮੁਸ਼ਕਲ ਹੋ ਜਾਵੇਗਾ। ਸੱਜੇ-ਪੱਖੀ ਸਮੂਹਾਂ ਨੇ ਧਮਕੀ ਦਿੱਤੀ ਹੈ ਕਿ ਜੇਕਰ ਪ੍ਰਧਾਨ ਮੰਤਰੀ ਜੰਗਬੰਦੀ ਲਈ ਸਹਿਮਤ ਹੁੰਦੇ ਹਨ ਤਾਂ ਉਹ ਸਰਕਾਰ ਨੂੰ ਹੇਠਾਂ ਉਤਾਰ ਦੇਣਗੇ।

ਇਸ ਦੌਰਾਨ ਇਜ਼ਰਾਈਲ ਨੇ ਇਸ ਹਮਲੇ ਨੂੰ ਰੋਕਣ ਲਈ ਅੰਤਰਰਾਸ਼ਟਰੀ ਦਬਾਅ ਨੂੰ ਨਕਾਰਦਿਆਂ ਪਿਛਲੇ ਕੁਝ ਹਫ਼ਤਿਆਂ ਵਿੱਚ ਦੱਖਣੀ ਤੇ ਮੱਧ ਗਾਜ਼ਾ ਵਿੱਚ ਆਪਣੀ ਬੰਬਾਰੀ ਅਤੇ ਜ਼ਮੀਨੀ ਹਮਲੇ ਨੂੰ ਤੇਜ਼ ਕਰ ਦਿੱਤਾ ਹੈ, ਜਿਸ ਨਾਲ ਇਨ੍ਹਾਂ ਖੇਤਰਾਂ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਹਨ। ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਨੇਤਨਯਾਹੂ ਲਈ ਜੰਗੀ ਅਪਰਾਧਾਂ ਅਤੇ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਦੋਸ਼ਾਂ ਤਹਿਤ ਗ੍ਰਿਫਤਾਰੀ ਵਾਰੰਟ ਦੀ ਮੰਗ ਕਰ ਰਹੀ ਹੈ।

ਇਹ ਜ਼ਾਹਰ ਹੈ ਕਿ ਇਜ਼ਰਾਈਲ ਜੰਗ ਨੂੰ ਖਤਮ ਕਰਨ ਤੋਂ ਇਨਕਾਰ ਕਰਨ ਦੇ ਨਾਲ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਲਗਾਤਾਰ ਅਲੱਗ-ਥਲੱਗ ਹੋ ਗਿਆ ਹੈ। ਸੰਯੁਕਤ ਰਾਸ਼ਟਰ ਦਾ ਮਤਾ ਯੁੱਧ ਤੋਂ ਬਾਹਰ ਨਿਕਲਣ ਦਾ ਰਸਤਾ ਪ੍ਰਦਾਨ ਕਰਦਾ ਹੈ, ਪਰ ਅਜਿਹਾ ਲਗਦਾ ਹੈ ਕਿ ਜ਼ਿਓਨਿਸਟ ਸ਼ਾਸਨ ਅਜੇ ਵੀ ਪਿੱਛੇ ਹਟਣ ਲਈ ਤਿਆਰ ਨਹੀਂ ਹੈ। ਇਹ ਦੇਖਣਾ ਬਾਕੀ ਹੈ ਕਿ ਇਸ ਦਾ ਸਭ ਤੋਂ ਨਜ਼ਦੀਕੀ ਸਹਿਯੋਗੀ ਕਿੰਨਾ ਕੁ ਜ਼ੋਰ ਲਾ ਸਕਦਾ ਹੈ।

# ਪੁਰਤਗਾਲ ਵਿੱਚ ਵੀ ਹੈ 'ਪੰਜਾਬੀਆਂ ਦੀ ਸ਼ਾਨ ਵੱਖਰੀ'

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



***ਪੰਜਾਬੀ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿੱਚ ਵੱਸੇ ਹੋਏ ਹਨ ਤੇ ਆਪਣੀ ਮਿਹਨਤ, ਲਿਆਕਤ ਅਤੇ ਮੁਹੱਬਤ ਸਦਕਾ ਨਿਰੰਤਰ ਉਚੇਰੇ ਮੁਕਾਮ ਹਾਸਿਲ ਕਰ ਰਹੇ ਹਨ। ਪੁਰਤਗਾਲ ਇੱਕ ਅਜਿਹਾ ਮੁਲਕ ਹੈ, ਜਿੱਥੇ ਸਿੱਖ ਜਾਂ ਪੰਜਾਬੀ ਲੋਕ ਹੈਨ ਤਾਂ ਘੱਟ ਗਿਣਤੀ ਵਿੱਚ, ਪਰ ਇਨ੍ਹਾਂ ਨੇ ਆਪਣੀ ਅਣਥੱਕ ਮਿਹਨਤ ਸਦਕਾ ਵੱਡਾ ਨਾਂ ਕਮਾਇਆ ਹੈ। ਪੰਜਾਬੀਆਂ ਦੀ ਵੱਡੀ ਗਿਣਤੀ ਇੱਥੇ ਉਸ ਵੇਲੇ ਪੁੱਜੀ ਸੀ, ਜਦੋਂ ਪਰਤਗਾਲ ਵਿਖੇ 'ਭਵਨ ਨਿਰਮਾਣ ਲਹਿਰ' ਚੱਲ ਰਹੀ ਸੀ ਤੇ ਮਿਹਨਤਕਸ਼ ਮਜ਼ਦੂਰਾਂ ਦੀ ਇੱਥੇ ਵੱਡੀ ਕਿੱਲਤ ਪੇਸ਼ ਆ ਰਹੀ ਸੀ। ਪੇਸ਼ ਹੈ, ਪੁਰਤਗਾਲ ਵਿੱਚ ਪੰਜਾਬੀਆਂ ਬਾਰੇ ਸੰਖੇਪ ਵੇਰਵਾ...***

ਅਕਸਰ ਕਿਹਾ ਜਾਂਦਾ ਹੈ ਕਿ 'ਪੰਜਾਬੀਆਂ ਦੀ ਸ਼ਾਨ ਵੱਖਰੀ' ਤੇ ਇਹ ਅਖੌਤ ਸੱਚ ਵੀ ਹੈ, ਕਿਉਂਕਿ ਦੁਨੀਆ ਦਾ ਚਾਹੇ ਕਈ ਕੋਨਾ ਵੀ ਹੋਵੇ, ਪੰਜਾਬੀ ਲੋਕ ਆਪਣੇ ਮਿਹਨਤੀ ਤੇ ਸਿਰੜੀ ਸੁਭਾਅ ਕੇ ਹਰ ਦੇਸ਼, ਹਰ ਸ਼ਹਿਰ, ਹਰ ਪਿੰਡ ਤੇ ਹਰ ਦਿਲ ਵਿੱਚ ਆਪਣੀ ਵਿਲੱਖਣ ਥਾਂ ਬਣਾ ਹੀ ਲੈਂਦੇ ਹਨ। ਪੁਰਤਗਾਲ ਇੱਕ ਅਜਿਹਾ ਮੁਲਕ ਹੈ, ਜਿੱਥੇ ਸਿੱਖ ਜਾਂ ਪੰਜਾਬੀ ਲੋਕ ਹੈਨ ਤਾਂ ਘੱਟ ਗਿਣਤੀ ਵਿੱਚ, ਪਰ ਇਨ੍ਹਾਂ ਨੇ ਆਪਣੀ ਅਣਥੱਕ ਮਿਹਨਤ ਅਤੇ ਸੂਝਬੂਝ ਸਦਕਾ ਵੱਡਾ ਨਾਂ ਕਮਾਇਆ ਹੈ। ਇੱਕ ਅੰਦਾਜ਼ੇ ਅਨੁਸਾਰ ਸਾਲ 2007 ਦੀ ਜਨਗਣਨਾ ਅਨੁਸਾਰ ਪੁਰਤਗਾਲ ਵਿੱਚ ਪੰਜਾਬੀਆਂ ਦੀ ਆਬਾਦੀ 5 ਹਜ਼ਾਰ ਅਤੇ ਸਾਲ 2010 ਵਿੱਚ 10 ਹਜ਼ਾਰ ਦੇ ਕਰੀਬ ਸੀ। ਪੰਜਾਬੀ ਲੋਕ ਇੱਥੇ ਖੇਤੀਬਾੜੀ, ਭਵਨ ਨਿਰਮਾਣ ਅਤੇ ਵਪਾਰ ਆਦਿ ਕਿੱਤਿਆਂ ਨਾਲ ਜੁੜੇ ਹੋਏ ਹਨ। ਚੇਤੇ ਰਹੇ, ਵੀਹਵੀਂ ਸਦੀ ਦੇ ਨੌਂਵੇਂ ਦਹਾਕੇ ਵਿੱਚ ਜਦੋਂ ਇਸ ਖਿੱਤੇ ਵਿੱਚ ਮਿਹਨਤਕਸ਼ਾਂ ਦੀ ਘਾਟ ਨੂੰ ਮਹਿਸੂਸ ਕਰਦਿਆਂ ਇਮੀਗ੍ਰੇਸ਼ਨ ਨੀਤੀਆਂ ਵਿੱਚ ਥੋੜ੍ਹੀ ਢਿੱਲ੍ਹ ਦਿੱਤੀ ਗਈ ਸੀ ਤਾਂ ਪੰਜਾਬੀ ਲੋਕ ਇੱਥੇ ਆਣ ਵੱਸੇ ਸਨ।

ਪੁਰਤਗਾਲ ਦੇ ਉਂਜ ਤਾਂ ਭਾਰਤ ਅਤੇ ਭਾਰਤੀਆਂ ਨਾਲ ਪੁਰਾਣੇ ਰਿਸ਼ਤੇ ਹਨ, ਕਿਉਂਕਿ ਪੁਰਤਗਾਲੀ ਯਾਤਰੀ ਵਾਸਕੋਡਿਗਾਮਾ ਸੰਨ 1498 ਵਿੱਚ ਸਮੁੰਦਰੀ ਮਾਰਗ ਰਾਹੀਂ ਪਹਿਲੀ ਵਾਰ ਭਾਰਤ ਪੁੱਜਿਆ ਸੀ। ਉਸ ਤੋਂ ਬਾਅਦ ਪੁਰਤਗਾਲੀ ਲੋਕ ਹੀ ਪਹਿਲੇ-ਪਹਿਲ ਵਪਾਰੀ ਬਣ ਕੇ ਭਾਰਤ ਆਏ ਸਨ ਤੇ ਫਿਰ 'ਅੱਗ ਲੈਣ ਆਈ, ਬਣ ਬੈਠੀ ਘਰ ਦੀ ਮਾਲਕ' ਦੀ ਕਹਾਵਤ ਨੂੰ ਸਾਕਾਰ ਕਰਦਿਆਂ ਇੱਥੇ ਹੀ ਵੱਸ ਗਏ ਸਨ ਤੇ ਫਿਰ ਸ਼ਾਸਕ ਬਣਨ ਦੇ ਯਤਨ ਕਰਨ ਲੱਗ ਪਏ ਸਨ। ਖ਼ੈਰ, ਉਸ ਲੰਮੇਰੇ ਇਤਿਹਾਸ ਨੂੰ ਇੱਕ ਪਾਸੇ ਰੱਖ ਕੇ, ਆਓ ਅਜੋਕੇ ਪੁਰਤਗਾਲ ਦੀ ਗੱਲ ਕਰਦੇ ਹਾਂ, ਜੋ ਸੰਨ 1986 ਵਿੱਚ 'ਯੂਰਪੀਅਨ ਯੂਨੀਅਨ' ਅਤੇ 1995 ਵਿੱਚ 'ਸ਼ੈਨੇਗਨ ਏਰੀਆ' ਦਾ ਹਿੱਸਾ ਬਣਿਆ ਸੀ ਤੇ ਇੱਥੋਂ ਦੀਆਂ ਕੁਝ ਨਰਮ ਸ਼ਰਤਾਂ ਕਰਕੇ ਦੱਖਣੀ ਏਸ਼ੀਆ ਤੋਂ ਵੱਡੀ ਗਿਣਤੀ ਵਿੱਚ ਪਰਵਾਸੀ ਲੋਕ ਇੱਥੇ ਆਣ ਪੁੱਜੇ ਸਨ।

ਪੰਜਾਬੀਆਂ ਦੀ ਵੱਡੀ ਗਿਣਤੀ ਇੱਥੇ ਉਸ ਵੇਲੇ ਪੁੱਜੀ ਸੀ, ਜਦੋਂ ਪਰਤਗਾਲ ਵਿਖੇ 'ਭਵਨ ਨਿਰਮਾਣ ਲਹਿਰ' ਚੱਲ ਰਹੀ ਸੀ ਤੇ ਮਿਹਨਤਕਸ਼ ਮਜ਼ਦੂਰਾਂ ਦੀ ਇੱਥੇ ਵੱਡੀ ਕਿੱਲਤ ਪੇਸ਼ ਆ ਰਹੀ ਸੀ। ਸਾਲ 2018 ਦੀ ਜਨਗਣਨਾ ਅਨੁਸਾਰ ਇੱਥੇ ਭਾਰਤੀਆਂ ਦੀ ਆਬਾਦੀ 80 ਹਜ਼ਾਰ ਦੇ ਕਰੀਬ ਸੀ, ਜੋ ਕਿ ਸਾਲ 2021 ਵਿੱਚ ਵਧ ਕੇ 1 ਲੱਖ 20 ਹਜ਼ਾਰ ਹੋ ਗਈ ਸੀ। ਇੱਥੇ ਭਾਰਤੀਆਂ ਦੀ ਆਬਾਦੀ ਪੁਰਤਗਾਲ ਦੀ ਕੁੱਲ ਆਬਾਦੀ ਦਾ 1.15 ਫ਼ੀਸਦੀ ਦੇ ਕਰੀਬ ਬਣਦੀ ਹੈ। ਇਸ ਮੁਲਕ ਵਿੱਚ ਆਣ ਵੱਸੇ ਭਾਰਤੀਆਂ ਵਿੱਚ ਜ਼ਿਆਦਾਤਰ ਸੰਖਿਆ ਗੋਆ, ਗੁਜਰਾਤ ਅਤੇ ਦੱਖਣ ਭਾਰਤ ਤੋਂ ਆਏ ਲੋਕਾਂ ਦੀ ਹੈ। ਭਾਰਤੀ ਮੂਲ ਦੇ ਲੋਕਾਂ ਨੇ ਇੱਥੇ ਰਾਜਨੀਤੀ, ਖੇਡਾਂ, ਫ਼ੌਜ, ਸਾਹਿਤਕਾਰੀ, ਸਿਨੇਮਾ, ਟੀ.ਵੀ., ਵਪਾਰ ਅਤੇ ਅਧਿਆਪਨ ਦੇ ਖੇਤਰਾਂ ਵਿੱਚ ਵਡਮੁੱਲੀਆਂ ਪ੍ਰਾਪਤੀਆਂ ਕੀਤੀਆਂ ਹੋਈਆਂ ਹਨ ਤੇ ਭਾਰਤੀ ਮੂਲ ਦੀ ਪੁਰਤਗਾਲਣ ਇਲੀਆਨ ਡਿ ਕਰੂਜ਼ ਨਾਮਕ ਅਭਿਨੇਤਰੀ ਦੇ ਨਾਂ ਦਾ ਤਾਂ ਇਸ ਵੇਲੇ ਬਾਲੀਵੁੱਡ ਦੀਆਂ ਨਾਮਵਰ ਅਭਿਨੇਤਰੀਆਂ ਵਿੱਚ ਸ਼ੁਮਾਰ ਹੁੰਦਾ ਹੈ। ਭਾਰਤੀ ਮੂਲ ਦਾ ਕਾਂਤੀਲਾਲ ਜਮਨਾ ਦਾਸ ਨਾਮਕ ਉਦਯੋਗਪਤੀ ਪੁਰਤਗਾਲ ਦੇ ਅਮੀਰ ਵਿਅਕਤੀਆਂ ਵਿੱਚ ਗਿਣਿਆ ਜਾਂਦਾ ਹੈ ਤੇ ਉਹ ਬੇਕਰੀ ਨਾਲ ਸਬੰਧਿਤ ਪਦਾਰਥਾਂ ਦੀ ਇੱਕ ਵੱਡੀ ਕੰਪਨੀ ਦਾ ਮਾਲਕ ਹੈ।




ਲਿਸਬਨ ਦਾ 'ਗੁਰਦੁਆਰਾ ਸਿੱਖ ਸੰਗਤ ਸਾਹਿਬ'

ਵੀਹਵੀਂ ਸਦੀ ਦੇ ਉਸ ਨੌਂਵੇਂ ਦਹਾਕੇ ਵਿੱਚ ਪੰਜਾਬ ਤੋਂ ਪੁਰਤਗਾਲ ਪੁੱਜੇ ਪੰਜਾਬੀਆਂ ਨੇ ਖੇਤੀਬਾੜੀ, ਸੈਰ-ਸਪਾਟਾ ਅਤੇ ਸਨਅਤਾਂ ਆਦਿ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ ਤੇ ਕੁਝ ਕੁ ਪੰਜਾਬੀਆਂ ਨੇ ਇੱਥੇ ਰੈਸਟੋਰੈਂਟ ਵੀ ਖੋਲ੍ਹ ਦਿੱਤੇ ਸਨ। ਪੰਜਾਬੀਆਂ ਦੀ ਵੱਡੀ ਗਿਣਤੀ ਇੱਥੇ ਲਿਸਬਨ, ਅਲਬੂਫ਼ੇਰੀਆ, ਪੋਰਟੋ ਅਤੇ ਅਲਗ੍ਰੇਵ ਨਾਮਕ ਇਲਾਕਿਆਂ ਵਿੱਚ ਵੱਸਦੀ ਹੈ। ਇੱਕ ਅਹਿਮ ਤੱਥ ਇਹ ਹੈ ਕਿ 2008 ਵਿੱਚ ਇੱਥੇ ਅੰਮ੍ਰਿਤਧਾਰੀ ਸਿੱਖਾਂ ਲਈ ਕਿਰਪਾਨ ਜਾਂ ਸ਼ਸ਼ਤਰ ਰੱਖਣ ਦੀ ਮਰਿਆਦਾ ਸਬੰਧੀ ਪੁਰਤਗਾਲ ਪੁਲਿਸ ਨੂੰ ਜਾਣੂ ਕਰਵਾ ਦਿੱਤਾ ਗਿਆ ਸੀ ਤੇ ਪੁਲਿਸ ਨੇ ਕਿਰਪਾਨ ਨੂੰ ਸਿੱਖਾਂ ਦਾ ਧਾਰਮਿਕ ਚਿੰਨ੍ਹ ਸਵੀਕਾਰ ਕਰਦਿਆਂ ਕਿਰਪਾਨਧਾਰੀ ਸਿੱਖ ਨੂੰ ਜਨਤਕ ਸਥਾਨਾਂ 'ਤੇ ਵਿਚਰਨ ਜਾਂ ਸਫ਼ਰ ਕਰਨ ਦੌਰਾਨ ਤੰਗ-ਪ੍ਰੇਸ਼ਾਨ ਕਰਨਾ ਬੰਦ ਕਰ ਦਿੱਤਾ ਸੀ।

ਸਾਲ 2022 ਵਿੱਚ ਪੋਰਟੋ ਵਿਖੇ ਕਰਵਾਏ ਵਿਸਾਖੀ ਨਗਰ ਕੀਰਤਨ ਸਮਾਗਮ ਵਿੱਚ ਦੋ ਹਜ਼ਾਰ ਤੋਂ ਵੱਧ ਪੰਜਾਬੀਆਂ ਨੇ ਹੁੰਮਹੁਮਾ ਕੇ ਭਾਗ ਲਿਆ ਸੀ। ਜ਼ਿਕਰਯੋਗ ਹੈ ਕਿ ਪੰਜਾਬੀਆਂ ਨੇ ਪੂਰਨ ਸ਼ਰਧਾ ਅਤੇ ਮਿਹਨਤ ਨਾਲ ਇੱਥੇ ਲਿਸਬਨ ਵਿਖੇ 'ਗੁਰਦੁਆਰਾ ਸਿੱਖ ਸੰਗਤ ਸਾਹਿਬ', ਅਲਬੂਫ਼ੇਰੀਆ ਵਿਖੇ 'ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ' ਅਤੇ ਪੋਰਟੋ ਵਿਖੇ 'ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ' ਆਦਿ ਦੀਆਂ ਸੁੰਦਰ ਇਮਾਰਤਾਂ ਦਾ ਨਿਰਮਾਣ ਵੀ ਕੀਤਾ ਹੈ। ਇਨ੍ਹਾਂ ਵਿੱਚੋਂ ਲਿਸਬਨ ਦਾ 'ਗੁਰਦੁਆਰਾ ਸਿੱਖ ਸੰਗਤ ਸਾਹਿਬ' ਸਭ ਤੋਂ ਵੱਡਾ ਗੁਰਦੁਆਰਾ ਹੈ।




*ਕਾਂਤੀਲਾਲ ਜਮਨਾਦਾਸ ਸਨਮਾਨ ਪ੍ਰਾਪਤ ਕਰਦੇ ਹੋਏ*

## 'ਉਦਯੋਗਿਕ ਮੈਰਿਟ ਸਨਮਾਨ'

ਕਾਂਤੀਲਾਲ ਜਮਨਾਦਾਸ ਨੂੰ ਸਾਲ 2018 ਦੇ ਅਕਤੂਬਰ ਮਹੀਨੇ ਪੁਰਤਗਾਲ ਦੇ ਰਾਸ਼ਟਰਪਤੀ ਮਾਰਸੇਲੋ ਰੇਬੇਲੋ ਡੀ ਸੂਜ਼ਾ ਵੱਲੋਂ 'ਉਦਯੋਗਿਕ ਮੈਰਿਟ ਸਨਮਾਨ' ਨਾਲ ਸਨਮਾਨਿਤ ਕੀਤਾ ਗਿਆ ਸੀ। ਪਹਿਲਾਂ ਵੀ ਪੁਰਤਗਾਲ ਦੇ ਸਾਬਕਾ ਰਾਸ਼ਟਰਪਤੀ ਜੋਰਜ ਸਾਂਪਾਇਓ ਵੱਲੋਂ ਕਾਂਤੀਲਾਲ ਜਮਨਾਦਾਸ ਨੂੰ 'ਵਪਾਰਕ ਮੈਰਿਟ ਦੀ ਪ੍ਰਸ਼ੰਸਾ' ਦਿੱਤੀ ਗਈ ਸੀ। 'ਡੈਨ ਕੇਕ' ਦੇ ਪ੍ਰਧਾਨ ਨੂੰ ਉਦਯੋਗਿਕ ਮੈਰਿਟ ਦੇ ਗ੍ਰੈਂਡ ਅਫਸਰ ਦੇ ਚਿੰਨ੍ਹ ਨਾਲ ਸਨਮਾਨਿਤ ਕੀਤਾ। ਉਸ ਦਿਨ ਕਾਂਤੀਲਾਲ ਜਮਨਾਦਾਸ ਦੀ ਕੰਪਨੀ 'ਡੈਨ ਕੇਕ' ਨੇ ਆਪਣਾ 40ਵਾਂ ਜਨਮ ਦਿਨ ਮਨਾਇਆ ਸੀ। 'ਡੈਨ ਕੇਕ' ਕੰਪਨੀ ਅਕਤੂਬਰ 1978 ਵਿੱਚ ਬਣੀ ਸੀ, ਜੋ ਕੂਕੀਜ਼, ਮੱਖਣ ਕੂਕੀਜ਼, ਬਿਸਕੁਟ, ਟੋਸਟ, ਸਵਿਸ ਰੋਲ ਅਤੇ ਕੇਕ ਬਣਾਉਂਦੀ ਹੈ। ਡੈਨ ਕੇਕ ਦੀਆਂ ਦੋ ਫੈਕਟਰੀਆਂ ਪੁਰਤਗਾਲ ਵਿੱਚ ਹਨ ਅਤੇ ਇਸ ਦੇ ਲਗਭਗ 500 ਕਾਮੇ ਹਨ।


# ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਭਰੋਸੇਯੋਗਤਾ ਬਾਰੇ ਰੇੜਕਾ ਜਾਰੀ

***ਸਫਾ ਇੱਕ ਦੀ ਬਾਕੀ ⇒***

ਨਹੀਂ ਹੁੰਦੀਆਂ, ਜਦੋਂਕਿ ਅਮਰੀਕਾ ਵਿੱਚ ਅਜਿਹਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਐਲਨ ਮਸਕ ਇੱਕ ਆਮ ਰਾਏ ਬਣਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਵੱਡਾ, ਪਰ ਸਾਧਾਰਨ ਬਿਆਨ ਹੈ। ਇਸ ਦਾ ਮਤਲਬ ਇਹ ਹੈ ਕਿ ਕੋਈ ਸੁਰੱਖਿਅਤ ਡਿਜ਼ੀਟਲ ਹਾਰਡਵੇਆਰ ਨਹੀਂ ਬਣਾਇਆ ਜਾ ਸਕਦਾ।

ਇਸੇ ਦੌਰਾਨ ਮੁੰਬਈ ਦੇ ਇੱਕ ਚੋਣ ਅਧਿਕਾਰੀ ਨੇ ਵੀ ਸਫਾਈ ਦਿੱਤੀ ਹੈ ਕਿ ਵੋਟ ਗਿਣਤੀ ਵਿੱਚ ਘਪਲੇ ਦੀਆਂ ਅਫਵਾਹਾਂ ਵਿੱਚ ਕੋਈ ਸੱਚਾਈ ਨਹੀਂ ਹੈ। ਭਾਰਤੀ ਵੋਟਿੰਗ ਮਸ਼ੀਨਾਂ ਨਾਲ ਕੋਈ ਛੇੜਛਾੜ ਨਹੀਂ ਹੋ ਸਕਦੀ, ਇਹ ਸੁਰੱਖਿਅਤ ਹਨ; ਪਰ ਇੱਥੇ ਦਿਲਚਸਪ ਤੱਥ ਇਹ ਹੈ ਕਿ ਈ.ਵੀ.ਐਮ. ਬੇਭਰੋਸਗੀ ਦੀ ਸ਼ੰਕਾ ਸਭ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਵੱਲੋਂ ਪ੍ਰਗਟ ਕੀਤੀ ਗਈ ਸੀ। ਸਾਲ 2004 ਵਿੱਚ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਵੋਟਿੰਗ ਮਸ਼ੀਨਾਂ ਵਿੱਚ ਘਪਲਾ ਹੋਣ ਦਾ ਸ਼ੰਕਾ ਪ੍ਰਗਟ ਕੀਤਾ ਸੀ। ਇਸ ਦੀ ਜਾਂਚ ਵੀ ਮੰਗੀ ਸੀ। ਬਾਅਦ ਵਿੱਚ ਸੰਘ ਪੱਖੀ ਇੱਕ ਬੁੱਧੀਜੀਵੀ ਵੱਲੋਂ ਇਸ ਮਸਲੇ ਨੂੰ ਲੈ ਕੇ ਕਿਤਾਬ ਵੀ ਲਿਖੀ ਗਈ ਸੀ।

ਇੱਥੇ ਜ਼ਿਕਰਯੋਗ ਹੈ ਕਿ 80 ਦਿਨ ਲੰਮੀ ਚੋਣ ਮੁਹਿੰਮ ਦੌਰਾਨ ਵੀ ਈ.ਵੀ. ਐਮ. 'ਤੇ ਰੇੜਕਾ ਚਲਦਾ ਰਿਹਾ ਹੈ ਅਤੇ ਇਸ ਤੋਂ ਪਹਿਲਾਂ ਵੀ। ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਇਸ 'ਤੇ ਸੁਣਵਾਈ ਕਰਦਿਆਂ ਫੈਸਲਾ ਦਿੱਤਾ ਸੀ ਕਿ ਉਹ ਈ.ਵੀ.ਐਮ. ਦੀ ਵਰਤੋਂ ਨਹੀਂ ਰੋਕ ਸਕਦੇ। ਸਗੋਂ ਅਦਾਲਤ ਨੇ ਭਾਰਤੀ ਚੋਣ ਕਮਿਸ਼ਨ ਅਤੇ ਵੋਟਿੰਗ ਮਸ਼ੀਨਾਂ ਦੀ ਭਰੋਸੇਯੋਗਤਾ ਵਿੱਚ 'ਵਿਸਵਾਸ਼' ਪਰਗਟ ਕੀਤਾ ਸੀ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਅਤੇ ਕਾਂਗਰਸ



ਪਾਰਟੀ ਦੇ ਆਗੂ ਕਪਿਲ ਸਿੱਬਲ ਨੇ ਕਿਹਾ ਕਿ ਜੇ ਸੁਪਰੀਮ ਕੋਰਟ ਜਾਂਚ ਦੀ ਥਾਂ, ਚੋਣ ਕਮਿਸ਼ਨ ਅਤੇ ਈ.ਵੀ.ਐਮ. ਦੀ ਵਰਤੋਂ ਵਿੱਚ 'ਵਿਸਵਾਸ਼' ਪਰਗਟ ਕਰਦੀ ਹੈ ਤਾਂ ਦੱਸੋ ਅਸੀਂ ਕੀ ਕਰੀਏ? ਉਨ੍ਹਾਂ ਦੇ ਇਸ ਵਿਅੰਗ ਦਾ ਮਤਲਬ ਇਹ ਹੈ ਕਿ ਅਦਾਲਤੀ ਸਿਸਟਮ ਆਸਥਾ ਨਾਲ ਨਹੀਂ, ਤਰਕ ਦੇ ਆਸਰੇ ਚਲਦਾ ਹੈ। ਸੁਆਲ ਉਠਦਾ ਹੈ ਕਿ ਜੇ ਆਫਲਾਈਨ ਕੰਪਿਊਟਰ, ਮੋਬਾਈਲ ਹੈਕ ਹੋ ਸਕਦੇ ਹਨ ਤਾਂ ਈ.ਵੀ.ਐਮ. ਕਿਉਂ ਨਹੀਂ?

ਉਂਝ ਸਾਬਕਾ ਸਿਫੋਲੋਜਿਸਟ ਅਤੇ ਸਵਰਾਜ ਇੰਡੀਆ ਦੇ ਆਗੂ ਯੁਗਿੰਦਰ ਯਾਦਵ ਨੇ ਆਪਣੀ ਇੱਕ ਇੰਟਰਵਿਊ ਵਿੱਚ ਕਿਹਾ ਹੈ ਕਿ ਹਰ ਬੂਥ 'ਤੇ ਵੋਟਾਂ ਪੈਣ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਹਰ ਪਾਰਟੀ ਦੇ ਪੋਲਿੰਗ ਏਜੰਟ ਨੂੰ ਫਾਰਮ ਸੀ-17 ਦਿੱਤਾ ਜਾਂਦਾ ਹੈ। ਇਸ ਫਾਰਮ 'ਤੇ ਬੂਥ ਪੱਧਰ 'ਤੇ ਪਈਆਂ ਵੋਟਾਂ ਦਾ ਡੈਟਾ ਦਰਜ ਹੁੰਦਾ ਹੈ ਅਤੇ ਇਸ 'ਤੇ ਸਥਾਨਕ ਚੋਣ ਅਫਸਰ ਤੋਂ ਇਲਾਵਾ ਸਾਰੇ ਪੋਲਿੰਗ ਏਜੰਟਾਂ ਦੇ ਬਾਕਾਇਦਾ ਦਸਤਖਤ ਹੁੰਦੇ ਹਨ। ਇਸ ਲਈ ਈ.ਵੀ.ਐਮ. ਵਿੱਚ ਘਪਲਾ ਹੋਣ ਦੇ ਮੌਕੇ ਬਹੁਤ ਹੀ ਥੋੜ੍ਹੇ ਹਨ; ਪਰ ਉਨ੍ਹਾਂ ਇਹ ਜ਼ਰੂਰ ਮੰਨਿਆ ਸੀ ਕਿ ਚੋਣ ਕਮਿਸ਼ਨ ਦਾ ਰਵੱਈਆ ਬੇਹੱਦ ਪੱਖਪਾਤੀ ਹੈ। ਇਸ ਨੇ ਇਸ ਸੰਵਿਧਾਨਕ ਸੰਸਥਾ ਦੀ ਸ਼ਾਖ ਨੂੰ ਵੱਡਾ ਖੋਰਾ ਲਾਇਆ ਹੈ। ਲੰਮੇ ਚੋਣ ਅਮਲ ਦਰਮਿਆਨ ਵੀ ਚੋਣ ਕਮਿਸ਼ਨ ਵਿਰੋਧੀ ਧਿਰ ਨੂੰ ਛੋਟੀਆਂ ਛੋਟੀਆਂ ਗੱਲਾਂ 'ਤੇ ਚਿਤਾਵਨੀਆਂ ਦਿੰਦਾ ਰਿਹਾ ਹੈ, ਪਰ ਪ੍ਰਧਾਨ ਮੰਤਰੀ ਵੱਲੋਂ ਚੋਣ ਮੁਹਿੰਮ ਨੂੰ ਸਾਫ ਤੌਰ 'ਤੇ ਮੁਸਲਿਮ ਵਿਰੋਧੀ ਬਣਾਉਣ 'ਤੇ ਵੀ ਚੋਣ ਕਮਿਸ਼ਨ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਉਂਝ ਵੀ ਬੇਹੱਦ ਲੰਮਾ ਚੋਣ ਅਮਲ ਤਾਂ ਚੋਣ ਕਮਿਸ਼ਨ ਵੱਲੋ ਭਾਜਪਾ ਨੂੰ ਲਾਂਭ ਪਹੁੰਚਾਉਣ ਦੇ ਮਕਸਦ ਨਾਲ ਉਲੀਕਿਆ ਗਿਆ ਸੀ। ਚੋਣ ਕਮਿਸ਼ਨ ਦੇ ਇਸ ਪੱਖਪਾਤੀ ਵਤੀਰੇ ਬਾਰੇ ਹੁਣ ਆਮ ਜਨਤਾ ਵੀ ਜਾਗਰੂਕ ਜਾਪਦੀ ਹੈ।

ਸਵਾਲਾਂ ਦਾ ਸਵਾਲ ਇਹ ਹੈ ਕਿ ਭਾਜਪਾ ਈ.ਵੀ.ਐਮ. ਨੂੰ ਏਨੇ ਜ਼ੋਰ ਨਾਲ ਕਿਉਂ ਡਿਫੈਂਡ ਕਰ ਰਹੀ ਹੈ? ਲੋਕਾਂ ਦੇ ਸਵਾਲਾਂ ਨੂੰ ਸ਼ਾਂਤ ਕਰਨ ਲਈ ਇਸ ਦੀ ਪਾਰਦਰਸ਼ੀ ਜਾਂਚ ਕਿਉਂ ਨਹੀਂ ਕਰਵਾਈ ਜਾ ਸਕਦੀ? ਪਾਰਦਰਸ਼ਤਾ ਜਮਹੂਰੀ ਵਤੀਰੇ ਦੀ ਜਿੰਦ-ਜਾਨ ਹੈ। ਵੋਟਿੰਗ ਮਸ਼ੀਨਾਂ ਦੀ ਵਰਤੋਂ ਨੂੰ ਰਹੱਸਮਈ ਕਿਉਂ ਬਣਾਇਆ ਜਾ ਰਿਹਾ ਹੈ? ਜੇ ਲੋਕਾਂ ਨੂੰ ਇਸ ਬਾਰੇ ਸ਼ੰਕੇ ਹਨ ਤਾਂ ਇਹ ਨਵਿਰਤ ਕਿਉਂ ਨਹੀਂ ਕਰ ਲਏ ਜਾਂਦੇ? ਲੋਕ ਇਹ ਵੀ ਪੁੱਛਦੇ ਹਨ ਕਿ ਜਿਹੜੀ ਪਾਰਟੀ ਚੰਡੀਗੜ੍ਹ ਦੇ ਮੇਅਰ ਦੀ ਕੁਰਸੀ ਨੱਪਣ ਲਈ ਵੋਟਾਂ ਵਿੱਚ ਘਪਲੇਬਾਜ਼ੀ ਕਰ ਸਕਦੀ ਹੈ, ਉਹ ਲੋਕ ਸਭਾ ਚੋਣਾਂ ਵਿੱਚ ਕਿਉਂ ਨਹੀਂ ਕਰੇਗੀ? ਜਿੱਥੇ ਪ੍ਰਧਾਨ ਮੰਤਰੀ ਦੀ ਕੁਰਸੀ ਦਾਅ 'ਤੇ ਲੱਗੀ ਹੁੰਦੀ ਹੈ। ਲੋਕਾਂ ਦੇ ਜਵਾਬ ਦੇਣ ਦੀ ਥਾਂ ਵਾਰ ਵਾਰ ਇਹੋ ਕਹੀ ਜਾਣਾ ਕਿ ਮਸ਼ੀਨਾਂ ਗਲਤ ਨਹੀਂ ਹੋ ਸਕਦੀਆਂ, ਕਿੰਨਾ ਕੁ ਠੀਕ ਹੈ?

ਐਲਨ ਮਸਕ ਦੇ ਬਿਆਨ 'ਤੇ ਤਾਂ ਭਾਜਪਾ ਲੀਡਰਸ਼ਿਪ ਬੁੜਕ-ਬੁੜਕ ਪੈਂਦੀ ਹੈ; ਪਰ ਜਦੋਂ ਨਿਰਪੱਖ ਪੱਤਰਕਾਰ ਇਹ ਡੇਟਾ ਸਬੂਤਾਂ ਸਮੇਤ ਸਾਹਮਣੇ ਰੱਖ ਰਹੇ ਹਨ ਕਿ ਪੋਲ ਹੋਈਆਂ ਵੋਟਾਂ ਨਾਲੋਂ ਗਿਣੀਆਂ ਗਈਆਂ ਵੋਟਾਂ ਬਹੁਤ ਸਾਰੀਆਂ ਥਾਵਾਂ 'ਤੇ ਜਾਂ ਤੇ ਘੱਟ ਹਨ ਅਤੇ ਜਾਂ ਫਿਰ ਵੱਧ। ਇਸ ਮਸਲੇ 'ਤੇ ਚੋਣ ਕਮਿਸ਼ਨ ਨੇ ਵੀ ਅਤੇ ਭਾਜਪਾ ਆਗੂਆਂ ਨੇ ਵੀ ਹੁਣ ਤੱਕ ਖਾਮੋਸ਼ੀ ਧਾਰੀ ਰੱਖੀ ਹੈ। ਹੁਣ ਜਦੋਂ ਵੱਡੀਆਂ ਤਕਨੀਕੀ ਕੰਪਨੀਆਂ ਦੇ ਮੁਖੀ ਨੇ ਇਸ ਸੰਬੰਧ ਵਿੱਚ ਬਿਆਨ ਦੇ ਦਿੱਤਾ ਹੈ ਤਾਂ ਭਾਰਤ ਸਰਕਾਰ ਬੋਲਣ ਲੱਗੀ ਹੈ। ਵੋਟਿੰਗ ਮਸ਼ੀਨਾਂ ਜੇ ਠੀਕ ਵੀ ਹਨ, ਤਦ ਵੀ ਇਨ੍ਹਾਂ ਦੀ ਜਾਂਚ ਅਤੇ ਪਾਰਦਰਸ਼ਤਾ ਯਕੀਨੀ ਬਣਾਈ ਜਾਣੀ ਚਾਹੀਦੀ ਹੈ; ਤਾਂ ਕਿ ਲੋਕਾਂ ਦਾ ਚੋਣ ਅਮਲ ਵਿੱਚ ਵਿਸਵਾਸ਼ ਕਾਇਮ ਰਹੇ।




## 21 ਜੂਨ ਨੂੰ ਵਿਸ਼ਵ ਸੰਗੀਤ ਦਿਵਸ ’ਤੇ

**ਸੰਗੀਤ ਇੱਕ ਸੱਭਿਆਚਾਰਕ ਕਲਾ ਦਾ ਰੂਪ ਹੈ, ਜੋ ਇੱਕ ਸੁਰੀਲੀ ਲਾਈਨ, ਰੂਪ, ਜਾਂ ਭਾਵਪੂਰਨ ਸਮੱਗਰੀ ਬਣਾਉਣ ਲਈ ਤਾਲ, ਧੁਨੀ ਅਤੇ ਹੋਰ ਤੱਤਾਂ ਨੂੰ ਜੋੜਦਾ ਹੈ। ਇਹ ਸਾਰੇ ਮਨੁੱਖੀ ਸਮਾਜਾਂ ਅਤੇ ਪੂਰੇ ਇਤਿਹਾਸ ਵਿੱਚ ਮੌਜੂਦ ਹੈ। ਸੰਗੀਤ ਸਮੇਂ, ਖਲਾਅ ਤੇ ਸਭਿਆਚਾਰਾਂ ਤੋਂ ਪਾਰ ਹੋ ਸਕਦਾ ਹੈ। ਇਹ ਕੰਨਾਂ ਰਾਹੀਂ ਦਿਲ-ਦਿਮਾਗ ਉਤੇ ਅਸਰ ਕਰਦਾ ਹੈ ਅਤੇ ਸ਼ਬਦਾਂ ਦੇ ਬਿਨਾ ਇੱਕ ਮੂਡ ਨੂੰ ਵਿਅਕਤ ਕਰ ਸਕਦਾ ਹੈ। ਸੰਗੀਤ ਦੀ ਕੋਈ ਭਾਸ਼ਾ ਜਾਂ ਦਾਇਰਾ ਨਹੀਂ; ਇਸਨੂੰ ਇੱਕ ਲਿਖਤੀ ਰੂਪ ਵਿੱਚ ਵੀ ਕੈਪਚਰ ਅਤੇ ਰਿਕਾਰਡ ਕੀਤਾ ਜਾ ਸਕਦਾ ਹੈ, ਜੋ ਸੰਗੀਤ ਲਈ ਵਿਲੱਖਣ ਹੈ।**

# ਗੂੰਜੇ ਅਨਹਦ ਨਾਦ ਜਦੋਂ...

**ਪੀ. ਐੱਸ. ਬਟਾਲਾ**

21 ਜੂਨ ਨੂੰ ‘ਵਿਸ਼ਵ ਸੰਗੀਤ ਦਿਵਸ’ ਇਹ ਚੇਤੇ ਕਰਵਾਉਂਦਾ ਹੈ ਕਿ ਸੰਗੀਤ ਉਹ ਮਾਧਿਅਮ ਹੈ, ਜਿਸ ਰਾਹੀਂ ਮਨੁੱਖ ਆਪਣੇ ਦੁੱਖ, ਸੁੱਖ, ਖ਼ੁਸੀ ਤੇ ਗ਼ਮੀ ਆਦਿ ਦੇ ਭਾਵ ਪ੍ਰਗਟ ਕਰਕੇ ਸਕੂਨ ਅਤੇ ਅਨੰਦ ਹਾਸਿਲ ਕਰਦਾ ਆਇਆ ਹੈ। ਭਾਰਤ ਸਮੇਤ ਦੁਨੀਆ ਦੇ ਹੋਰ ਮੁਲਕਾਂ ਵਿੱਚ ਵੀ ਸੰਗੀਤ ਦਾ ਉਪਯੋਗ ਮਨੋਰੰਜਨ ਤੋਂ ਇਲਾਵਾ ਭਗਤੀ ਦੇ ਮਾਧਿਅਮ ਵਜੋਂ ਵੀ ਕੀਤਾ ਗਿਆ ਹੈ ਤੇ ਸੰਗੀਤ ਨੂੰ ਰੱਬੀ ਦਰਗਾਹ ‘ਚੋਂ ਹਾਸਿਲ ਕੀਤੀ ਦਾਤ ਦੱਸਿਆ ਗਿਆ ਹੈ। ਗੱਲ ਚਾਹੇ ਸੂਫ਼ੀ ਸੰਗੀਤ ਦੀ ਹੋਵੇ ਜਾਂ ਫਿਰ ਭਾਰਤੀ ਸ਼ਾਸ਼ਤਰੀ ਸੰਗੀਤ ਵਿੱਚ ਗੁੰਨ੍ਹੇ ਗੁਰਮਤਿ ਸੰਗੀਤ ਦੀ, ਇਹ ਦੋਵੇਂ ਹੀ ਆਤਮਾ ਦੇ ਮੇਲ ਪਰਮਾਤਮਾ ਨਾਲ ਕਰਵਾਉਣ ਦਾ ਸਫ਼ਲ ਸਾਧਨ ਸਿੱਧ ਹੋਏ ਹਨ। ਵਿਗਿਆਨੀਆਂ ਦਾ ਤਾਂ ਇੱਥੋਂ ਤੱਕ ਵੀ ਮੰਨਣਾ ਹੈ ਕਿ ਮਨੁੱਖ ਹੀ ਨਹੀਂ ਸਗੋਂ ਜਲ, ਥਲ ਅਤੇ ਆਕਾਸ਼ ਵਿੱਚ ਵਿਚਰਨ ਵਾਲੇ ਸਮੂਹ ਪਸ਼ੂ, ਪੰਛੀ ਅਤੇ ਹੋਰ ਜੀਵ ਵੀ ਸੰਗੀਤ ਦਾ ਹਾਂ-ਪੱਖੀ ਪ੍ਰਭਾਵ ਕਬੂਲਦੇ ਹਨ।

ਗੱਲ ਸੰਨ 1970 ਦੀ ਹੈ, ਜਦੋਂ ਇੱਕ ਫ਼ਰਾਂਸੀਸੀ ਰੇਡੀਓ ’ਤੇ ਕੰਮ ਕਰਦੇ ਅਮਰੀਕੀ ਸੰਗੀਤਕਾਰ ਜੋਇਲ ਕੋਹੇਨ ਨੇ ਇਹ ਵਿਚਾਰ ਦਿੱਤਾ ਸੀ ਕਿ 21 ਜੂਨ ਦੇ ਦਿਨ ਇੱਕ ਵਿਸ਼ਾਲ ਸੰਗੀਤ ਸਭਾ ਹਰ ਦੇਸ਼, ਹਰ ਸੂਬੇ ਵਿੱਚ ਆਯੋਜਿਤ ਕੀਤੀ ਜਾਣੀ ਚਾਹੀਦੀ ਹੈ ਤੇ ਹਰ ਪਾਸੇ ਸੰਗੀਤ ਹੀ ਸੰਗੀਤ ਗੂੰਜਣਾ ਚਾਹੀਦਾ ਹੈ। ਖ਼ਾਸ ਕਾਰਨ ਇਹ ਸੀ ਕਿ 21 ਜੂਨ ਦਾ ਦਿਨ ਸਭ ਤੋਂ ਲੰਮਾ ਦਿਨ ਹੁੰਦਾ ਹੈ ਤੇ ਠੰਡੇ ਮੁਲਕਾਂ ਵਿੱਚ ਇਹ ਗਰਮੀਆਂ ਦੀ ਸ਼ੁਰੂਆਤ ਹੋਣ ਦਾ ਪ੍ਰਤੀਕ ਹੋਣ ਕਰਕੇ ਉੱਥੋਂ ਦੇ ਲੋਕਾਂ ਦਾ ਸਭ ਤੋਂ ਮਨਪਸੰਦ ਦਿਨ ਹੁੰਦਾ ਹੈ। ਜੋਇਲ ਕੋਹੇਨ ਦੇ ਇਸ ਸੁਫ਼ਨੇ ਨੂੰ ਸਾਕਾਰ ਕਰਨ ਦਾ ਖ਼ਿਆਲ ਸੰਨ 1981 ਵਿੱਚ ਫਰਾਂਸ ਦੇ ਮੌਰਿਸ ਫਲਾਰੈਂਟ ਦੇ ਮਨ ਵਿੱਚ ਵੀ ਉੱਠਿਆ ਸੀ, ਜਦੋਂ ਉਹ ਮਨਿਸਟਰੀ ਆਫ਼ ਕਲਚਰ ਅਧੀਨ ਸੰਗੀਤ ਅਤੇ ਨਾਚ ਵਿਭਾਗ ਦਾ ਨਿਰਦੇਸ਼ਕ ਬਣਿਆ ਸੀ। ਉਸਨੇ ਅਤੇ ਫ਼ਰਾਂਸ ਦੇ ਸੱਭਿਅਚਾਰਕ ਮਾਮਲਿਆਂ ਦੇ ਮੰਤਰੀ ਜੈਕ ਲੈਂਗ ਨੇ ਦੁਨੀਆ ਭਰ ਵਿੱਚ ਸੰਗੀਤ ਦੀ ਖ਼ੁਸ਼ਬੂ ਫ਼ੈਲਾਉਣ ਲਈ ਸਮੂਹ ਸੰਗੀਤ ਪ੍ਰੇਮੀਆਂ ਨੂੰ 21 ਜੂਨ ਦੇ ਦਿਨ ਘਰਾਂ, ਗਲੀਆਂ, ਬਾਜ਼ਾਰਾਂ ਤੇ ਪਾਰਕਾਂ ਵਿੱਚ ਇਕੱਤਰ ਹੋ ਕੇ ਸਾਰਾ ਵਾਤਾਵਰਣ ਸੰਗੀਤਮਈ ਕਰ ਦੇਣ ਦਾ ਹੋਕਾ ਦਿੱਤਾ ਸੀ। ਸੰਨ 1982 ਦੀ 21 ਜੂਨ ਨੂੰ 50 ਲੱਖ ਦੇ ਕਰੀਬ ਲੋਕ ਫ਼ਰਾਂਸ ਦੀਆਂ ਗਲੀਆਂ ਵਿੱਚ ਉਤਰ ਆਏ ਸਨ। ਸਾਰਾ ਦਿਨ ਸੰਗੀਤਕ ਸਮਾਗਮ ਚੱਲਦੇ ਰਹੇ ਤੇ ਲੋਕ ਸੰਗੀਤ ਦੀਆਂ ਧੁਨਾਂ ਦਾ ਅਨੰਦ ਲੈਂਦੇ ਰਹੇ ਸਨ। ਸੰਨ 1982 ਤੋਂ ਬਾਅਦ ਇਹ ਦਿਨ ਦੁਨੀਆ ਦੇ ਲਗਪਗ 172 ਦੇਸ਼ਾਂ ਵਿੱਚ ‘ਵਿਸ਼ਵ ਸੰਗੀਤ ਦਿਵਸ’ ਵਜੋਂ ਮਨਾਉਣਾ ਸ਼ੁਰੂ ਹੋ ਗਿਆ ਸੀ ਤੇ ਅੱਜ ਵੀ ਇਹ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਅੱਜ ਦੇ ਦਿਨ ਦੁਨੀਆ ਭਰ ਵਿੱਚ ਸਿਖਾਂਦਰੂ ਤੇ ਉਸਤਾਦ ਸੰਗੀਤਕਾਰ ‘ਮੇਕ ਮਿਊਜ਼ਿਕ’ ਦੇ ਉਦੇਸ਼ ਨਾਲ ਗਲੀਆਂ-ਬਜ਼ਾਰਾਂ ਵਿੱਚ ਇਕੱਤਰ ਹੁੰਦੇ ਹਨ ਜਾਂ ਵੱਡੇ ਮੈਦਾਨਾਂ ਵਿੱਚ ਵੱਡੇ ਸੰਗੀਤਕ ਸਮਾਗਮ ਆਯੋਜਿਤ ਕਰਦੇ ਹਨ ਤੇ ਆਮ ਲੋਕਾਂ ਨੂੰ ਹਰ ਪ੍ਰਕਾਰ ਦੇ ਸੰਗੀਤ ਨਾਲ ਸਰਾਬੋਰ ਕਰ ਦਿੰਦੇ ਹਨ; ਪਰ ਇਸ ਗੱਲ ਦਾ ਧਿਆਨ ਜ਼ਰੂਰ ਰੱਖਦੇ ਹਨ ਕਿ ਸੰਗੀਤ ਅਨੰਦ ਦੇਵੇ ਤੇ ਸ਼ੋਰ ਨਾ ਬਣ ਜਾਵੇ, ਜਿਸ ਨਾਲ ਕਿਸੇ ਵਿਅਕਤੀ ਨੂੰ ਪ੍ਰੇਸ਼ਾਨੀ ਨਾ ਮਹਿਸੂਸ ਹੋਵੇ। ਸੰਨ 1985 ਦੇ ਵਰ੍ਹੇ ਨੂੰ ‘ਯੂਰਪੀਅਨ ਯੀਅਰ ਆਫ਼ ਮਿਊਜ਼ਿਕ’ ਵਜੋਂ ਮਨਾਇਆ ਗਿਆ ਸੀ ਤੇ ਹੰਗਰੀ ਦੀ ਰਾਜਧਾਨੀ ਬੁਡਾਪੇਸਟ ਵਿਖੇ ‘ਮਿਊਜ਼ਿਕ ਚਾਰਟਰ’ ਸਾਈਨ ਕੀਤਾ ਗਿਆ ਸੀ, ਜਿਸ ਰਾਹੀਂ ਯੂਰਪ ਤੋਂ ਬਾਹਰਲੇ ਮੁਲਕਾਂ ਨੂੰ ਵੀ ਇਹ ਦਿਨ ‘ਸੰਗੀਤ ਦਿਵਸ’ ਵਜੋਂ ਮਨਾਉਣ ਲਈ ਪ੍ਰੇਰਿਤ ਕੀਤਾ ਗਿਆ ਸੀ।

ਸਾਲ 2023 ਵਿੱਚ ਮਨਾਏ ਗਏ ਇਸ ਦਿਵਸ ਲਈ ਨਿਰਧਾਰਤ ਕੀਤਾ ਗਿਆ ਥੀਮ ਸੀ- ‘ਸੰਗੀਤ ਦੇ ਚੌਰਾਹੇ’ ਜਿਸਦਾ ਭਾਵ ਸੀ ਕਿ ਸੰਗੀਤ ਤਾਂ ਵੱਖ-ਵੱਖ ਭਾਸ਼ਾਵਾਂ, ਸੱਭਿਆਚਾਰਾਂ, ਮੁਲਕਾਂ ਤੇ ਧਰਮਾਂ ਨਾਲ ਜੁੜੇ ਲੋਕਾਂ ਨੂੰ ਇੱਕ ਸੂਤਰ ਵਿੱਚ ਬੰਨ੍ਹਣ ਅਤੇ ਅਕਹਿ ਅਨੰਦ ਪ੍ਰਦਾਨ ਕਰਨ ਦੀ ਤਾਕਤ ਤੇ ਸਮਰੱਥਾ ਰੱਖਦਾ ਹੈ। ਅੱਜ ਆਲਮ ਇਹ ਹੈ ਕਿ ਪੰਜਾਬੀ ਗਾਇਕਾਂ ਵੱਲੋਂ ਗਾਏ ਗਏ ਅਨੇਕਾਂ ਪੰਜਾਬੀ ਗੀਤਾਂ ’ਤੇ ਦੁਨੀਆ ਦੇ ਹਰੇਕ ਮੁਲਕ ਦੇ ਲੋਕ ਝੂਮ ਉੱਠਦੇ ਹਨ ਤੇ ਪੰਜਾਬੀ ਜ਼ੁਬਾਨ ਨਾ ਜਾਣਨ ਵਾਲੇ ਮੁਲਕਾਂ ਦੇ ‘ਬਿਲਬੋਰਡਾਂ’ ’ਤੇ ਅਤੇ ਮਕਬੂਲੀਅਤ ਦੇ ਹੋਰ ਪੈਮਾਨਿਆਂ ’ਤੇ ਪੰਜਾਬੀ ਗੀਤ ਸਿਖਰਲੇ ਸਥਾਨ ਛੂੰਹਦੇ ਹਨ। ਸੰਗੀਤ ਦੀ ਦਰਅਸਲ ਕੋਈ ਜ਼ੁਬਾਨ ਹੁੰਦੀ ਹੀ ਨਹੀਂ ਹੈ। ਇਹ ਤਾਂ ਹੱਦਾਂ-ਸਰਹੱਦਾਂ ਪਾਰ ਕਰ ਕੇ ਦਿਲਾਂ ਤੱਕ ਪੁੱਜ ਜਾਣ ਵਾਲੀ ਉਹ ਖ਼ੁਸ਼ਬੂ ਹੈ, ਜੋ ਸਰੋਤੇ ਨੂੰ ਵਜਦ ਵਿੱਚ ਲਿਆ ਦਿੰਦੀ ਹੈ। ਸੁੱਚੇ ਸੰਗੀਤ ਦੀ ਲੋਰ ’ਚ ਆ ਕੇ ਕੋਈ ਬੁੱਲ੍ਹੇ ਵਾਂਗ ਨੱਚਣ ਲੱਗ ਜਾਂਦਾ ਹੈ ਤੇ ਕੋਈ ਬੁੱਧ ਵਾਂਗ ਸ਼ਾਂਤ ਹੋ ਜਾਦਾ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸਾਰੇ ਧਰਮ ਗ੍ਰੰਥ ਇਹ ਮੰਨਦੇ ਹਨ ਕਿ ਪਰਮਾਤਮਾ ਨਿਰਾਕਾਰ ਹੈ, ਅਬਿਨਾਸ਼ੀ ਹੈ, ਪਰਮਾਨੰਦ ਹੈ। ਹਰੇਕ ਮਨੁੱਖ ਜਦੋਂ ਆਪਣੇ ਗਿਆਨ ਇੰਦਰਿਆਂ ਦੇ ਨੌਂ ਦੁਆਰੇ ਬੰਦ ਕਰਕੇ ਸੁਰਤ ਨੂੰ ਇਕਾਗਰ ਕਰਦਾ ਹੈ ਤਾਂ ਫਿਰ ਉਸਦੇ ਧੁਰ ਅੰਦਰ ਦਸਵਾਂ ਦੁਆਰ ਖੁੱਲ੍ਹ ਜਾਂਦਾ ਹੈ, ਜਿੱਥੇ ਨਿਰੰਤਰ ਵੱਜ ਰਹੇ ‘ਅਨਹਦ’ ਨਾਦ ਦੀਆਂ ਅਨੰਦਮਈ ਧੁਨਕਾਰਾਂ ਉਸਨੂੰ ਸੁਣਦੀਆਂ ਹਨ ਤੇ ਅਨਹਦ ਨਾਦ ਦੀਆਂ ਇਹੋ ਧੁਨਕਾਰਾਂ ਉਸਨੂੰ ਪਰਮੇਸ਼ਰ ਤੇ ਉਸਦੀ ਕੁਦਰਤ ਵਿੱਚ ਇਕਮਿਕ ਕਰ ਦਿੰਦੀਆਂ ਹਨ। ਕੁਝ ਭਾਰਤੀ ਧਰਮ ਤਾਂ ਉਸ ਸੰਗੀਤਮਈ ‘ਅਨਹਦ ਨਾਦ’ ਨੂੰ ਸੁਣਨਾ ਹੀ ਜਨਮ-ਮਰਨ ਦੇ ਕੁਚੱਕਰ ਤੋਂ ‘ਮੁਕਤੀ’ ਦਾ ਸਾਧਨ ਐਲਾਨਦੇ ਹਨ।

ਇਹ ਕਹਿਣਾ ਬਣਦਾ ਹੈ ਕਿ ਕਾਸ਼ ਭਾਰਤ ਵਿੱਚ ਵੀ ਅਜਿਹਾ ਹੁੰਦਾ ਕਿ ਇਸ ਦਿਨ ਦੇਸ਼ ਦੇ ਹਰ ਗਲੀ-ਕੂਚੇ ਵਿੱਚ ਭਾਰਤੀ ਲੋਕ ਸੰਗੀਤ ਅਤੇ ਪ੍ਰਾਦੇਸ਼ਿਕ ਸੰਗੀਤ ਦੀਆਂ ਵੱਖ-ਵੱਖ ਵੰਨੁਗੀਆਂ ਦੀ ਗੂੰਜ ਸੁਣਾਈ ਦਿੰਦੀ ਤੇ ਸਾਡੀ ਅਜੋਕੀ ਨੌਜਵਾਨ ਪੀੜੀ ਸਾਡੇ ਬੇਸ਼ਕੀਮਤੀ ਤੇ ਵਿਰਾਸਤੀ ਸੰਗੀਤ ਦੇ ਰੂਬਰੂ ਹੋ ਕੇ ਉਸਦਾ ਅਨੰਦ ਲੈਂਦੀ ਅਤੇ ਉਸ ਤੋਂ ਪ੍ਰਭਾਵਿਤ ਹੋ ਕੇ ਉਸਨੂੰ ਰੂਹ ਨਾਲ ਸਾਂਭਦੀ, ਸੁਆਰਦੀ ਤੇ ਹਿਰਦੇ ਵਿੱਚ ਵਸਾਉਂਦੀ। ਇਹ ਦਿਨ ਫੂਹੜ ਤੇ ਫਾਹਸ਼ ਕਿਸਮ ਦੇ ਸੰਗੀਤ ਅਤੇ ਭੜਕਾਊ ਗੀਤਾਂ ਅਤੇ ਗਾਇਕਾਂ ਦੇ ਬਾਈਕਾਟ ਦੇ ਦਿਨ ਵਜੋਂ ਵੀ ਮਨਾਇਆ ਜਾਣਾ ਚਾਹੀਦਾ ਹੈ ਤੇ ਸਭ ਨੂੰ ਦਰਸਾਇਆ ਜਾਣਾ ਚਾਹੀਦਾ ਹੈ ਕਿ ਸੰਗੀਤ ‘ਤਿਜਾਰਤ ਨਹੀਂ, ਇਬਾਦਤ ਹੈ’ ਭਾਵ ਇਹ ਕੋਈ ਵਪਾਰ ਦਾ ਸਾਧਨ ਨਹੀਂ ਸਗੋਂ ‘ਭਗਤੀ ਦਾ ਇੱਕ ਸੁੱਚਾ ਮਾਧਿਅਮ’ ਵੀ ਹੈ। ਸੱਚੇ-ਸੁੱਚੇ ਸੰਗੀਤ ਦੀ ਖ਼ਾਸੀਅਤ ਇਹ ਹੈ ਕਿ ਆਪ ਵੀ ਪਾਕ ਹੁੰਦਾ ਹੈ ਤੇ ਸੁਣਨ ਵਾਲੇ ਨੂੰ ਵੀ ਪਾਕ ਕਰਦਾ ਹੈ। ਇਹ ਸਾਡੀ ਰੂਹ ਨੂੰ ਅਮਿਹ ਅਨੰਦ ਦਾ ਅਹਿਸਾਸ ਕਰਵਾਉਂਦਾ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੂਰੀ ਦੁਨੀਆਂ ਦਾ ਅਜਿਹਾ ਇਕਲੌਤਾ ਸਥਾਨ ਹੈ, ਜਿੱਥੇ ਚੱਤੇ ਪਹਿਰ ਰਸਭਿੰਨਾ ਤੇ ਸੰਗੀਤਮਈ ਕੀਰਤਨ ਚੱਲਦਾ ਹੈ, ਜਿੱਥੋਂ ਦੀ ਫ਼ਿਜ਼ਾ ਹਰ ਵੇਲੇ ਮਧੁਰ ਸੰਗੀਤ ਨਾਲ ਸਰਾਬੋਰ ਰਹਿੰਦੀ ਹੈ।

ਭਾਰਤ ਵਿੱਚ ਅੱਜ ਦਾ ਇਹ ਦਿਨ ਬੈਜੂ ਬਾਵਰਾ, ਤਾਨਸੇਨ, ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ, ਉਸਤਾਦ ਬਿਸਮਿੱਲਾ ਖ਼ਾਂ ਅਤੇ ਭਾਈ ਸਮੁੰਦ ਸਿੰਘ ਸਮੇਤ ਦੇਸ਼ ਦੇ ਹੋਰ ਉਸਤਾਦ ਸੰਗੀਤਕਾਰਾਂ ਅਤੇ ਮੁਹੰਮਦ ਰਫ਼ੀ, ਲਤਾ ਮੰਗੇਸ਼ਕਰ, ਕਿਸ਼ੋਰ ਕੁਮਾਰ, ਮਹਿੰਦਰ ਕਪੂਰ, ਸੁਰਿੰਦਰ ਕੌਰ, ਗੁਰਮੀਤ ਬਾਵਾ ਤੇ ਲਾਲ ਚੰਦ ਯਮਲਾ ਜੱਟ ਜਿਹੀਆਂ ਕਈ ਹੋਰ ਮਹਾਨ ਸੰਗੀਤਕ ਹਸਤੀਆਂ ਨੂੰ ਯਾਦ ਕਰਨ ਤੇ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਦਿਨ ਵੀ ਹੈ।

# ਬਾਹੋ ਬੈਂਸ ਨੇ ਵਸਾਇਆ ਸੀ ‘ਬਾਹੋਵਾਲ’

**ਪਿੰਡ ਵਸਿਆ (5)**

**ਵਿਜੈ ਬੰਬੇਲੀ**
ਫੋਨ: +91-9463439075




***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ ‘ਪਿੰਡ ਵਸਿਆ’ ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਜਾਵੇਗੀ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ ‘ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ ’ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਪਿੰਡ ਬਾਹੋਵਾਲ ਬਾਰੇ ਸੰਖੇਪ ਵੇਰਵਾ...***

ਉਹ ਸਿਰਫ ਪੌਣੇ ਤਿੰਨ ਏਕੜ ਭੌਇੰ ਦਾ ਮਾਲਕ ਸੀ। ਪੌਣਾ ਏਕੜ ਖੂਹ ‘ਤੇ, ਚਾਹੀ ਅਤੇ ਦੋ ਏਕੜ ਚੌਅ ਬੁਰਦ, ਬਰਾਨੀ-ਬੰਜ਼ਰ ਕਦੀਮ। ਗਰੀਬੜਾ ਜੱਟ, ਭਾਰੀ-ਭਰਕਮ ਪਰਿਵਾਰ। ਖਰੀ ਜ਼ਿੰਦਗੀ ਦੀ ਭਾਲ ਉਸਨੂੰ ਮਲੇਸ਼ੀਆ-ਹਾਂਗਕਾਂਗ ਲੈ ਗਈ, ਜਿੱਥੇ ਉਹ ਚੀਨਿਆਂ ਦੇ ਧੜਵੈਲ ਕਾਰਖਾਨੇ ਵਿੱਚ ਜਾ ਚੌਕੀਦਾਰ ਭਰਤੀ ਹੋਇਆ। ਇੱਧਰ, ਉਹ ਫੁੱਟਬਾਲ ਦਾ ਵੀ ਆਹਲਾ ਖਿਡਾਰੀ ਸੀ, ਇਸੇ ਗੁਣ ਨੇ ਉਸਨੂੰ ਚੀਨਿਆਂ ਦੀ ਫੁੱਟਬਾਲ ਟੀਮ ਦਾ ਵੀ ਬੇਹਤਰੀਨ ਖਿਡਾਰੀ ਸਿੱਧ ਕੀਤਾ। ਸਿੱਟਾ; ਉਸਨੂੰ ਬਾਕੀਆਂ ਤੋਂ ਕੁਝ ਵਧੇਰੇ ਤਨਖਾਹ ਮਿਲਦੀ ਸੀ, ਪਰ ਐਨੀ ਵੱਧ ਨਹੀਂ ਕਿ ਉਹ ਤਾ-ਨੌਕਰੀ ਉਥੇ ਟਿਕਿਆ ਰਹਿੰਦਾ। ‘ਮਰੀਕਾ-ਕੈਨੇਡਾ ‘ਚ ਵੱਧ ਉਜਰਤ ਅਤੇ ‘ਸੁੱਖਾਂ-ਲੱਧੀ ਜ਼ਿੰਦਗੀ’ ਦੀ ਕਨਸੋਅ ਨੇ ਉਸਨੂੰ ਵੀ ਉਧਰ ਜਾਣ ਲਈ ਪ੍ਰੇਰਿਆ। ਬੇਹੱਦ ਔਖੇ ਹੋ ਕੇ ਜੋੜੇ ਧਨ ਨਾਲ ਜਦ 1915 ਵਿੱਚ ਉਹ ਬਹਿਰੀ ਜਹਾਜ਼ ਫੜਨ ਲੱਗਾ, ਤਦ ਘਾਟ ਉੱਤੇ ‘ਵਾਜ਼ ਕੰਨੀਂ ਪਈ, “ਤੇਰਾ ਚਾਚਾ ਭਾਈ ਵੀਰ ਸਿੰਘ ‘ਗਰੇਜ਼ਾਂ ਨੇ ਫਾਹੇ ਟੰਗ ਦਿੱਤਾ ਹੈ।” ਗੈਰਤ; ਗਰੀਬੀ ਦਾ ਭੰਨਿਆ ਇਹ ਕਰਮਯੋਗੀ ਬੜੇ ਤਰੱਦਦ ਨਾਲ ਕੈਨੇਡਾ ਪ੍ਰਸਥਾਨ ਹਿੱਤ ਲਈ ਆਗਿਆ ਅਤੇ ਢਿੱਡ ਬੰਨ ਕੇ ਖਰੀਦੀ ਟਿਕਟ ਨੂੰ ਫਾੜ ਵਤਨ ਨੂੰ ਮੁੜ ਪਿਆ, ਉਸ ਮਾਂ-ਮਿੱਟੀ ਨੂੰ ਆਜ਼ਾਦ ਕਰਵਾਉਣ ਜਿਸ ਲਈ ਉਸਦਾ ਗ਼ਦਰੀ ਚਾਚਾ ਕੁਰਬਾਨ ਹੋ ਗਿਆ ਸੀ ਅਤੇ ਉਸ ਦੇ ਪਿੰਡ ਦੇ ਦਰਜਨ ਭਰ ਨਾਇਕ ਜੂਝ ਰਹੇ ਸਨ। ਕੌਣ ਸੀ ਇਹ ਅਤੇ ਕਿਹੜੇ ਪਿੰਡ ਦਾ ਜਾਇਆ ਸੀ, ਉਹ? ਜਿਸਦੀ ਮੈਂ ਤੁਹਾਨੂੰ ਬਾਤ ਸੁਣਾਈ ਹੈ। ਉਹ ਸੀ ਬਹੁਪਰਤੀ ਦੇਸ਼ ਭਗਤ ਕਾਮਰੇਡ-ਜਥੇਦਾਰ ਮੂਲਾ ਸਿੰਘ ਬਾਹੋਵਾਲ; ਉਹ ਬਾਹੋਵਾਲ, ਜਿਸਦੀ ਆਬਾਦੀ ਦਾ ਸਬੱਬ ਬਾਹੋ ਬੈਂਸ ਬਣਿਆ ਸੀ।

ਕੰਨ-ਰਸ ਤੁਰੀ ਆਉਂਦੀ ਗਾਥਾ ਅਨੁਸਾਰ ਬਾਹੋਵਾਲ ਦਾ ਨਾਂ ਉਨ੍ਹਾਂ ਦੇ ਇੱਕ ਵਡੇਰੇ ਬਾਹੋ ਦੇ ਨਾਂ ‘ਤੇ ਪਿਆ, ਜੋ ਜਾਤ ਦਾ ਜੱਟ ਸੀ ਤੇ ਗੋਤ ਵਜੋਂ ਬੈਂਸ; ਪਰ ਇਸਦਾ ਮਤਲਬ ਇਹ ਨਹੀਂ ਕਿ ਇਸ ਪਿੰਡ ਦੀ ਮੋੜ੍ਹੀ ਬਾਹੋ ਨੇ ਹੀ ਗੱਡੀ ਹੋਵੇ। ਬਾਹੋਵਾਲ; ਜਿਸਦਾ ਨਾਂ ਪਹਿਲਾਂ ਬਾਗਾਂ ਵਾਲੀ ਸੀ, ਦਾ ਹਦਬਸਤ ਨੰ. 34 ਅਤੇ ਕੁੱਲ ਮਾਲਕੀ 1692 ਏਕੜ ਹੈ, ਲੋਅਰ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਹੁਸਿਆਰਪੁਰ ਤੋਂ 19 ਕਿਲੋਮੀਟਰ ਦੱਖਣ ਵੱਲ ਹੁਸ਼ਿਆਰਪੁਰ-ਚੰਡੀਗੜ੍ਹ ਸ਼ਾਹਮਾਰਗ ਉਤੇ ਮੈਲੀ ਵਾਲੇ ਚੋਅ ਕਿਨਾਰੇ ਘੁੱਗ ਵਸਦਾ ਹੈ। ਮਾਹਿਲਪੁਰ ਇੱਥੋਂ 3 ਕਿਲੋਮੀਟਰ ਹੈ। ਇਸੇ ਮਾਹਿਲਪੁਰ ਦੇ ਵਡੇਰਿਆਂ ਦੀ ਜ਼ਮੀਂ ਸੀ, ਇਹ ਕਦੇ। ਬਾਹੋਵਾਲ ਤੋਂ ਪਹਿਲਾਂ ਇਸ ਖਿੱਤੇ ਜਾਂ ਆਰਜ਼ੀ ਵਸੋਂ ਨੂੰ ਉਥੇ ਮੌਜੂਦ ਘਣੇ ਅੰਬ-ਬਾਗਾਂ ਕਾਰਨ ਬਾਗਾਂ ਵਾਲੀ ਕਹਿੰਦੇ ਸਨ। ਮਾਹਿਲਪੁਰ ਬਾਰੇ ਜ਼ਿਕਰ ਮਸ਼ਹੂਰ ਚੀਨੀ ਯਾਤਰੀ 623 ਈਸਵੀ ਵਿੱਚ ਕਰਦਾ ਹੈ, ਜਦੋਂ ਉਹ ਥਾਨੇਸਰ (ਹਰਿਆਣਾ) ਵਿਖੇ ਮਹਾਰਾਜਾ ਹਰਸ਼ ਵਰਧਨ ਦਾ ਮਹਿਮਾਨ ਸੀ। ਇਸੇ ਮਹਾਰਾਜਾ ਦੇ ਪੁਰਖੇ ਵੀ ਮਾਹਿਲਪੁਰ ਦੇ ਜੰਮਪਲ ਸਨ, ਜਿਨ੍ਹਾਂ ਦੇ ਇੱਕ ਵੱਡ-ਵਡੇਰੇ ਨੇ 400 ਈ. ਵਿੱਚ ਕੁਰੂਕਸ਼ੇਤਰ ਦੀ ਪਾਕ ਜ਼ਮੀਨ ਉੱਤੇ ਸਿਰੀ ਕੰਠ ਉਰਫ ਥਾਨੇਸਰ ਵਸਾਇਆ ਸੀ, ਨਾਂ ਸੀ ਉਸਦਾ ਬੈਂਸ ਬੰਸ ਪੁਸ਼ਭੂਪੀ।

ਬਾਹੋਵਾਲੀਏ ਬੈਂਸਾਂ ਦੇ ਕੁੱਲ-ਮਰਾਸੀ (ਪ੍ਰੋਹਿਤ) ਮੀਆਂ ਕੂੜਾਂ ਤੱਲ੍ਹਣ ਅਨੁਸਾਰ ਮਾਹਿਲਪੁਰ ਦੀ ਦਾਸੋ ਪੱਤੀ ਦੇ ਬਲੀ ਪੁਰਸ਼ ਬਾਹੋ ਬੈਂਸ, ਜਿਸ ਨੇ ਇਸ ਬਾਗਾਂਵਾਲੀ ਖਿੱਤੇ ‘ਚ ਆਪਣੇ ਸਕੇ-ਸੋਧਰਿਆਂ ਅਤੇ ਟੱਬਰ-ਟੀਰ੍ਹ ਸਮੇਤ ਪੱਕੀ ਰਿਹਇਸ਼ ਕੀਤੀ, ਦੀ ਸ਼ਾਖ ਇਵੇਂ ਤੁਰਦੀ ਹੈ: ਦਾਸੋ-ਵੀਰੋ-ਸੱਗਣ-ਉੱਦਰ-ਮੱਖਣ ਭੁਲਾ-‘ਬਾਹੋ’ (ਜਿਹੜਾ ਬਾਹੋਵਾਲ ਦਾ ਉਸਰੇਈਆ ਮੰਨਿਆ ਗਿਆ)-ਮਹਿਮਦ-ਸਕਤਾ-ਦੁਰਗਾ-ਕਮਾਲ-ਫਤਿਹ-ਹੀਰਾ-ਭੂਪ ਸਿੰਘ-ਸੁੱਚਾ ਸਿੰਘ-ਖੁਸ਼ਹਾਲ ਸਿੰਘ ਵਗੈਰਾ (ਜਦ ਤੱਕ ਬਾਹੋਵਾਲ ਤਾਅ ਜਾਤਾਂ, ਕਿਰਤੀ-ਸ਼ਿਲਪੀ, ਸ਼ਾਹੂਕਾਰ-ਪ੍ਰੋਹਿਤ ਵੀ ਆ ਵਸੇ ਸਨ)।




ਬਾਹੋ ਕਰੀਬ 17ਵੀਂ ਸਦੀ ਦੇ ਨੇੜੇ-ਤੇੜੇ ਹੋਇਆ ਅਤੇ ਖੁਸ਼ਹਾਲ ਸਿੰਘ 19ਵੀਂ ਸਦੀ ਦੇ ਨੇੜੇ। ਕਹਿੰਦੇ ਹਨ ਕਿ ਜਦ ਕਾਂਗੜੇ ਦੇ ਰਾਜਾ ਸੰਸਾਰ ਚੰਦ ਨੇ ਲੋਅਰ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਤਲੇ ਬਜਵਾੜਾ-ਜੈਜੋਂ ਤੱਕ ਮੱਲ ਮਾਰ ਲਈ ਤਾਂ ਮਾਹਿਲਪੁਰ ਖਿੱਤੇ ਦੀ ਰੱਖਿਆ ਲਈ ਇਸ ਗਿਰਦ ਤੁਰਤ ਹੋਰ ਮੋਰਚੇ-ਗੜ੍ਹੀਆਂ ਉਸਾਰੀਆਂ ਗਈਆਂ। ਸਮਾਂ ਪਾ ਕੇ ਇਨ੍ਹਾਂ ਗੜ੍ਹੀਆਂ ਨੂੰ ਕਿਲੇ ਕਿਹਾ ਜਾਣ ਲੱਗ ਪਿਆ। ਬਾਹੋਵਾਲ ਵੀ ਅਜਿਹਾ ਕਿਲਾ ਸੀ, ਮਗਰੋਂ ਜਿੱਥੇ ਵਸੇਂਦਿਆਂ ਨੂੰ ਕਿਲੇ ਵਾਲੇ ਸਰਦਾਰ ਕਿਹਾ ਜਾਣ ਲੱਗ ਪਿਆ। ਇਨ੍ਹਾਂ ਕਿਲੇ ਵਾਲਿਆਂ ਵਿੱਚੋਂ ਹੀ ਬਾਹੋਵਾਲ ਦੇ ਛੇ ਗ਼ਦਰੀ ਦੇਸ਼ ਭਗਤਾਂ ਸਣੇ, ਇੱਕ ਗ਼ਦਰੀ ਹਰਨਾਮ ਸਿੰਘ ਬੈਂਸ ਹੋਇਆ ਹੈ। ਇਸ ਪਿੰਡ ਦੇ ਹੋਰ ਜਿਹੜੇ ਉੱਘੇ ਦੇਸ਼ ਭਗਤ ਹੋਏ ਹਨ, ਉਹ ਸਨ: ਲਿਖਾਰੀ ਸੰਤੋਖ ਸਿੰਘ ਕੂਕਾ (ਨਾਮਧਾਰੀ ਲਹਿਰ), ਸਰਵਣ ਸਿੰਘ-ਨਰੈਣ ਉਰਫ ਦਲੀਪ ਸਿੰਘ-ਜੀਤਾ ਉਰਫ ਨਰਿੰਦਰ ਸਿੰਘ-ਪਾਲਾ ਸਿੰਘ (ਸਾਰੇ ਗ਼ਦਰ/ਕਿਰਤੀ ਪਾਰਟੀ), ਜਥੇਦਾਰ ਪੂਰਨ ਸਿੰਘ-ਕਰਤਾਰ ਸਿੰਘ-ਚੰਨਣ ਸਿੰਘ-ਬੰਤਾ ਸਿੰਘ (ਸਾਰੇ ਗੁਰਦੁਆਰਾ ਸੁਧਾਰ ਲਹਿਰ) ਤੇ ਦੀਵਾਨ ਸਿੰਘ-ਸੰਤਾ ਸਿੰਘ (ਬੱਬਰ ਅਕਾਲੀ ਲਹਿਰ) ਅਤੇ ਚੌਧਰੀ ਰੁਲੀਆ ਰਾਮ-ਚੌਧਰੀ ਸ਼ਰਨ ਦਾਸ, ਪੰਡਿਤ ਵਿਦਿਆ ਸਾਗਰ-ਕਿਸ਼ਨ ਸਿੰਘ-ਕਰਤਾਰ ਸਿੰਘ-ਚੈਂਚਲ ਸਿੰਘ-ਮਈਆਂ ਸਿੰਘ-ਕਰਮ ਸਿੰਘ-ਗੁਰਬਖਸ਼ ਸਿੰਘ ਆਦਿ (ਸਾਰੇ ਕਿਸਾਨ-ਮਜ਼ਦੂਰ ਫਰੰਟ ਤੇ ਕੌਮੀ ਲਹਿਰਾਂ)।

# ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਤੇ ਇਤਿਹਾਸਕ ਮਹੱਤਤਾ

## ਸਥਾਪਨਾ ਦਿਵਸ ‘ਤੇ



**ਦਿਲਜੀਤ ਸਿੰਘ ਬੇਦੀ**
ਫੋਨ: +91-7657968570

‘ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ’ ਅਨੁਸਾਰ ਜਿੱਥੇ-ਜਿੱਥੇ ਵੀ ਗੁਰੂ ਸਾਹਿਬਾਨ ਦੇ ਮੁਬਾਰਕ ਚਰਨ ਪਏ, ਉਹ ਥਾਵਾਂ ਪੂਜਣਯੋਗ ਹੋ ਗਈਆਂ। ਮਨੁੱਖਤਾ ਦੇ ਕਲਿਆਣ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਗੁਰੂ ਸਾਹਿਬਾਨ ਨੇ ਨਵੇਂ ਨਗਰ ਵਸਾਉਣ ਦੀ ਪਰੰਪਰਾ ਤੋਰੀ, ਜਿਸ ਤਹਿਤ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ, ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ, ਗੁਰੂ ਅਮਰਦਾਸ ਜੀ ਨੇ ਗੋਇੰਦਵਾਲ, ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ, ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਰਤਪੁਰ ਆਦਿ ਨਵੇਂ ਨਗਰਾਂ ਦਾ ਨਿਰਮਾਣ ਕਰਵਾਇਆ। ਇਸੇ ਪਰੰਪਰਾ ਨੂੰ ਕਾਇਮ ਰੱਖਦਿਆਂ ਗੁਰੂ ਤੇਗ ਬਹਾਦਰ ਜੀ ਨੇ ਸ਼ਿਵਾਲਿਕ ਦੀਆਂ ਰਮਣੀਕ ਵਾਦੀਆਂ ਵਿੱਚ ਨਵੇਂ ਨਗਰ ਚੱਕ ਨਾਨਕੀ ਦੀ ਨੀਂਹ ਰੱਖੀ, ਜੋ ਬਾਅਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਸ੍ਰੀ ਅਨੰਦਪੁਰ ਸਾਹਿਬ ਦੀ ਸਰਜ਼ਮੀਂ ਧਰਤੀ ਦਾ ਉਹ ਟੁਕੜਾ ਹੈ, ਜਿਸ ਨੂੰ ਪੰਜ ਗੁਰੂ ਸਾਹਿਬਾਨ, ਪੰਜ ਗੁਰੂ-ਮਹਿਲਾਂ, ਪੰਜ ਪਿਆਰਿਆਂ ਅਤੇ ਚਾਰ ਸਾਹਿਬਜ਼ਾਦਿਆਂ ਦੀ ਚਰਨ ਛੋਹ ਪ੍ਰਾਪਤ ਹੋਈ।

ਤਖਤ ਸ੍ਰੀ ਕੇਸਗੜ੍ਹ ਸਾਹਿਬ, ਭਾਰਤੀ ਪੰਜਾਬ ਦੀ ਪਵਿੱਤਰ ਭੂਮੀ ’ਤੇ ਸੁਭਾਇਮਾਨ ਹੈ। ਸ਼ਿਵਾਲਕ ਪਹਾੜਾਂ ਦੇ ਮੁੱਢ ਵਿੱਚ ਹੋਣ ਕਰਕੇ ਅਤੇ ਸਤਲੁਜ ਦਰਿਆ ਦੇ ਐਨ ਕੰਢੇ ਉਪਰ ਦੀ ਸਥਿਤੀ ਨੇ ਇਸ ਦੇ ਬਾਹਰੀ ਦ੍ਰਿਸ਼ ਨੂੰ ਬਹੁਤ ਹੀ ਰੌਚਿਕ ਅਤੇ ਦਿਲ ਖਿੱਚਵਾਂ ਬਣਾਇਆ ਹੋਇਆ ਹੈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਉਪਰਲੀ ਇਮਾਰਤ ’ਤੇ ਖੜ੍ਹੇ ਕੇ ਆਲੇ-ਦੁਆਲੇ ਵੱਲ ਨਜ਼ਰ ਮਾਰਨ ਤੋਂ ਇਸ ਦੇ ਇਰਦ-ਗਿਰਦ ਇੱਕ ਐਸੀ ਪਹਾੜੀ-ਨੁਮਾ ਦੀਵਾਰ ਦੀ ਉਚਾਈ ਨਜ਼ਰ ਆਉਂਦੀ ਹੈ, ਜੋ ਇਸਨੂੰ ਸਾਰੇ ਇਲਾਕੇ ਨਾਲੋਂ ਕੱਟ ਕੇ ਇੱਕ ਖਾਸ ਕਿਸਮ ਦੀ ਭੂਗੋਲਿਕ ਵਿਸ਼ੇਸ਼ਤਾ ਪ੍ਰਦਾਨ ਕਰਦੀ ਹੈ। ਅਨੰਦਪੁਰ ਸਾਹਿਬ ਦੇ ਪਿੱਛੇ ਹਿਮਾਚਲ ਪ੍ਰਦੇਸ਼ ਦਾ ਪਹਾੜੀ ਇਲਾਕਾ ਅਤੇ ਇਸ ਦੇ ਸਾਹਮਣੇ ਪੰਜਾਬ ਦਾ ਮੈਦਾਨੀ ਇਲਾਕਾ ਇਸਦੀ ਕੁਦਰਤੀ ਸੁੰਦਰਤਾ ਨੂੰ ਹੋਰ ਵੀ ਜ਼ਿਆਦਾ ਵਧਾ ਰਿਹਾ ਹੈ। ਇਸ ਵਾਦੀ ਵਿਚਕਾਰ ਘਿਰਿਆ ਸੈਂਕੜੇ ਵਰਗ ਕਿਲੋਮੀਟਰਾਂ ਦਾ ਇਲਾਕਾ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਚਰਨ-ਛੋਹ ਨਾਲ ਵਰੋਸਾਇਆ ਹੋਇਆ ਹੈ।

ਇਸ ਦੇ ਪੱਛਮ ਵੱਲ ਨੰਗਲ ਸ਼ਹਿਰ ਸਥਿਤ ਹੈ, ਜਿੱਥੇ ਸਤਲੁਜ ਦਰਿਆ ਦੇ ਕੰਢੇ ’ਤੇ ਗੁਰਦੁਆਰਾ ਬਿਭੌਰ ਸਾਹਿਬ ਸੁਸ਼ੋਭਿਤ ਹੈ। ਇੱਥੇ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਚੌਪਈ ਸਾਹਿਬ ਦੀ ਰਚਨਾ ਕੀਤੀ ਸੀ। ਅਨੰਦਪੁਰ ਸਾਹਿਬ ਦੇ ਦੱਖਣ-ਪੂਰਬ ਵੱਲ ਅੱਠ ਕੁ ਕਿਲੋਮੀਟਰ ਦੀ ਵਿੱਥ ‘ਤੇ ਸ੍ਰੀ ਕੀਰਤਪੁਰ ਸਾਹਿਬ ਦਾ ਪਵਿੱਤਰ ਅਸਥਾਨ ਸਥਿਤ ਹੈ। ਇਸ ਧਰਤ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿਰਾਏ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਇਹ ਧਰਤੀ ਖਾਲਸੇ ਦੇ ਪਵਿੱਤਰ ਖੂਨ ਨਾਲ ਰੰਗੀ ਹੋਈ ਹੈ। ਇਸ ਧਰਤੀ ਨੇ ਅਨੇਕਾਂ ਉਤਰਾਅ-ਚੜ੍ਹਾਅ ਵੇਖੇ, ਅਨੇਕਾਂ ਭਿਆਨਕ ਲੜਾਈਆਂ ਵੇਖੀਆਂ ਅਤੇ ਦੁਸ਼ਮਣਾਂ ਹੱਥੋਂ ਸਮੇਂ-ਸਮੇਂ ’ਤੇ ਹੋਈਆਂ ਤਬਾਹੀਆਂ ਵੀ ਵੇਖੀਆਂ, ਪਰ ਇੱਥੇ ਸਦਾ ਕੇਸਰੀ ਨਿਸ਼ਾਨ ਸਾਹਿਬ ਝੁੱਲਦਾ ਰਿਹਾ ਹੈ। ਸਮੁੱਚਾ ਖਾਲਸਾ ਪੰਥ ਸ੍ਰੀ ਅਨੰਦਪੁਰ ਸਾਹਿਬ ਦਾ ਵਾਸੀ ਹੈ, ਕਿਉਂਕਿ ਇਹ ਪਵਿੱਤਰ ਅਸਥਾਨ ਖਾਲਸੇ ਦੀ ਜਨਮ-ਭੂਮੀ ਹੈ। ਖਾਲਸਾ ਪੰਥ ਦਾ ਹਰ ਮੈਂਬਰ ਗੁਰੂ ਗੋਬਿੰਦ ਸਿੰਘ ਨੂੰ ਪਿਤਾ, ਮਾਤਾ ਸਾਹਿਬ ਕੌਰ ਨੂੰ ਮਾਤਾ, ਜਨਮ ਅਤੇ ਵਾਸੀ ਸ੍ਰੀ ਅਨੰਦਪੁਰ ਸਾਹਿਬ ਦਾ ਮੰਨਦਾ ਹੈ।

ਇਸ ਮਹਾਨ ਅਤੇ ਗੁਰੂ-ਚਰਨਾਂ ਦੀ ਛੋਹ ਪ੍ਰਾਪਤ ਪਵਿੱਤਰ ਭੂਮੀ ਦੇ ਇਤਿਹਾਸ ’ਤੇ ਨਜ਼ਰ ਮਾਰਦੇ ਹਾਂ। ਗੁਰੂ ਹਰਿਗੋਬਿੰਦ ਸਾਹਿਬ ਛੇਵੇਂ ਪਾਤਸ਼ਾਹ 1633-34 ਵਿੱਚ ਅੰਮ੍ਰਿਤਸਰ ਤੋਂ ਕੀਰਤਪੁਰ ਸਾਹਿਬ ਆ ਗਏ ਸਨ। ਉਹ ਇੱਥੇ ਆਪਣੇ ਅੰਤਿਮ ਸਮੇਂ (1644 ਈ.) ਤਕ ਰਹੇ। ਕੀਰਤਪੁਰ ਸਾਹਿਬ ਸਤਵੇਂ ਤੇ ਅੱਠਵੇਂ ਪਾਤਸ਼ਾਹ ਜੀ ਦਾ ਜਨਮ ਅਸਥਾਨ ਵੀ ਹੈ। ਇੱਥੇ ਹੀ ਗੁਰੂ ਹਰਿਰਾਏ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ ਤੇ ਉਹ 1664 ਈ. ਤਕ ਲਗਭਗ ਇੱਥੇ ਹੀ ਰਹੇ। 1664 ਈ. ਵਿੱਚ ਗੁਰੂ ਹਰਿਕ੍ਰਿਸ਼ਨ ਜੀ ਵੀ ਇੱਥੇ ਹੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਵਾਰਸ ਬਣੇ। ਬਾਬਾ ਗੁਰਦਿੱਤਾ ਜੀ ਤੇ ਬਾਬਾ ਸੂਰਜ ਮੱਲ ਜੀ ਦੇ ਪਰਿਵਾਰ ਵੀ ਇੱਥੇ ਹੀ ਵਸਦੇ ਰਹੇ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤ ਸਮਾ ਜਾਣ ਪਿੱਛੋਂ ਅਤੇ ਗੁਰੂ ਹਰਿਰਾਇ ਜੀ ਦੇ ਸੱਤਵੇਂ ਗੁਰੂ ਬਣਨ ਪਿੱਛੋਂ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਮਾਤਾ ਨਾਨਕੀ ਜੀ ਅਤੇ ਸੁਪਤਨੀ ਮਾਤਾ ਗੁਜਰੀ ਜੀ ਨਾਲ ਆਪਣੇ ਨਾਨਕੇ ਪਿੰਡ ਬਾਬਾ ਬਕਾਲਾ ਵਿਖੇ ਆ ਕੇ ਰਹਿਣ ਲੱਗ ਪਏ ਸਨ।

ਗੁਰੂ ਹਰਿਕ੍ਰਿਸ਼ਨ ਜੀ 30 ਮਾਰਚ 1664 ਨੂੰ ਜੋਤੀ ਜੋਤਿ ਸਮਾ ਗਏ ਸਨ। ਅਗਸਤ 1664 ਈ. ਨੂੰ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਸੰਭਾਲੀ ਗਈ। ਗੁਰਗੱਦੀ ਸੰਭਾਲਣ ਪਿੱਛੋਂ ਗੁਰੂ ਤੇਗ ਬਹਾਦਰ ਜੀ ਮਾਝੇ ਵਿਚਲੇ ਪਿੰਡਾਂ ਦੇ ਪ੍ਰਚਾਰ ਦੌਰਿਆਂ ਨੂੰ ਗਏ। ਇਨ੍ਹਾਂ ਦੌਰਿਆਂ ਉਪਰੰਤ ਆਪਣੇ ਪਰਿਵਾਰ ਸਮੇਤ ਮਈ 1665 ਈ. ਵਿੱਚ ਕੀਰਤਪੁਰ ਸਾਹਿਬ ਪਹੁੰਚ ਗਏ। ਅਜੇ ਗੁਰੂ ਸਾਹਿਬ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਪਹੁੰਚੇ ਹੀ ਸਨ ਕਿ ਬਿਲਾਸਪੁਰ ਦੀ ਰਾਣੀ ਚੰਪਾ ਦੇਵੀ ਦਾ ਸੁਨੇਹਾ ਆ ਗਿਆ ਕਿ ਬਿਲਾਸਪੁਰ ਦੇ ਰਾਜਾ ਦੀਪ ਚੰਦ ਦਾ ਚਲਾਣਾ ਹੋ ਗਿਆ ਹੈ, ਤੁਸੀਂ ਪਰਿਵਾਰ ਸਮੇਤ ਭੋਗ ਦੀ ਰਸਮ ਸਮੇਂ ਉਚੇਚੇ ਤੌਰ ’ਤੇ ਜ਼ਰੂਰ ਪੁੱਜੋ। ਗੁਰੂ ਜੀ ਪਰਿਵਾਰ ਸਮੇਤ 13 ਮਈ 1665 ਈ. ਨੂੰ ਬਿਲਾਸਪੁਰ ਪਹੁੰਚੇ। ਰਾਣੀ ਚੰਪਾ ਨੇ ਉਨ੍ਹਾਂ ਦਾ ਬਹੁਤ ਆਦਰ ਸਤਿਕਾਰ ਕੀਤਾ। ਇੱਥੇ ਹੀ ਗੱਲਾਂ ਗੱਲਾਂ ਵਿੱਚ ਰਾਣੀ ਨੂੰ ਪਤਾ ਲੱਗਿਆ ਕਿ ਗੁਰੂ ਜੀ ਕੀਰਤਪੁਰ ਛੱਡ ਕੇ ਬਾਂਗਰ ਦੇ ਇਲਾਕੇ ਵਿੱਚ ਜਾ ਕੇ ਵਸਣਾ ਚਾਹੁੰਦੇ ਹਨ।


ਜਦੋਂ ਗੁਰੂ ਤੇਗ ਬਹਾਦਰ ਸਾਹਿਬ ਬਿਲਾਸਪੁਰ ਦੇ ਰਾਜ ਮਹੱਲ ਤੋਂ ਤੁਰਨ ਲੱਗੇ ਤਾਂ ਰਾਣੀ ਚੰਪਾ ਨੇ ਗੁਰੂ ਸਾਹਿਬ ਨੂੰ ਬੇਨਤੀ ਕਰਕੇ ਰੋਕ ਲਿਆ। ਰਾਣੀ ਚੰਪਾ ਨੇ ਗੁਰੂ ਦੀ ਮਾਤਾ ਨਾਨਕੀ ਜੀ ਦੇ ਪੈਰ ਫੜ ਲਏ ਅਤੇ ਅਰਜ਼ ਕੀਤੀ ਕਿ ਉਹ ਗੁਰੂ ਸਾਹਿਬ ਨੂੰ ਧਮਤਾਨ (ਬਾਂਗਰ ਦੇਸ਼) ਜਾਣ ਦੀ ਜਗਾ ਕਹਿਲੂਰ (ਬਿਲਾਸਪੁਰ) ਰਿਆਸਤ ਵਿੱਚ ਰਹਿਣ ਵਾਸਤੇ ਮੰਨਾਉਣ। ਰਾਣੀ ਚੰਪਾ ਨੇ ਆਖਿਆ ਕਿ ਉਹ ਗੁਰੂ ਸਾਹਿਬ ਦੀ ਨਿਗਾਹਬਾਨੀ ਵਿੱਚ ਹੀ ਰਹਿਣਾ ਚਾਹੁੰਦੀ ਹੈ ਅਤੇ ਜੇ ਗੁਰੂ ਤੇਗ ਬਹਾਦਰ ਜੀ ਕੀਰਤਪੁਰ ਸਾਹਿਬ ਦੀ ਜਗ੍ਹਾ ਕਿਤੇ ਹੋਰ ਨਵਾਂ ਨਗਰ ਵਸਾਉਣਾ ਚਾਹੁਣ ਤਾਂ ਉਹ ਹੋਰ ਜਗ੍ਹਾ ਅਰਦਾਸ ਕਰਵਾਉਣ ਵਾਸਤੇ ਵੀ ਤਿਆਰ ਹੈ। ਰਾਣੀ ਚੰਪਾ ਦੇ ਜਜ਼ਬਾਤ ਅਤੇ ਪਿਆਰ ਨੂੰ ਵੇਖਦਿਆਂ ਮਾਤਾ ਨਾਨਕੀ ਜੀ ਨੇ ਗੁਰੂ ਸਾਹਿਬ ਨੂੰ ਕਹਿਲੂਰ ਰਿਆਸਤ ਤੋਂ ਦੂਰ ਨਾ ਜਾਣ ਲਈ ਮਨਾ ਲਿਆ। ਗੁਰੂ ਸਾਹਿਬ ਨੇ ਨਵਾਂ ਨਗਰ ਵਸਾਉਣ ਦਾ ਫੈਸਲਾ ਕੀਤਾ, ਪਰ ਉਨ੍ਹਾਂ ਨੇ ਰਾਣੀ ਚੰਪਾ ਤੋਂ ਨਵੇਂ ਨਗਰ ਵਾਸਤੇ ਮੁਫਤ ਜ਼ਮੀਨ ਲੈਣ ਤੋਂ ਨਾਂਹ ਕਰ ਦਿੱਤੀ। ਗੁਰੂ ਸਾਹਿਬ ਨੇ ਲੋਦੀਪੁਰ, ਮੀਆਂਪੁਰ ਅਤੇ ਸਹੋਟਾ ਪਿੰਡਾਂ ਦੀ ਜ਼ਮੀਨ ਦਾ ਇੱਕ ਰਮਣੀਕ ਹਿੱਸਾ ਚੁਣਿਆ ਤੇ ਉਸ ਜ਼ਮੀਨ ਦੀ ਰਕਮ ਅਦਾ ਕੀਤੀ। ਰਾਣੀ ਚੰਪਾ ਨੇ ਉਸ ਰਕਮ ਨੂੰ ਬਖਸ਼ਿਸ਼ ਸਮਝ ਕੇ ਮਨਜ਼ੂਰ ਕਰ ਲਿਆ।

ਇੰਜ ਇੱਕ ਨਵਾਂ ਨਗਰ ਸਥਾਪਤ ਕਰਕੇ ਗੁਰੂ ਤੇਗ ਬਹਾਦਰ ਜੀ ਆਪਣੇ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਤੋਂ ਆ ਕੇ ਇੱਥੇ ਰਹਿਣ ਲੱਗ ਪਏ। ਭਾਈ ਸੰਤੋਖ ਸਿੰਘ ਨੇ ਚੱਕ ਨਾਨਕੀ ਨਗਰ ਵਿੱਚ ਵੱਖ-ਵੱਖ ਇਮਾਰਤਾਂ ਦੀ ਉਸਾਰੀ ਬਾਰੇ ਕਾਫੀ ਵੇਰਵੇ ਸਹਿਤ ਲਿਖਿਆ ਹੈ। ਇਸ ਨਗਰ ਦੀ ਸਥਾਪਨਾ ਕਰਕੇ ਇੱਥੇ ਭਾਂਤ-ਭਾਂਤ ਦੇ ਕਾਰੀਗਰ ਅਤੇ ਵਿਦਵਾਨ ਲੋਕਾਂ ਨੂੰ ਲਿਆ ਕੇ ਵਸਾਇਆ ਗਿਆ। ਸੰਗਤਾਂ ਦੇ ਠਹਿਰਨ ਲਈ ਇੱਕ ਸੁੰਦਰ ਧਰਮਸ਼ਾਲਾ ਬਣਾਈ ਗਈ।

ਇਸ ਧਰਮਸ਼ਾਲਾ ਦੀ ਅੰਦਰੋਂ ਸੁੰਦਰ ਚਿੱਤਰਕਾਰੀ ਕਰਨ ਲਈ ਨਿਪੁੰਨ ਕਾਰੀਗਰ ਬੁਲਾਏ ਗਏ। ਇਨ੍ਹਾਂ ਕਾਰੀਗਰਾਂ ਨੇ ਪੂਰੇ ਸ਼ੌਕ ਨਾਲ ਸ਼ਿਲਪ-ਕਲਾ ਨਾਲ ਇਸ ਦੀ ਬਾਹਰੀ ਦਿੱਖ ਨੂੰ ਬਹੁਤ ਦਿਲਖਿੱਚਵੀਂ ਬਣਾ ਦਿੱਤਾ ਸੀ। ਦਿਆਰ ਦੀ ਉਚ ਕੋਟੀ ਦੀ ਅਤੇ ਸੁਗੰਧੀਆਂ ਦੇਣ ਵਾਲੀ ਲੱਕੜ ਵਰਤੀ ਗਈ ਸੀ।

ਖੂਬਸੂਰਤ ਮਕਾਨ ਬਣਵਾਏ ਗਏ। ਲੋਕਾਂ ਦੀਆਂ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੁਕਾਨਾਂ ਖੁਲ੍ਹਵਾਈਆਂ ਗਈਆਂ। ਹਰ ਕਿਸਮ ਦੇ ਲੋਕ ਇੱਥੇ ਵੱਸਣ ਲੱਗੇ। ਸਹਿਜੇ-ਸਹਿਜੇ ਇੱਥੇ ਇੱਕ ਸੁੰਦਰ ਨਗਰ ਵੱਸ ਗਿਆ, ਪਰ ਇੱਥੇ ਗੁਰੂ ਸਾਹਿਬ ਜ਼ਿਆਦਾ ਸਮਾਂ ਨਾ ਰਹੇ। ਪੂਰਬੀ ਭਾਰਤ ਦੀਆਂ ਸਿੱਖ ਸੰਗਤਾਂ ਲੰਮੇ ਸਮੇਂ ਤੋਂ ਗੁਰੂ ਸਾਹਿਬਾਨ ਦੇ ਦਰਸ਼ਨਾਂ ਤੋਂ ਵਾਂਝੀਆਂ ਰਹਿ ਰਹੀਆਂ ਸਨ। ਜਿਸ ਸਮੇਂ ਗੁਰੂ ਜੀ ਕੀਰਤਪੁਰ ਸਾਹਿਬ ਹੀ ਰਹਿ ਰਹੇ ਸਨ ਤਾਂ ਪੂਰਬ ਤੋਂ ਸਿੱਖ ਸੰਗਤਾਂ ਦਾ ਦਸਵੰਧ ਲੈ ਕੇ ਆਏ ਕੁਝ ਮੁਖੀ ਸਿੱਖਾਂ ਨੇ ਗੁਰੂ ਜੀ ਨੂੰ ਪੂਰਬੀ ਭਾਰਤ ਦੀ ਯਾਤਰਾ ’ਤੇ ਆਉਣ ਲਈ ਬੇਨਤੀ ਕੀਤੀ। ਇਹ ਯਾਤਰਾ ਕਾਫੀ ਲੰਮੇਰੀ ਸੀ। ਗੁਰੂ ਜੀ ਨਵੰਬਰ 1665 ਈ. ਨੂੰ ਚੱਕ ਨਾਨਕੀ ਤੋਂ ਰਵਾਨਾ ਹੋਏ ਅਤੇ ਸਾਰੀ ਯਾਤਰਾ ਸੰਪੂਰਨ ਕਰਕੇ 29 ਮਾਰਚ 1672 ਈ. ਨੂੰ ਵਾਪਸ ਚੱਕ ਨਾਨਕੀ ਪਹੁੰਚੇ।

ਗੁਰੂ ਸਾਹਿਬ ਥੋੜ੍ਹਾ ਸਮਾਂ ਚੱਕ ਨਾਨਕੀ ਰੁਕਣ ਪਿੱਛੋਂ ਮੁੜ ਬਾਂਗਰ ਅਤੇ ਮਾਲਵਾ ਦੇਸ਼ ਦੇ ਇਲਾਕਿਆਂ ਦੇ ਦੌਰੇ ’ਤੇ ਰਵਾਨਾ ਹੋ ਗਏ। ਇਹ ਯਾਤਰਾ ਤਕਰੀਬਨ 1675 ਈ. ਦੇ ਮੱਧ ਵਿੱਚ ਖਤਮ ਹੋਈ ਅਤੇ ਗੁਰੂ ਸਾਹਿਬ ਵਾਪਸ ਚੱਕ ਨਾਨਕੀ ਪਹੁੰਚੇ। ਇਸ ਸਮੇਂ ਦੀ ਹਕੂਮਤ ਨੇ ਬੜੀ ਸਖਤ ਕਿਸਮ ਦਾ ਦੌਰ ਚਲਾਇਆ ਹੋਇਆ ਸੀ। ਕਸ਼ਮੀਰ ਵਿੱਚ ਜਿੰਨੀ ਵੀ ਹਿੰਦੂ ਅਬਾਦੀ ਸੀ, ਉਹ ਜ਼ਿਆਦਾ ਬ੍ਰਾਹਮਣ ਜਾਤੀ ਦੇ ਲੋਕਾਂ ਦੀ ਹੀ ਸੀ। ਇਨ੍ਹਾਂ ਬ੍ਰਾਹਮਣਾਂ ਨੂੰ ਤਿਲਕ, ਜੰਞੂ ਆਦਿ ਕੋਈ ਵੀ ਧਾਰਮਿਕ ਚਿੰਨ੍ਹ ਧਾਰਨ ਕਰਨ ਦੀ ਆਜ਼ਾਦੀ ਨਹੀਂ ਸੀ। ਕਸ਼ਮੀਰ ਦੇ ਗਵਰਨਰ ਨੇ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਅਨੁਸਾਰ ਇਨ੍ਹਾਂ ਪੰਡਿਤਾਂ ਨੂੰ ਕਤਲ ਕਰਾਉਣਾ ਸ਼ੁਰੂ ਕਰ ਦਿੱਤਾ ਸੀ, ਕਿਉਂਕਿ ਹਕੂਮਤ ਇਸ ਗੱਲੋਂ ਖਫਾ ਸੀ ਕਿ ਇਹ ਬ੍ਰਾਹਮਣ ਇਸਲਾਮ ਦੀ ਥਾਂ ਸਿੱਖ ਧਰਮ ਵੱਲ ਕਿਉਂ ਰੁਚਿਤ ਹੋ ਰਹੇ ਹਨ! ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਵਿੱਚ ਇਨ੍ਹਾਂ ਬ੍ਰਾਹਮਣਾਂ ਨੇ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਗੁਰੂ ਤੇਗ ਬਹਾਦਰ ਜੀ ਅੱਗੇ ਧਰਮ ਦੀ ਰੱਖਿਆ ਲਈ ਫਰਿਆਦ ਕੀਤੀ। ਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ, ਦਰਬਾਰ ਵਿੱਚ ਗੁਰੂ ਜੀ ਬ੍ਰਾਹਮਣ ਵਫਦ ਨਾਲ ਵਿਚਾਰ-ਵਟਾਂਦਰਾ ਕਰ ਰਹੇ ਸਨ ਤਾਂ ਬਾਲ ਗੋਬਿੰਦ ਜੀ ਵੀ ਉਥੇ ਆ ਗਏ। ਸਾਰੇ ਦਰਬਾਰ ਵਿੱਚ ਗੰਭੀਰ ਕਿਸਮ ਦੀ ਖਾਮੋਸ਼ੀ ਵੇਖ ਕੇ ਬਾਲ ਗੋਬਿੰਦ ਜੀ ਨੇ ਗੁਰੂ ਪਿਤਾ ਪਾਸੋਂ ਇਸਦਾ ਕਾਰਨ ਪੁੱਛਿਆ। ਗੁਰੂ ਜੀ ਨੇ ਕਿਹਾ ਕਿ ਇਹ ਸਭ ਕੁਝ ਦੇਸ਼ ਵਿੱਚ ਹੋ ਰਹੇ ਜ਼ੁਲਮ ਕਰਕੇ ਹੈ। ਇਹ ਜ਼ੁਲਮ ਉਦੋਂ ਤੀਕ ਖਤਮ ਨਹੀਂ ਹੋਵੇਗਾ, ਜਦੋਂ ਤੀਕ ਕੋਈ ਮਹਾਂਪੁਰਸ਼ ਆਪਣਾ ਬਲੀਦਾਨ ਨਹੀਂ ਦੇਵੇਗਾ। ਬਾਲ ਗੋਬਿੰਦ ਜੀ ਨੇ ਝੱਟ ਹੀ ਕਹਿ ਦਿੱਤਾ ਕਿ ਆਪ ਜੀ ਤੋਂ ਵੱਡਾ ਮਹਾਂਪੁਰਸ਼ ਕੌਣ ਹੈ? ਗੁਰੂ ਜੀ ਲਈ ਬਾਲ ਗੋਬਿੰਦ ਦਾ ਇਹ ਸੰਕੇਤ ਕਾਫੀ ਸੀ। ਸਿੱਟੇ ਵਜੋਂ ਗੁਰੂ ਜੀ ਹਿੰਦੋਸਤਾਨ ਦੇ ਬ੍ਰਾਹਮਣਾਂ ਦੀ ਸੁਤੰਤਰਤਾ ਲਈ ਮੱਘਰ ਸੁਦੀ ਪੰਚਮੀ ਸੰਮਤ 1732 ਬਿਕ੍ਰਮੀ ਨੂੰ ਦਿੱਲੀ ਵਿਖੇ ਸ਼ਹੀਦੀ ਪ੍ਰਾਪਤ ਕਰ ਗਏ।



ਦਿੱਲੀ ਨੂੰ ਸ਼ਹਾਦਤ ਦੇਣ ਜਾਣ ਤੋਂ ਪਹਿਲਾਂ ਭਟ ਵਹੀ ਤਲੌਂਡਾ ਪਰਗਣਾ ਜੀਂਦ ਅਨੁਸਾਰ ‘ਸਾਵਨ ਪਰਬਿਸਟਾਂ ਅਠਵੇਂ ਕੇ ਦਿਹੁੰ ਗੁਰੂ ਗੋਬਿੰਦ ਦਾਸ ਜੀ ਕੋ ਗੁਰਗਦੀ ਕਾ ਟਿਕਾ ਦੇ ਕੇ ਦਿਲੀ ਦੀ ਤਰਫ ਜਾਣੇ ਕੀ ਤਿਆਰੀ ਕੀ ਸਾਥ ਦੀਵਾਨ ਸਤੀ ਦਾਸ ਮਤੀ ਦਾਸ ਰਸੋਈਆ ਬੇਟੇ ਹੀਰਾ ਨੰਦ ਛਿਬਰ ਕੇ ਦਿਆਲ ਦਾਸ ਬੇਟਾ ਮਾਈ ਦਾਸ ਕਾ ਜਲਹਾਨਾ ਬਲੌਤ ਆਇਆ।’ ਗੁਰੂ ਕੀਆਂ ਸਾਖੀਆਂ ਵਿੱਚ ਲਿਖਿਆ ਹੈ, ‘ਸੰਮਤ ਸਤਰਾਂ ਸੈ ਬਤੀਸ ਸਾਵਨ ਪਰਬਿਸਟੇ ਅਠੀਕੇ ਦਿਹੁੰ ਗੁਰੂ ਜੀ ਕਥਾ ਦਰਬਾਰ ਹੋਆ ਦੀਵਾਨ ਦਰਗਾ ਮਲ ਸੇ ਬਚਨ ਕੀਆ ਤਿਆਰੀ ਕੀਜੀਏ ਹਮੇ ਗੋਬਿੰਦ ਦਾਸ ਕੋ ਗੁਰਿਆਈ ਦੇਨੀ ਹੈ। ਸਤਿਗੁਰੂ ਸਾਹਿਬਜ਼ਾਦੇ ਕੋ ਸ਼ਸਤਰ ਬਸਤਰ ਸਜਾਈ ਅਪਨੇ ਆਸਨ ਤੇ ਲਿਆਈ ਬਿਠਾਇਆ ਦੀਵਾਨ ਦਰਗਾਹ ਮਲ ਨੇ ਗੁਰਿਆਈ ਕੀ ਸਮੱਗਰੀ ਲਿਆਈ ਸਾਹਿਬਜ਼ਾਦੇ ਕੇ ਆਗੇ ਰਾਖ ਕੇ ਮੱਥਾ ਟੇਕਾ। ਬਾਬੇ ਬੁੱਢੇ ਕੇ ਸ੍ਰੀ ਰਾਮਕੋਇਰ ਨੇ ਨੰਨ੍ਹੀ ਅਵਸਥਾ ਮੇਂ ਸ੍ਰੀ ਗੋਬਿੰਦ ਦਾਸ ਭਾਲ ਮੈਂ ਚੰਦਨ ਕਾ ਟਿਕਾ ਕੀਤਾ। ਬਚਨ ਹੋਆ ਸਿਖੋ ਆਗੇ ਸੇ ਅਸਾਂ ਕੀ ਥਾਏ ਸ੍ਰੀ ਗੋਬਿੰਦ ਦਾਸ ਜੀ ਕੋ ਗੁਰੂ ਜਾਣਨਾ ਜੋ ਜਾਣੇਗਾ ਤਿਸ ਕੀ ਘਾਲ ਥਾਏ ਪਏਗੀ।’

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ 1675 ਈ. ਤੋਂ ਲੈ ਕੇ 1684-85 ਈ. ਤਕ ਦੇ ਤਕਰੀਬਨ 9-10 ਸਾਲ ਚੱਕ ਨਾਨਕੀ ਵਿਖੇ ਰਹੇ ਸਨ। ਇੱਥੇ ਹੀ ਗੁਰੂ ਦਸਮ ਪਾਤਸ਼ਾਹ ਨੇ ਸੁਤੰਤਰਤਾ ਦਾ ਪ੍ਰਤੀਕ ਰਣਜੀਤ ਨਗਾਰਾ ਤਿਆਰ ਕਰਵਾਇਆ, ਜੋ ਰੋਜ਼ ਸਵੇਰੇ-ਸ਼ਾਮ ਵਜਾਇਆ ਜਾਣ ਲੱਗਿਆ। ਨਗਰੀ ਵਿੱਚ ਖੂਬ ਰੌਣਕਾਂ ਹੋਣ ਲੱਗੀਆਂ। ਚੜ੍ਹਦੇ ਸਾਲ 1737 ਬਿਕ੍ਰਮੀ ਵਿੱਚ ਸਭ ਸਿੱਖ ਸੰਗਤਾਂ ਦੇ ਨਾਮ ਹੁਕਮਨਾਮੇ ਲਿਖ ਕੇ ਭੇਜੇ ਗਏ ਕਿ ਜੋ ਵੀ ਗੁਰੂ ਕਾ ਸਿੱਖ ਚੰਗੀ ਪੋਥੀ, ਵਧੀਆ ਘੋੜੇ ਅਤੇ ਸ਼ਸਤਰ ਲੈ ਕੇ ਦਰਬਾਰ ਵਿੱਚ ਹਾਜ਼ਰ ਹੋਵੇਗਾ, ਉਸ ਸਿੱਖ ’ਤੇ ਗੁਰੂ ਜੀ ਦੀ ਬੜੀ ਮਿਹਰ ਹੋਵੇਗੀ। ਸੰਮਤ 1739 ਵਿਸਾਖੀ ਕਾ ਮੇਲਾ ਲੱਗਿਆ। ਸੰਗਤਾਂ ਸਭ ਪਾਸਿਓਂ ਹੁੰਮ-ਹੁਮਾ ਕੇ ਪਹੁੰਚੀਆਂ। ਇਸੀ ਸਮੇਂ ਚੱਕ ਨਾਨਕੀ ਵਿਖੇ ਅਰਬੀ ਤੇ ਫਾਰਸੀ ਦੇ ਪ੍ਰਸਿੱਧ ਵਿਦਵਾਨ ਭਾਈ ਨੰਦ ਲਾਲ ਜੀ ਗੋਆ ਆਏ, ਜਿਨ੍ਹਾਂ ਨੇ ਗੁਰੂ ਜੀ ਦੇ ਚਰਨਾਂ ਵਿੱਚ ਆਪਣੀਆਂ ਲਿਖਤਾਂ ਰੱਖੀਆਂ। ਗੁਰੂ ਜੀ ਨੂੰ ਬੰਦਗੀਨਾਮਾ ਸਭ ਤੋਂ ਚੰਗੀ ਲੱਗੀ ਤੇ ਇਸਦਾ ਨਾਮ ਜ਼ਿੰਦਗੀਨਾਮਾ ਰੱਖ ਦਿੱਤਾ ਅਤੇ ਭਾਈ ਨੰਦ ਲਾਲ ਜੀ ਗੁਰੂ ਜੀ ਦੇ ਸਿੱਖ ਬਣ ਗੁਰੂ ਜੀ ਪਾਸ ਹੀ ਰਹਿਣ ਲੱਗ ਪਏ। ਸੰਮਤ 1742 ਬਿਕ੍ਰਮੀ ਦੀ ਵਿਸਾਖੀ ’ਤੇ ਗੁਰੂ ਜੀ ਨੂੰ ਨਾਹਨ ਦੇ ਰਾਜੇ ਦਾ ਸੱਦਾ ਆਇਆ। ਇਸ ਬੇਨਤੀ ਨੂੰ ਪ੍ਰਵਾਨ ਕਰਦਿਆਂ ਗੁਰੂ ਜੀ ਨੇ ਬਿਲਾਸਪੁਰ ਰਿਆਸਤ ਨੂੰ ਛੱਡ ਕੇ ਨਾਹਨ ਰਿਆਸਤ ਵਿੱਚ ਰਹਿਣ ਦਾ ਫੈਸਲਾ ਕੀਤਾ। ਨਾਹਨ ਦਾ ਇਲਾਕਾ ਕਹਿਲੂਰ ਰਿਆਸਤ ਨਾਲੋਂ ਜ਼ਿਆਦਾ ਸੁਰੱਖਿਅਤ ਸੀ। ਇਸ ਲਈ ਗੁਰੂ ਸਾਹਿਬ 1684 ਈ. ’ਚ ਚੱਕ ਨਾਨਕੀ ਤੋਂ ਨਾਹਨ ਲਈ ਰਵਾਨਾ ਹੋਏ ਅਤੇ ਪਾਉਂਟਾ ਸਾਹਿਬ ਰਹਿਣ ਲੱਗ ਪਏ। 1688 ਈ. ਨੂੰ ਭੰਗਾਣੀ ਦੀ ਜੰਗ ਹੋਈ ਜਿਸ ਵਿੱਚ ਗੁਰੂ ਸਾਹਿਬ ਦੀ ਸ਼ਾਨਦਾਰ ਜਿੱਤ ਹੋਈ। ਇਸ ਜਿੱਤ ਤੋਂ ਤੁਰੰਤ ਪਿੱਛੋਂ ਹੀ ਗੁਰੂ ਸਾਹਿਬ ਚੱਕ ਨਾਨਕੀ ਆ ਗਏ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਪਰਤ ਆਉਣ ’ਤੇ ਇਸ ਨਗਰ ਦੀ ਨਵੇਂ ਸਿਰੇ ਤੋਂ ਸਥਾਪਨਾ ਕਰਨੀ ਸ਼ੁਰੂ ਕਰ ਦਿੱਤੀ। ਇਸੇ ਸਾਲ ਗੁਰੂ ਸਾਹਿਬ ਨੇ ਚੰਗੇ-ਚੰਗੇ ਕਾਰੀਗਰ ਬੁਲਾ ਕੇ ਸ਼ਸਤਰਾਂ ਦਾ ਕਾਰਖਾਨਾ ਸਥਾਪਿਤ ਕੀਤਾ। ਬੰਦੂਕਾਂ, ਜੰਮੂਰੇ ਬਹੁਤ ਢਲਵਾਏ। ਅਨੇਕਾਂ ਪ੍ਰਕਾਰ ਦੇ ਤੀਰ ਜਮ੍ਹਾਂ ਕਰ ਲਏ। ਸੰਜੋਏ ਫੌਲਾਦੀ, ਚਿਰਾਨੇ, ਸ਼ੇਰ ਪੰਜੇ, ਤਲਵਾਰਾਂ, ਕਟਾਰ ਆਦਿ ਬਹੁਤ ਬਣਵਾਏ। 7 ਤੋਪਾਂ ਢਲਵਾਈਆਂ, ਜਿਨ੍ਹਾਂ ਵਿੱਚੋਂ ਹੁਣ ਵੀ 2 ਤੋਪਾਂ ਲਾਹੌਰ ਦੇ ਅਜਾਇਬ ਘਰ ਵਿੱਚ ਹਨ। ਅਨੰਦਗੜ੍ਹ ਨਾਮੀ ਜੰਗੀ ਕਿਲ੍ਹਾ ਬਣਵਾਇਆ। ਪਾਣੀ ਦੀ ਥੁੜ੍ਹ ਨੂੰ ਪੂਰਾ ਕਰਨ ਲਈ ਬਾਉਲੀ ਬਣਵਾਈ ਗਈ। ਇਹ ਬਾਉਲੀ ਅਨੰਦਗੜ੍ਹ ਕਿਲ੍ਹੇ ਦੇ ਨਾਲ ਲਗਵੀਂ ਹੈ। ਜੰਗ ਦੇ ਮੌਕੇ ’ਤੇ ਇਸ ਬਾਉਲੀ ਵਿੱਚੋਂ ਹੀ ਪਾਣੀ ਦੀ ਵਰਤੋਂ ਹੁੰਦੀ ਸੀ। ਇਸਦੇ ਨਾਲ ਹੀ ਚਾਰ ਕਿਲ੍ਹੇ ਹੋਰ ਸਥਾਪਤ ਕੀਤੇ ਗਏ। ਇਹ ਸਨ ਕਿਲ੍ਹਾ ਲੋਹਗੜ੍ਹ ਸਾਹਿਬ, ਕਿਲ੍ਹਾ ਫਤਹਿਗੜ੍ਹ ਸਾਹਿਬ, ਕਿਲ੍ਹਾ ਹੋਲਗੜ੍ਹ ਸਾਹਿਬ ਅਗੰਮਪੁਰ ਅਤੇ ਕਿਲ੍ਹਾ ਤਾਰਾਗੜ੍ਹ ਸਾਹਿਬ ਤਾਰਾਪੁਰ।

1699 ਈ. ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ ਗਈ, ਜਿਸ ਅਸਥਾਨ ’ਤੇ ਇਸ ਸਮੇਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ਼ੋਭਾ ਦੇ ਰਿਹਾ ਹੈ। ਇੱਥੇ ਸਿੱਖ ਸੰਗਤਾਂ ਦਾ ਇੱਕ ਵਿਸ਼ਾਲ ਇਕੱਠ ਕੀਤਾ ਗਿਆ, ਜਿਸ ਵਿੱਚੋਂ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। ਅੰਮ੍ਰਿਤ ਤਿਆਰ ਕਰਕੇ ਪਹਿਲਾਂ ਪੰਜ ਪਿਆਰਿਆਂ ਨੂੰ ਛਕਾਇਆ ਗਿਆ ਸੀ, ਫਿਰ ਪੰਜ ਪਿਆਰਿਆਂ- ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਪਾਸੋਂ ਗੁਰੂ ਸਾਹਿਬ ਨੇ ਖੁਦ ਅੰਮ੍ਰਿਤ ਛਕਿਆ। ਪਿੱਛੋਂ ਸਭ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸਜਾਇਆ ਗਿਆ ਅਤੇ ਮਸੰਦਾਂ ਦੀ ਪ੍ਰਥਾ ਤੇ ਸੰਸਥਾ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ।

ਅਗਸਤ 1700 ਈ. ਵਿੱਚ ਕਹਿਲੂਰ ਦੇ ਰਾਜੇ ਨੇ ਹੋਰ ਰਾਜਿਆਂ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਨੂੰ ਆ ਘੇਰਿਆ। ਅੱਗੋਂ ਗੁਰੂ ਸਾਹਿਬ ਦੀ ਅਗਵਾਈ ਹੇਠ ਖਾਲਸੇ ਨੇ ਪੂਰਾ ਡਟ ਕੇ ਮੁਕਾਬਲਾ ਕੀਤਾ। ਇਸ ਤਰ੍ਹਾਂ ਪੂਰੀ ਬਹਾਦਰੀ ਨਾਲ ਮੁਕਾਬਲਾ ਹੋਣ ਕਰਕੇ ਪਹਾੜੀ ਰਾਜੇ ਇੱਕ ਅਜੀਬ ਸ਼ਸ਼ੋਪੰਜ ਵਿੱਚ ਪੈ ਗਏ ਸਨ। ਉਹ ਨਾ ਤਾਂ ਘੇਰਾ ਚੁੱਕ ਸਕਦੇ ਸਨ ਅਤੇ ਨਾ ਹੀ ਘੇਰਾ ਹੋਰ ਲੰਮਾ ਕਰ ਸਕਦੇ ਸਨ। ਅਖੀਰ ਉਨ੍ਹਾਂ ਨੇ ਆਪਣੇ ਧਰਮ ਦੀਆਂ ਸਹੁੰਆਂ ਖਾ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਜੇਕਰ ਉਹ ਅਨੰਦਪੁਰ ਸਾਹਿਬ ਨੂੰ ਖਾਲੀ ਕਰ ਦੇਣ ਤਾਂ ਉਹ ਕੋਈ ਲੜਾਈ ਨਹੀਂ ਕਰਨਗੇ। ਗੁਰੂ ਸਾਹਿਬ ਪਹਾੜੀ ਰਾਜਿਆਂ ਦੀਆਂ ਕਸਮਾਂ ‘ਤੇ ਯਕੀਨ ਕਰਕੇ ਅਨੰਦਪੁਰ ਸਾਹਿਬ ਨੂੰ ਖਾਲੀ ਕਰਕੇ 8 ਅਕਤੂਬਰ 1700 ਈ. ਨੂੰ ਨਿਰਮੋਹਗੜ੍ਹ ਚਲੇ ਗਏ; ਪਰ ਦੁਸ਼ਮਣ ਨੇ ਆਪਣੀਆਂ ਕਸਮਾਂ ਤੋੜ ਕੇ ਗੁਰੂ ਜੀ ’ਤੇ ਹਮਲਾ ਕਰ ਦਿੱਤਾ। ਸਿੰਘਾਂ ਨੇ ਇਸ ਹਮਲੇ ਨੂੰ ਪੂਰੀ ਤਰ੍ਹਾਂ ਪਛਾੜ ਦਿੱਤਾ। ਕਹਿਲੂਰ ਦੇ ਰਾਜੇ ਵੱਲੋਂ ਸਰਹਿੰਦ ਦੇ ਨਵਾਬ ਤੋਂ ਸਹਾਇਤਾ ਲੈ ਕੇ ਗੁਰੂ ਜੀ ’ਤੇ ਕੀਤਾ ਹਮਲਾ ਵੀ ਸਿੰਘਾਂ ਵੱਲੋਂ ਪਛਾੜ ਦਿੱਤਾ ਗਿਆ। ਇਸ ਤਰ੍ਹਾਂ ਨਿਰਮੋਹਗੜ੍ਹ ਅਤੇ ਇਸ ਦੇ ਇਰਦ-ਗਿਰਦ ਹੋਏ ਯੁੱਧਾਂ ਨੂੰ ਪਛਾੜ ਕੇ ਗੁਰੂ ਜੀ ਬਿਭੌਰ ਚਲੇ ਗਏ।

5-6 ਦਸੰਬਰ 1704 ਈ. ਨੂੰ ਗੁਰੂ ਜੀ ਨੇ ਅਨੰਦਪੁਰ ਸਾਹਿਬ ਨੂੰ ਖਾਲੀ ਕਰਕੇ ਮਾਲਵੇ ਵੱਲ ਜਾਣ ਦੀ ਤਿਆਰੀ ਕਰ ਲਈ। ਖਾਲਸਾਈ ਲਸ਼ਕਰ ਗੁਰੂ ਜੀ ਦੀ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਕਮਾਂਡ ਹੇਠ ਦੁਸ਼ਮਣ ਦੀਆਂ ਸਫ਼ਾਂ ਨੂੰ ਚੀਰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਤੋਂ ਰਵਾਨਾ ਹੋ ਗਿਆ। ਇਸ ਰਵਾਨਗੀ ਵਿੱਚ ਦੁਸ਼ਮਣ ਨਾਲ ਖੂਨ-ਡੋਲਵੀਂ ਲੜਾਈ ਹੁੰਦੀ ਰਹੀ। ਸਰਸਾ ਨਦੀ ਦੇ ਕੰਢੇ ’ਤੇ ਦੁਸ਼ਮਣ ਅਤੇ ਸਿੰਘਾਂ ਵਿਚਕਾਰ ਅਸਾਵੀਂ ਤੇ ਘਮਸਾਨ ਦੀ ਜੰਗ ਹੋਈ। ਇੱਥੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਕਮਾਂਡ ਹੇਠ ਸਿੰਘਾਂ ਨੇ ਉਦੋਂ ਤਕ ਦੁਸ਼ਮਣ ਨੂੰ ਰੋਕੀ ਰੱਖਿਆ, ਜਦੋਂ ਤਕ ਗੁਰੂ ਸਾਹਿਬ ਅਤੇ ਉਨ੍ਹਾਂ ਦਾ ਪਰਿਵਾਰ ਤੇ ਸਿੰਘ ਸਰਸਾ ਨੂੰ ਪਾਰ ਨਾ ਕਰ ਗਏ। ਸਰਸਾ ਨਦੀ ਪਾਰ ਕਰਨ ਸਮੇਂ ਗੁਰੂ ਜੀ ਦਾ ਸਾਰਾ ਪਰਿਵਾਰ ਮੁੱਖ ਲਸ਼ਕਰ ਨਾਲੋਂ ਵਿਛੜ ਗਿਆ।

ਕਹਾਣੀ

ਮਨਮੋਹਨ ਸਿੰਘ ਦਾਊਂ
ਫੋਨ: +91-9815123900



# ਗੰਡਾਸੀ ਵਾਲਾ ਮੋਢਾ



**ਜਦੋਂ ਹਾਲਾਤ ਬਦਤਰ ਹੋ ਜਾਣ ਤਾਂ ਕਈ ਵਾਰ ਚੰਗਾ ਭਲਾ ਬੰਦਾ ਵੀ ਸਖਤ ਮਿਜਾਜ਼ ਬਣ ਜਾਂਦਾ ਹੈ, ਪਰ ਸੱਚਾਈ ਇਹ ਵੀ ਹੈ ਕਿ ਜਿਨ੍ਹਾਂ ਦੇ ਅੰਦਰ ਚੰਗਿਆਈ ਪੁੰਗਰੀ ਹੁੰਦੀ ਹੈ, ਉਸ ਨੇ ਮਾੜੇ ਹਾਲਾਤ ਵਿੱਚ ਵੀ ਵਧਦੇ-ਫੁਲਦੇ ਰਹਿਣਾ ਹੈ। ਇੱਕ ਵਾਰ ਕਿਸੇ ਨੇ ਗੱਲ ਸਾਂਝੀ ਕੀਤੀ ਸੀ ਕਿ ਕੁਝ ਲੋਕ ਦੇਖਣ ਨੂੰ ਤਾਂ ਬੜੇ ਕੱਬੇ ਤੇ ਅੜਬੀ ਲੱਗਦੇ ਹੁੰਦੇ ਹਨ, ਪਰ ਜਦੋਂ ਪਰਖੀਏ ਤਾਂ ਉਨ੍ਹਾਂ ਅੰਦਰ ਧੜਕਦਾ ਦਿਲ ਬੜਾ ਹੀ ਨਰਮ ਹੁੰਦਾ ਹੈ ਅਤੇ ਜਦੋਂ ਉਨ੍ਹਾਂ ਨਾਲ ਗੱਲਬਾਤ ਕਰੋ ਤਾਂ ਬਹੁਤ ਹੀ ਨਿੱਘਾ ਸੁਭਾਅ ਹੁੰਦਾ ਹੈ। ਇਸ ਕਹਾਣੀ ਵਿਚਲੇ ਪਾਤਰ ਨੇ ਸੁਰੱਖਿਆ ਦੇ ਮੱਦੇਨਜ਼ਰ ਬੇਸ਼ਕ ਮੋਢੇ ‘ਤੇ ਗੰਡਾਸੀ ਟਿਕਾ ਲਈ, ਪਰ ਉਸ ਦੇ ਸੁਭਾਅ ਵਿਚਲੀ ਕੋਮਲਤਾ ਕਾਇਮ ਰਹਿੰਦੀ ਹੈ।**



ਸਤੀਸ਼ ਗੁਜਰਾਲ ਦਾ ਇੱਕ ਚਿੱਤਰ

ਅੱਜ ਕਮਾਲੀ ਪਿੰਡ ’ਤੇ ਕਹਿਰ ਦਾ ਤੀਜਾ ਦਿਨ ਸੀ। ਆਲੇ-ਦੁਆਲੇ ਦੇ ਕੁਝ ਪਿੰਡਾਂ ਦੇ ਜਨੂੰਨੀ ਬੰਦਿਆਂ ਨੇ ਮੁੜ ਪਿੰਡ ਨੂੰ ਘੇਰ ਲਿਆ ਸੀ। ਤਲਵਾਰਾਂ, ਗੰਡਾਸਿਆਂ, ਬਰਛੇ, ਨੇਜ਼ੇ, ਸਫ਼ਾਜੰਗ ਤੇ ਟਕੂਏ ਹੱਥਾਂ ’ਚ ਲਿਸ਼ਕ ਰਹੇ ਸਨ। ਹਾ-ਹੋ ਤੇ ਜੈਕਾਰੇ ਛੱਡੇ ਜਾ ਰਹੇ ਸਨ। ਹਵਾਵਾਂ ’ਚ ਜ਼ਹਿਰ ਘੁਲ ਗਿਆ ਸੀ। ਬੰਦਿਆਂ ਨੂੰ ਵੱਢਣਾ ਬਹਾਦਰੀ ਬਣ ਗਈ ਸੀ। ਲੁੱਟਾਂ-ਖੋਹਾਂ ਦਾ ਦੌਰ ਪੂਰੇ ਜ਼ੋਰਾਂ ’ਤੇ ਸੀ। ਘਰਾਂ ਨੂੰ ਫੂਕਿਆ ਜਾ ਰਿਹਾ ਸੀ। ਜਿਸ ਦੇ ਹੱਥ ਜੋ ਵੀ ਆਉਂਦਾ, ਚੁੱਕ ਲਿਆ ਜਾਂਦਾ। ਚੋਰੀ ਕਰਨ ਦੇ ਅਰਥ ਹੀ ਬਦਲ ਗਏ ਸਨ। ਕੋਈ ਕਿਸੇ ਨੂੰ ਪੁੱਛਣ ਵਾਲਾ ਹੀ ਨਹੀਂ ਸੀ। ਚਾਰੇ ਪਾਸੇ ਸਹਿਮ ਦਾ ਮਾਹੌਲ ਸੀ। ਕਈ ਪਿੰਡਾਂ ਦੇ ਲੋਕਾਂ ਨੇ ਜ਼ਿੰਮੇਵਾਰੀ ਸਿਰ ਲੈਂਦਿਆਂ ਮੁਸਲਮਾਨ ਵਾਸੀਆਂ ਨੂੰ ਸਰਹਿੰਦ ਤੇ ਕੁਰਾਲੀ ਦੇ ਕੈਂਪਾਂ ’ਚ ਬੜੀ ਸੁਰੱਖਿਅਤਾ ਨਾਲ ਪੁਜਾ ਵੀ ਦਿੱਤਾ ਸੀ, ਪਰ ਏਦਾਂ ਦਾ ਜਿਗਰਾ ਰੱਖਣ ਵਾਲਿਆਂ ਨੂੰ ਕੈਰੀ ਅੱਖ ਨਾਲ ਵੇਖਿਆ ਜਾਂਦਾ ਸੀ। ਕੋਈ ਬਜ਼ੁਰਗ ਧੀਮੀ ਆਵਾਜ਼ ’ਚ ਹਾਅ ਦਾ ਨਾਅਰਾ ਮਾਰਦਾ- “ਇਹ ਆਪਣੇ ਹੀ ਨੇ, ਇਨ੍ਹਾਂ ਦਾ ਕੀ ਕਸੂਰ, ਪਿੰਡ ਦੀ ਇੱਜ਼ਤ ਨੂੰ ਰੋਲਣਾ ਚੰਗਾ ਨਹੀਂ। ਇਹ ਮਾੜਾ ਸਮਾਂ ਆਵੇਗਾ, ਅਸੀਂ ਸੋਚਿਆ ਨਹੀਂ ਸੀ। ਕਰੀਏ ਤਾਂ ਕੀ ਕਰੀਏ। ਪਰਮਾਤਮਾ ਦਾ ਭਾਣਾ...।”

ਖ਼ਬਰਾਂ ਫੈਲ ਰਹੀਆਂ ਸਨ ਕਿ ਉਧਰੋਂ (ਪਾਕਿਸਤਾਨੋਂ) ਰੇਲ ਗੱਡੀਆਂ ’ਚ ਲੋਥਾਂ ਆ ਰਹੀਆਂ ਹਨ। ਜਨੂੰਨੀ ਬੰਦਿਆਂ ਦੇ ਇੱਕ ਮੋਹਰੀ ਨੇ ਕਮਾਲੀ ਪਿੰਡ ਦੇ ਮੁਸਲਮਾਨਾਂ ਨੂੰ ਬਾਹਰ ਖੁੱਲ੍ਹੀ ਥਾਂ ’ਚ ਕੱਢ ਕੇ ਭਰੋਸਾ ਦਿੱਤਾ ਕਿ ਤੁਹਾਨੂੰ ਕੁਰਾਲੀ ਕੈਂਪ ’ਚ ਛੱਡਣ ਜਾਣਾ। ਕਿਸੇ ਕੋਲ ਕੋਈ ਹਥਿਆਰ ਨਾ ਹੋਵੇ। ਹੱਥ ਉਪਰ ਨੂੰ ਕਰੋ। ਬੱਸ ਮਿੰਟਾਂ ’ਚ ਹੀ ਉਸ ਨੇ ਤੇ ਉਸ ਦੇ ਦੋ-ਤਿੰਨ ਸਾਥੀਆਂ ਨੇ ਖੜੋਤੇ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬੁੱਢੇ, ਬੱਚੇ, ਔਰਤਾਂ ਤੇ ਮਰਦਾਂ ਦੀਆਂ ਲਾਸ਼ਾਂ ਧਰਤੀ ’ਤੇ ਵਿੱਛ ਗਈਆਂ। ਕਈ ਔਰਤਾਂ ਨੂੰ ਨੰਗੇ ਹੋਣ ਲਈ ਹੁਕਮ ਕੀਤਾ ਗਿਆ। ਕਈ ਔਰਤਾਂ ਤੋਂ ਇਹ ਪਾਪ ਵੇਖ ਨਾ ਹੋਇਆ ਤੇ ਭੱਜ ਕੇ ਨੇੜੇ ਦੇ ਖੂਹ ’ਚ ਛਾਲਾਂ ਮਾਰ ਦਿੱਤੀਆਂ। ਕਈਆਂ ਨੂੰ ਘੜੀਸ ਕੇ ਦਰਿੰਦੇ ਅਗਵਾ ਕਰ ਕੇ ਲੈ ਗਏ। ਬਰਸਾਤ ਦਾ ਮੌਸਮ ਸੀ। ਆਲੇ-ਦੁਆਲੇ ਚਰੀ ਤੇ ਮੱਕੀ ਦੀਆਂ ਫ਼ਸਲਾਂ ਲਹਿ-ਲਹਾ ਰਹੀਆਂ ਸਨ। ਕਿੱਥੇ ਕੁਦਰਤ ਦੀ ਹਰਿਆਲੀ ਤੇ ਕਿੱਥੇ ਆਦਮੀ ਦੀ ਖ਼ੂਨੀ ਹੋਲੀ। ਇਹ ਵਰਤਾਰਾ ਕੂਕਾਂ, ਚੀਕਾਂ, ਹਾਲ-ਦੁਹਾਈ ਤੇ ਰੋਣ-ਪਿੱਟਣ ਵਾਲਾ ਸੀ। ਇਸ ਕਹਿਰ ਨੂੰ ਪਿੰਡ ਦੀ ਮਿੱਟੀ ਕਿਵੇਂ ਕਬੂਲ ਕਰਦੀ। ਮਿੱਟੀ ਤਾਂ ਸਿਰਜਣਹਾਰ ਹੁੰਦੀ ਹੈ। ਸਭ ਲਈ ਭਲਾ ਲੋੜਦੀ ਤੇ ਸਭ ਲਈ ਦਾਨੀ ਹੁੰਦੀ ਹੈ, ਪਰ ਇਹ ਸਮਾਂ ਟਲਣ ’ਚ ਨਹੀਂ ਸੀ ਆ ਰਿਹਾ। ਜੋ ਕੁਝ ਪਲ ਪਹਿਲਾਂ ਜ਼ਿੰਦਾ ਸਨ, ਉਹ ਦੂਜੇ ਪਲ ਮੌਤ ਦੀ ਢੇਰੀ ਬਣ ਗਏ ਸਨ ਤੇ ਦਰਿੰਦੇ ਰੌਲਾ ਪਾਉਂਦੇ ਜਿੱਤ ਦੇ ਨਾਅਰੇ ਲਾਉਂਦੇ ਭੱਜ ਗਏ ਸਨ। ਆਥਣ ਵੇਲਾ ਹੋ ਗਿਆ ਸੀ। ਸੂਰਜ ਵੀ ਲਾਲੀ ਛੱਡਦਾ ਹੋਇਆ ਡੁੱਬ ਰਿਹਾ ਸੀ।

ਨੇੜੇ ਦੇ ਪਿੰਡ ਰੁਪਾਲਹੇੜੀ ਦਾ ਕਰਮ ਸਿੰਘ ਮੋਢੇ ’ਤੇ ਗੰਡਾਸੀ ਧਰ ਕੇ ਆਪਣੇ ਖੇਤਾਂ ’ਚ ਘੁੰਮਣ ਗਿਆ। ਉਸ ਸਮੇਂ ਹਰ ਕੋਈ ਬਾਹਰ ਜਾਣ ਸਮੇਂ ਹਥਿਆਰ ਲੈ ਕੇ ਜ਼ਰੂਰ ਜਾਂਦਾ, ਆਪਣੀ ਸੁਰੱਖਿਆ ਲਈ। ਕੀ ਪਤਾ ਕੌਣ ਦੁਸ਼ਮਣ ਬਣ ਜਾਵੇ! ਇਹ ਹੌਸਲਾ ਵੀ ਹਰ ਕਿਸੇ ’ਚ ਨਹੀਂ ਸੀ। ਕਰਮ ਸਿੰਘ ਇਸ ਕਹਿਰ ਕਾਰਨ ਅੰਦਰੋਂ ਬਹੁਤ ਪ੍ਰੇਸ਼ਾਨ ਸੀ। ਬੜਾ ਕੁਝ ਉਸ ਨੂੰ ਬੇਚੈਨ ਕਰਦਾ। ਆਪਣੀ ਘਰਵਾਲੀ ਨਾਲ ਮੁਸਲਮਾਨ ਔਰਤਾਂ ਦੀ ਬੇਪਤੀ ਦੀਆਂ ਗੱਲਾਂ ਵੀ ਸਾਂਝੀਆਂ ਕਰਦਾ। “ਰੱਬ ਖੈਰ ਕਰੇ, ਇਹ ਦਿਨ ਛੇਤੀ ਲੰਘ ਜਾਣ।” ਉਸ ਦੀ ਘਰਵਾਲੀ ਡੂੰਘਾ ਸਾਹ ਲੈਂਦੀ ਆਖਦੀ।

ਸ਼ਾਮ ਹੋ ਰਹੀ ਸੀ। ਕਰਮ ਸਿੰਘ ਚਰੀ ਤੇ ਮੱਕੀ ਦੀਆਂ ਫ਼ਸਲਾਂ ਨੂੰ ਨਿਹਾਰ ਰਿਹਾ ਸੀ। ਇੱਕ ਖੇਤ ਦੇ ਬੰਨੇ ਉਹ ਖੜੋ ਗਿਆ। ਚਰੀ ਦਾ ਸੰਘਣਾ ਖੇਤ ਉਸ ਨੂੰ ਕੋਠੇ ਜਿੱਡਾ ਲੱਗਿਆ। ਖੇਤ ’ਚੋਂ ਘੁਸਰ-ਮੁਸਰ ਦੀ ਆਵਾਜ਼ ਆਈ। ਉਸ ਸੋਚਿਆ ਕੋਈ ਜਾਨਵਰ ਹੋਵੇਗਾ। ਕੁਝ ਦੇਰ ਉਹ ਸੋਚਦਾ ਰਿਹਾ। ਡਰ ਸੀ ਕਿ ਕੋਈ ਲੁਕਿਆ ਦੁਸ਼ਮਣ ਹੀ ਨਾ ਹੋਵੇ। ਇਕੱਲਾ ਹਾਂ, ਹਮਲਾ ਨਾ ਹੋ ਜਾਵੇ। ਉਸ ਨੇ ਆਪਣੀ ਗੰਡਾਸੀ ਦੀ ਪਕੜ ਨੂੰ ਥੋੜ੍ਹਾ ਮਜ਼ਬੂਤ ਕੀਤਾ। ਹੌਸਲਾ ਕਰ ਕੇ ਚਰੀ ਦੇ ਖੇਤ ’ਚ ਵੜ ਗਿਆ। ਹੋਰ ਅੱਗੇ ਗਿਆ। ਉਸ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਦੋ ਮੁਸਲਮਾਨ ਕੁੜੀਆਂ ਆਪਸ ’ਚ ਗਲਵਕੜੀ ਪਾਈ, ਡਰ ਦੀਆਂ ਮਾਰੀਆਂ ਸਹਿਕ ਰਹੀਆਂ ਸਨ। ਗੰਡਾਸੀ ਮੋਢੇ ਧਰੀ ਵੇਖ ਕੇ ਤਾਂ ਜਿਵੇਂ ਪ੍ਰਾਣ ਤਿਆਗਣ ਵਾਲੀਆਂ ਹੋ ਗਈਆਂ। ਉਨ੍ਹਾਂ ਦੀ ਹਾਲਤ ਬਹੁਤ ਤਰਸ ਵਾਲੀ ਸੀ। ਕਰਮ ਸਿੰਘ ਨੇ ਮਾਨਵੀ ਨਜ਼ਰ ਨਾਲ ਕੁੜੀਆਂ ਦੀ ਹਾਲਤ ਨੂੰ ਸਮਝ ਲਿਆ। ਕਤਲੋਗਾਰਤ ਤੋਂ ਡਰਦੀਆਂ ਚਰੀ ’ਚ ਪਨਾਹ ਲੈ ਕੇ ਜਾਨ ਬਚਾ ਰਹੀਆਂ ਸਨ। ਕਰਮ ਸਿੰਘ ਦੇ ਮੂੰਹੋਂ ਨਿਕਲਿਆ, “ਧੀਓ, ਮੈਂ ਤੁਹਾਨੂੰ ਮਾਰਨ ਨਹੀਂ ਆਇਆ। ਬਚਾਉਣ ਲਈ ਆਇਆ ਹਾਂ। ਤੁਸੀਂ ਘਬਰਾਓ ਨਾ। ਇਹ ਗੰਡਾਸੀ ਤਾਂ ਤੁਹਾਡੀ ਰੱਖਿਆ ਲਈ ਹੈ। ਡਰੋ ਨਾ, ਹੌਸਲਾ ਰੱਖੋ। ਤੁਸੀਂ ਮੇਰੀਆਂ ਬੱਚੀਆਂ ਹੋ। ਉਠੋ ਮੇਰੇ ਨਾਲ ਚੱਲੋ, ਮੈਂ ਤੁਹਾਨੂੰ ਆਪਣੇ ਘਰ ਰੱਖਾਂਗਾ। ਖ਼ੁਦਾ, ਤੁਹਾਡਾ ਰਖਵਾਲਾ ਹੋਵੇ।” ਇਹ ਬੋਲ ਸੁਣ ਕੇ ਕੁੜੀਆਂ ਨੂੰ ਜਿਵੇਂ ਭਰੋਸਾ ਹੋ ਗਿਆ। ਮੌਤ ਤੋਂ ਤਾਂ ਬਚ ਗਈਆਂ, ਅੱਗੇ ਕੀ...?

ਕਰਮ ਸਿੰਘ ਨੇ ਨੇੜੇ ਹਲਟ ਦੇ ਚੁਬੱਚੇ ਦੇ ਪਾਣੀ ਨਾਲ ਉਨ੍ਹਾਂ ਨੂੰ ਮੂੰਹ-ਮੱਥਾ ਧੋਣ ਲਈ ਕਿਹਾ। ਮੱਕੀ ਦੇ ਖੇਤ ’ਚੋਂ ਦੋ ਕੱਚੀਆਂ ਛੱਲੀਆਂ ਤੋੜ ਕੇ ਉਸ ਨੇ ਕੁੜੀਆਂ ਨੂੰ ਖਾਣ ਲਈ ਦਿੱਤੀਆਂ। ਆਂਦਰਾਂ ਨੂੰ ਪਾਣੀ ਪੀ ਕੇ ਤੇ ਛੱਲੀਆਂ ਖਾ ਕੇ ਆਸਰਾ ਮਿਲ ਗਿਆ, ਸਾਹ ’ਚ ਸਾਹ ਆਇਆ। ਘੁਸਮੁਸਾ ਹੋ ਰਿਹਾ ਸੀ। ਕਰਮ ਸਿੰਘ ਨੂੰ ਵਿਉਂਤ ਸੁੱਝੀ। ਉਸ ਨੇ ਆਪਣਾ ਮੋਢੇ ਵਾਲਾ ਪਰਨਾ ਪਾੜ ਕੇ ਦੋ ਹਿੱਸੇ ਕੀਤੇ ਤੇ ਕੁੜੀਆਂ ਨੂੰ ਮੁੰਡਿਆਂ ਵਾਂਗ ਸਿਰ ’ਤੇ ਮੜਾਸਾ ਮਰਵਾ ਦਿੱਤਾ ਤਾਂ ਜੋ ਰਸਤੇ ’ਚ ਕੋਈ ਖ਼ਤਰਾ ਨਾ ਮੁੱਲ ਲੈਣਾ ਪੈ ਜਾਵੇ। ਹੌਲੀ ਜਿਹੇ ਕਰਮ ਸਿੰਘ ਨੇ ਕੁੜੀਆਂ ਦੇ ਨਾਂ ਪੁੱਛੇ। ਵੱਡੀ ਸੋਲਾਂ ਕੁ ਸਾਲ ਦੀ ਬੋਲੀ ‘ਸ਼ਬੀਨਾ’। ਛੋਟੀ 14 ਕੁ ਸਾਲ ਦੀ ਨੇ ਕਿਹਾ, ਮੈਨੂੰ ‘ਸ਼ਰੀਫਨ’ ਕਹਿੰਦੇ। ਖੇਤ ਤੋਂ ਘਰ ਤੱਕ ਦਾ ਸਫ਼ਰ ਕਰਮ ਸਿੰਘ ਨੇ ਬਹੁਤ ਸਾਵਧਾਨੀ ਨਾਲ ਤੈਅ ਕੀਤਾ। ਨਾਲ-ਨਾਲ ਸੱਜੇ-ਖੱਬੇ ਵੇਖਦਿਆਂ ਉਹ ਘਰ ਪੁੱਜ ਗਏ। ਉਨ੍ਹਾਂ ਲਈ ਇਹ ਪ੍ਰੀਖਿਆ ਦਾ ਸਮਾਂ ਸੀ।

ਕਰਮ ਸਿੰਘ ਦੀ ਘਰਵਾਲੀ ਨੇ ਬਿਨਾ ਕੁਝ ਪੁੱਛਿਆਂ, ਕੁੜੀਆਂ ਨੂੰ ਅੰਦਰਲੀ ਕੋਠੜੀ ’ਚ ਆਰਾਮ ਕਰਨ ਲਈ ਸੰਭਾਲ ਲਿਆ। ਕੁੜੀਆਂ ਦੀ ਸੁੰਦਰਤਾ ’ਚ ਮਾਸੂਮੀਅਤ ਝਲਕ ਰਹੀ ਸੀ। ਰਤਨ ਕੌਰ ਬਾਲ-ਬੱਚਿਆਂ ਵਾਲੀ ਸੀ। ਮਾਂ ਦੀ ਮਮਤਾ ਵਾਂਗ ਉਸ ਨੇ ਕੁੜੀਆਂ ਨੂੰ ਧਰਾਸ ਦਿੱਤਾ। “ਬੱਚਿਓ, ਇਹ ਤੁਹਾਡੀਆਂ ਭੈਣਾਂ,” ਉਸ ਨੇ ਆਪਣੇ ਬੱਚਿਆਂ ਨਾਲ ਉਨ੍ਹਾਂ ਦੀ ਸਾਂਝ ਪੁਆਉਂਦਿਆਂ ਕਿਹਾ। ਇਹ ਅਜੀਬੋ-ਗਰੀਬ ਪਲ ਸਨ।

ਸ਼ਬੀਨਾ ਤੇ ਸ਼ਰੀਫਨ ਨੂੰ ਲੱਗਿਆ ਜਿਵੇਂ ਉਨ੍ਹਾਂ ਨੂੰ ਮਾਪੇ ਮਿਲ ਗਏ ਹੋਣ। ਅੱਗੇ ਕੀ ਹੋਵੇਗਾ, ਕਿਸੇ ਨੂੰ ਖ਼ਬਰ ਨਹੀਂ ਸੀ। ਪੁੱਛਣ ’ਤੇ ਉਨ੍ਹਾਂ ਦੱਸਿਆ ਕਿ ਅੱਬਾ ਚਰਾਗ ਦੀਨ, ਅੰਮੀ ਬਸ਼ੀਰਾਂ ਤੇ ਬੀਰਾ ਹਮੀਦ ਤਾਂ ਤੀਜੇ ਦਿਨ ਕਹਿਰ ’ਚ ਮਾਰ ਦਿੱਤੇ ਤੇ ਅਸੀਂ ਕਿਵੇਂ ਨਾ ਕਿਵੇਂ ਜਾਨ ਬਚਾਉਂਦੀਆਂ ਖੇਤਾਂ ਵੱਲ ਨੂੰ ਭੱਜ ਪਈਆਂ। ਕਈਆਂ ਨੇ ਸਾਨੂੰ ਖੂਹ ’ਚ ਛਾਲ ਮਾਰਨ ਲਈ ਵੀ ਕਿਹਾ, ਪਰ ਸਾਨੂੰ ਜਾਨ ਪਿਆਰੀ ਸੀ। ਇਹ ਘਟਨਾ ਸੁਣਦੇ-ਸੁਣਦੇ ਕਰਮ ਸਿੰਘ ਤੇ ਰਤਨ ਕੌਰ ਨੂੰ ਉਹ ਕੁੜੀਆਂ ਬਹਾਦਰ ਲੱਗੀਆਂ ਤੇ ਕਿੰਨਾ ਕੁਝ ਇਤਿਹਾਸ ’ਚੋਂ ਪੜ੍ਹਿਆ ਚੇਤੇ ਆਉਣ ਲੱਗਿਆ।

ਰਾਤ ਸੌਣ ਲਈ ਮਜਬੂਰ ਕਰ ਰਹੀ ਸੀ। ਅੰਨ-ਭੋਜਨ ਛਕਣ ਪਿੱਛੋਂ ਸਾਰਿਆਂ ਨੂੰ ਨੀਂਦ ਆ ਗਈ। ਕਰਮ ਸਿੰਘ ਨੇ ਕਈ ਦਿਨ ਕੁੜੀਆਂ ਦੀ ਭਾਫ਼ ਨਾ ਕੱਢੀ। ਰੌਲਾ-ਰੱਪਾ ਬੰਦ ਹੋ ਗਿਆ। ਤਰ੍ਹਾ-ਤਰ੍ਹਾ ਕਰਦੇ ਲੋਕ ਇਸ ਕਹਿਰ ਨੂੰ ਕੋਸਣ ਲੱਗੇ, ਪਰ ਕੁਝ ਖਰਦਿਮਾਗ਼ ਸੂਹਾਂ ਵੀ ਲੈਂਦੇ ਰਹੇ। ਕਰਮ ਸਿੰਘ ਦਾ ਪਿੰਡ ’ਚ ਚੰਗਾ ਬੋਲ-ਬਾਲਾ ਸੀ। ਉਸ ਦੇ ਕੁਨਬੇ ਦੇ ਜੀਅ ਉਸ ਦੇ ਵਿਹਾਰ ਤੋਂ ਪ੍ਰਭਾਵਿਤ ਵੀ ਸਨ। ਉਸ ਨੇ ਆਪਣੇ ਭਾਈਚਾਰੇ ਤੇ ਪਿੰਡ ਦੇ ਮੋਹਤਬਰ ਬੰਦਿਆਂ ਨੂੰ ਉਨ੍ਹਾਂ ਕੁੜੀਆਂ ਦੀ ਹੱਡ-ਬੀਤੀ ਦਾ ਦੁਖਾਂਤ ਦੱਸ ਦਿੱਤਾ। ਪਿੰਡ ’ਚ ਵੀ ਠੰਢ-ਠੇਰ ਹੋ ਗਈ। ਆਲੇ-ਦੁਆਲੇ ਦੇ ਪਿੰਡਾਂ ਦੀਆਂ ਚੰਗੀਆਂ ਤੇ ਮਾੜੀਆਂ ਖ਼ਬਰਾਂ ’ਤੇ ਵਿਚਾਰਾਂ ਵੀ ਹੁੰਦੀਆਂ। ਇਹ ਖ਼ੂਨੀ ਦੌਰ ਹੌਲੀ-ਹੌਲੀ ਮੱਠਾ ਪਿਆ।

ਘਰ ’ਚ ਸ਼ਬੀਨਾ ਤੇ ਸ਼ਰੀਫਨ ਰਚ-ਮਿਚ ਗਈਆਂ। ਸਮਾਂ ਲੰਘਦਾ ਗਿਆ। ਘਰ ਦੇ ਜੀਆਂ ਵਾਂਗ ਉਹ ਕੰਮ ਕਰਦੀਆਂ ਤੇ ਕਦੇ-ਕਦੇ ਉਦਾਸ ਹੋ ਜਾਂਦੀਆਂ, ਪਰ ਕਰਮ ਸਿੰਘ ਆਪਣਾ ਧਰਮ ਨਿਭਾਉਂਦਾ ਰਿਹਾ। ਉਹ ਸੋਚਦੀਆਂ ਅਗਲਾ ਪੈਂਡਾ ਕਿਹੋ ਜਿਹਾ ਹੋਵੇਗਾ? ਸੁਪਨੇ ਲੈਣ ਦੀ ਉਮਰ ਤਾਂ ਝਰੀਟੀ ਗਈ ਸੀ। ਮਨ ’ਚ ਬੈਠਿਆ ਖ਼ੌਫ਼ ਨਿਕਲਣਾ ਬੜਾ ਔਖਾ ਸੀ। ਕਰਮ ਸਿੰਘ ਤੇ ਰਤਨ ਕੌਰ ਲਈ ਸਾਹਮਣੇ ਚੁਣੌਤੀਆਂ ਖੜੋਤੀਆਂ ਸਨ। ਦਿਨ ਤੇ ਮਹੀਨੇ ਲੰਘਦੇ ਗਏ। ਸਰਕਾਰੀ ਹੁਕਮ ਹੋਇਆ ਕਿ ਜਿਨ੍ਹਾਂ ਦੇ ਘਰ ਮੁਸਲਮਾਨਾਂ ਦਾ ਕੋਈ ਜੀਅ ਠਹਿਰਿਆ ਹੋਇਆ, ਉਸ ਨੂੰ ਮਿਲਟਰੀ ਦੀਆਂ ਗੱਡੀਆਂ ’ਚ ਬਿਠਾ ਕੇ ਕੈਂਪਾਂ ’ਚ ਹਾਜ਼ਰ ਕੀਤਾ ਜਾਵੇਗਾ ਤੇ ਪਾਕਿਸਤਾਨ ਭੇਜ ਦਿੱਤਾ ਜਾਵੇਗਾ। ਪਿੰਡ ਵਾਲੇ ਇਸ ਦੇ ਜ਼ਿੰਮੇਵਾਰ ਹੋਣਗੇ। ਕਈ ਦਿਨਾਂ ਤੋਂ ਇਹ ਖ਼ਬਰ ਪਿੰਡ ’ਚ ਪਹੁੰਚ ਗਈ ਸੀ।

ਕਰਮ ਸਿੰਘ ਕਾਨੂੰਨਨ ਇੱਕ ਕੁੜੀ ਨੂੰ ਰੱਖ ਸਕਦਾ ਸੀ। ਉਸ ਨੇ ਆਪਣੀ ਘਰਵਾਲੀ ਨਾਲ ਸਲਾਹ ਕੀਤੀ। ਮੌਤ ਤੋਂ ਬਚਾਈਆਂ ਕੁੜੀਆਂ ਨੂੰ ਤੋਰਨਾ ਉਸ ਲਈ ਬਹੁਤ ਕਠਿਨ ਸੀ, ਕਿਉਂਕਿ ਕੁੜੀਆਂ ਨਾਲ ਮੋਹ ਹੀ ਐਨਾ ਪੈ ਗਿਆ ਸੀ। ਉਨ੍ਹਾਂ ਨੇ ਸੋਚ-ਸੋਚ ਕੇ ਇੱਕ ਫ਼ੈਸਲਾ ਕਰ ਹੀ ਲਿਆ। ਕਰਮ ਸਿੰਘ ਦਾ ਵੱਡਾ ਸਾਲਾ ਗੱਭਰੂ ਸੀ: ਹਰਜਸ ਸਿੰਘ। ਉਸ ਦੀ ਉਮਰ ਵੀ ਵੀਹ ਕੁ ਸਾਲ ਤੋਂ ਘੱਟ ਸੀ। ਸ਼ਬੀਨਾ ਦਾ ਵਿਆਹ ਕਰਨ ਦਾ ਜਿਗਰਾ ਕਰਕੇ, ਰਤਨ ਕੌਰ ਨੇ ਪਿੰਡ ਦੇ ਗੁਰਦੁਆਰੇ ਵਿਚ ਹੀ ਅਨੰਦ ਕਾਰਜ ਦੀ ਰਸਮ ਸਿਰੇ ਚੜ੍ਹਵਾ ਦਿੱਤੀ। ਸ਼ਬੀਨਾ ਹੁਣ ਸੁਰਜੀਤ ਕੌਰ ਬਣ ਗਈ ਸੀ। ਪਿੰਡ ਵਾਲਿਆਂ ਨੇ ਇਸ ਕਾਰਜ ਨੂੰ ਪਰਉਪਕਾਰ ਵਾਲਾ ਸਮਝਿਆ। ਦੋਵੇਂ ਘਰ ਵਸਣ ਦੀ ਖ਼ੁਸ਼ੀ ਮਨਾਈ ਗਈ। ਇੱਜ਼ਤ ਬਚਾਉਣੀ ਤੇ ਇੱਜ਼ਤ ਸਾਂਭਣੀ ਵੱਡਾ ਮਸਲਾ ਸੀ।

ਪਿੰਡ ’ਚ ਕੁਝ ਦਿਨ ਬਾਅਦ ਫ਼ੌਜੀ ਟਰੱਕ ਆਇਆ। ਛੋਟੀ ਕੁੜੀ ਸ਼ਰੀਫਨ ਨੂੰ ਤੋਰਨ ਦਾ ਵੇਲਾ ਆ ਗਿਆ। ਫ਼ੌਜੀ ਅਧਿਕਾਰੀਆਂ ਨੇ ਇਹ ਤਸੱਲੀ ਦਿਵਾਈ ਕਿ ਸ਼ਰੀਫਨ ਨੂੰ ਬਿਨਾ ਕਿਸੇ ਖ਼ਤਰੇ ਪਾਕਿਸਤਾਨ ਭੇਜਿਆ ਜਾਵੇਗਾ। ਹੋ ਵੀ ਕੀ ਸਕਦਾ ਸੀ! ਸਾਰਾ ਪਿੰਡ ਗ਼ਮਗੀਨ ਸੀ। ਔਰਤਾਂ ਹੰਝੂ ਵਹਾਅ ਰਹੀਆਂ ਸਨ। ਸ਼ਬੀਨਾ ਉਰਫ਼ ਸੁਰਜੀਤ ਕੌਰ ਦਾ ਆਪਣੀ ਛੋਟੀ ਭੈਣ ਤੋਂ ਵਿਛੜਨਾ ਝੱਲ ਨਹੀਂ ਸੀ ਹੋ ਰਿਹਾ। ਕਰਮ ਸਿੰਘ ਤੇ ਰਤਨ ਕੌਰ ਦੇ ਅੱਥਰੂ ਰੁਕ ਨਹੀਂ ਰਹੇ ਸਨ। ਉਨ੍ਹਾਂ ਨੇ ਸ਼ਰੀਫਨ ਨੂੰ ਪਾਲਿਆ ਸੀ, ਪਰ ਅੱਜ ਉਸ ਧੀ ਨੂੰ ਅੱਖਾਂ ਤੋਂ ਦੂਰ ਕਰਨ ਦਾ ਵੇਲਾ ਆ ਗਿਆ ਸੀ। ਉਨ੍ਹਾਂ ਨੇ ਸ਼ਰੀਫਨ ਨੂੰ ਕੁਝ ਰਕਮ, ਲੀੜੇ, ਹੱਥਾਂ-ਕੰਨਾਂ ਦੇ ਗਹਿਣੇ ਪਾ ਕੇ ਬੜੇ ਸ਼ਗਨਾਂ ਨਾਲ ਤੋਰਿਆ ਤੇ ਉਸ ਦੇ ਚੰਗੇਰੇ ਭਵਿੱਖ ਦੀ ਅਰਦਾਸ ਕੀਤੀ। ਪਿੰਡ ਦੇ ਸਾਰੇ ਹੀ ਲੋਕ ਉਦਾਸ ਸਨ। ਟਰੱਕ ਦੀ ਆਵਾਜ਼ ’ਚ ਸ਼ਰੀਫਨ ਦੇ ਹਟਕੋਰਿਆਂ ਦੀ ਆਵਾਜ਼ ਗੁੰਮ ਹੋ ਗਈ। ਧੂੜ ’ਚ ਬੜਾ ਕੁਝ ਗੁਆਚ ਗਿਆ ਸੀ। ਉਥੇ ਖੜੋਤੇ ਪਿੰਡ ਦੇ ਗ੍ਰੰਥੀ ਦੇ ਮੂੰਹੋਂ ਸ਼ਬਦ ਨਿਕਲੇ: “ਕੋਈ ਹਰਿਉ ਬੂਟ ਰਹਿਉ ਰੀ॥”

# ਵਿਸ਼ਵ ਚੋਣ ਮੇਲੇ ਦਾ ਪ੍ਰਸੰਗ

*ਸਫ਼ਾ 8 ਦੀ ਬਾਕੀ ⇒*

ਹਨ, ਜੋ ਸੱਤਾਧਾਰੀ ਪਾਰਟੀ ਲਈ ਇੱਕ ਬੇਮਿਸਾਲ ਕੂਚ ਹੈ। 14 ਸਾਲ ਵਿਰੋਧੀ ਧਿਰ ਵਿੱਚ ਰਹਿਣ ਤੋਂ ਬਾਅਦ ਲੇਬਰ ਨੂੰ ਹੁਣ ਤਬਾਹੀ ਵਿੱਚ ਵੀ ਮੌਕਾ ਨਜ਼ਰ ਆਉਣ ਲੱਗਾ ਹੈ। ਲੇਬਰ ਪਾਰਟੀ ਲੰਬੇ ਸਮੇਂ ਤੋਂ ਮਨੁੱਖੀ ਅਧਿਕਾਰਾਂ ਦੇ ਵਕੀਲ ਰਹੇ ਆਪਣੇ ਨੇਤਾ ਕੀਰ ਸਟਾਰਮਰ ਦੀ ਅਗਵਾਈ ਵਿੱਚ ਮੁੜ ਸੱਤਾ ਹਾਸਲ ਕਰਨ ਦਾ ਮੌਕਾ ਨਹੀਂ ਗੁਆਉਣਾ ਚਾਹੁੰਦੀ।

ਕੁਝ ਵਿਸ਼ਲੇਸ਼ਕ ਦਲੀਲ ਦਿੰਦੇ ਹਨ ਕਿ ਵਿਗਾੜ ਵਾਲੀਆਂ ਤਾਕਤਾਂ ਯੂ.ਐਸ. ਵਿੱਚ ਰਾਸ਼ਟਰਪਤੀ ਦੀ ਦੌੜ ਨੂੰ ਚਲਾ ਰਹੀਆਂ ਹਨ, ਜਿੱਥੇ ਤੁਲਨਾਤਮਕ ਤੌਰ ‘ਤੇ ਸਿਹਤਮੰਦ ਆਰਥਿਕਤਾ ਅਤੇ ਸੱਤਾ ਦੇ ਫਾਇਦਿਆਂ ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਨਹੀਂ ਬਖਸ਼ਿਆ ਹੈ। ਗੌਰਤਲਬ ਹੈ ਕਿ 81 ਸਾਲਾ ਜੋਅ ਬਾਇਡਨ ਨੂੰ ਸਾਬਕਾ ਰਾਸ਼ਟਰਪਤੀ ਟਰੰਪ ਦੀ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਥਿਤ ਸਮਾਜਿਕ ਤੇ ਨੈਤਿਕ ਪਾਬੰਦੀਆਂ ਨੂੰ ਤੋੜਨ ਦੇ ਦੋਸ਼ੀ ਹਨ।

ਅਮਰੀਕੀ ਰਣਨੀਤੀਕਾਰ ਫਰੈਂਕ ਲੁੰਟਜ਼ ਦਾ ਕਹਿਣਾ ਹੈ, ‘ਅਮਰੀਕੀ ਚੋਣ ਖੱਬੇ ਬਨਾਮ ਸੱਜੇ ਬਾਰੇ ਨਹੀਂ ਹੈ, ਇਹ ਸਥਿਤੀ ਬਨਾਮ ਤਬਦੀਲੀ ਬਾਰੇ ਹੈ।’ ਉਨ੍ਹਾਂ ਨੇ ਨੈਸ਼ਨਲ ਹੈਲਥ ਸਰਵਿਸ (ਐਨ.ਐਚ.ਐਸ.) ਦਾ ਹਵਾਲਾ ਦਿੰਦੇ ਹੋਏ ਕਿਹਾ, ‘ਤੁਸੀਂ ਯੂ.ਕੇ. ਵਿੱਚ ਘਰ ਨਹੀਂ ਖਰੀਦ ਸਕਦੇ ਕਿਉਂਕਿ ਐਨ.ਐਚ.ਐਸ. ਉੱਥੇ ਕੰਮ ਨਹੀਂ ਕਰਦਾ ਹੈ। ਅਮਰੀਕਾ ਵਿੱਚ ਵੀ ਤੁਸੀਂ ਰਿਹਾਇਸ਼ ਜਾਂ ਸਿਹਤ ਦੇਖਭਾਲ ਬਰਦਾਸ਼ਤ ਨਹੀਂ ਕਰ ਸਕਦੇ। ਇਹ ਸਾਲ ਦਰ ਸਾਲ ਟੁੱਟਦੇ ਸੁਪਨਿਆਂ ਵਾਂਗ ਹੈ। ਭਾਰਤ ਵਿੱਚ ਵੋਟਰਾਂ ਨੇ ਜੋ ਦਿਖਾਇਆ ਹੈ, ਅਮਰੀਕਾ ਉਸ ਤੋਂ ਅਛੂਤਾ ਨਹੀਂ ਰਹੇਗਾ।

**ਏਰਦੋਗਨ ਦੀ ਡਿਗਰੀ ਅਤੇ ਰਾਸ਼ਟਰਵਾਦ:** ਇਸਤਾਂਬੁਲ ਦਾ ਮਾਹੌਲ, ਸੰਗੀਤ ਅਤੇ ਭੋਜਨ ਕਦੇ ਵੀ ਪਰਦੇਸੀ ਨਹੀਂ ਲੱਗਦੇ। ਨੋਬਲ ਪੁਰਸਕਾਰ ਵਿਜੇਤਾ ਓਰਹਾਨ ਪਾਮੁਕ ਦੇ ਇੱਕ ਆਮ ਸ਼ਹਿਰ ਵਾਸੀ ਦੇ ਰੂਪ ਵਿੱਚ ਜੀਵਨ ਨੇ ਮੈਨੂੰ ਹੋਰ ਵੀ ਪ੍ਰਭਾਵਿਤ ਕੀਤਾ। ਉਸ ਘਟਨਾ ਨੂੰ ਲਗਭਗ ਦਸ ਸਾਲ ਹੋ ਗਏ ਹਨ, ਜਦੋਂ ਓਰਹਾਨ ਪਾਮੁਕ ਨੇ ਇੱਕ ਜਨਤਕ ਸਥਾਨ ‘ਤੇ ਭਾਸ਼ਣ ਦੌਰਾਨ ਉੱਥੇ ਦੇ ਰਾਸ਼ਟਰਪਤੀ ਦੀ ਸਿੱਖਿਆ ਦੀ ਪ੍ਰਮਾਣਿਕਤਾ ਦਾ ਜ਼ਿਕਰ ਕੀਤਾ ਸੀ। ਤੁਹਾਨੂੰ ਦੱਸ ਦੇਈਏ ਕਿ 18 ਅਗਸਤ 2014 ਨੂੰ ਰੇਸੇਪ ਤੈਯਪ ਏਰਦੋਗਨ ਤੁਰਕੀ ਦੇ ਰਾਸ਼ਟਰਪਤੀ ਚੁਣੇ ਗਏ ਸਨ। ਉਸ ਪੋਸਟ ਲਈ ਗ੍ਰੈਜੂਏਟ ਹੋਣਾ ਲਾਜ਼ਮੀ ਹੈ। ਗੱਲਬਾਤ ਵਿੱਚ ਓਰਹਾਨ ਪਾਮੁਕ ਨੇ ਰੇਸੇਪ ਤੈਯਪ ਏਰਦੋਗਨ ਦੀ ਡਿਗਰੀ ਫਰਜ਼ੀ ਹੋਣ ਦਾ ਇਸ਼ਾਰਾ ਕੀਤਾ ਸੀ। ਕਮਿਊਨਿਸਟ ਨੇਤਾ ਓਮਾਨ ਫਾਰੂਕ ਨੇ ਦਾਅਵਾ ਕੀਤਾ ਕਿ ਏਰਦੋਆਨ ਨੇ ਕਿਸੇ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਨਹੀਂ ਕੀਤੀ ਹੈ, ਇਸ ਲਈ ਉਹ ਤੁਰਕੀ ਦੇ ਰਾਸ਼ਟਰਪਤੀ ਬਣਨ ਦੇ ਅਯੋਗ ਹਨ।

ਏਰਦੋਗਨ ਦੇ ਹਾਈ ਸਕੂਲ ਡਿਪਲੋਮਾ ਬਾਰੇ ਵੀ ਅਜਿਹਾ ਹੀ ਦਾਅਵਾ ਕੀਤਾ ਗਿਆ ਹੈ। ਇਸ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਸੀ, ਪਰ ਮਾਰਮਾਰਾ ਯੂਨੀਵਰਸਿਟੀ ਨੇ ਏਰਦੋਗਨ ਦੀ ਡਿਗਰੀ ਨੂੰ ਢਕ ਦਿੱਤਾ ਅਤੇ ਸਾਰਾ ਮਾਮਲਾ ਰੋਕ ਦਿੱਤਾ। ਜਦੋਂ ਵੀ ਕੋਈ ਇਹ ਸਵਾਲ ਉਠਾਉਂਦਾ ਹੈ ਤਾਂ ਏਰਦੋਗਨ ਦੇ ਸਮਰਥਕ ਉਸ ਨੂੰ ਦੇਸ਼ ਵਿਰੋਧੀ ਕਹਿ ਕੇ ਹਮਲਾ ਕਰ ਦਿੰਦੇ ਹਨ। ਹਾਲਾਂਕਿ ਇਕਨਾਮਿਸਟ ਇੰਟੈਲੀਜੈਂਸ ਯੂਨਿਟ ਦੇ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਵੋਟਰਾਂ ਨੇ ਸਥਾਨਕ ਬਾਡੀ ਚੋਣਾਂ ਵਿੱਚ ਏਰਦੋਗਨ ਦੇ ਖੰਭਾਂ ਨੂੰ ਕੱਟ ਦਿੱਤਾ ਹੈ। ਉਨ੍ਹਾਂ ਨੇ ਵਧਦੀ ਮਹਿੰਗਾਈ ਅਤੇ ਅਸਮਾਨ ਆਰਥਿਕ ਵਿਕਾਸ ਨੂੰ ਢਕਣ ਲਈ ਧਰਮ ਅਤੇ ਰਾਸ਼ਟਰਵਾਦ ਨੂੰ ਹਥਿਆਰ ਬਣਾਇਆ। ਵੋਟਰ ਨਿਰਾਸ਼ ਹੋ ਗਏ ਤੇ ਆਖਰਕਾਰ ਸੱਤਾ ਨੂੰ ਉਲਟਾਉਣ ਦੀ ਇੱਛਾ ਪ੍ਰਗਟ ਕੀਤੀ, ਜੋ ਵੋਟਾਂ ਵਿੱਚ ਬਦਲ ਗਈ।

## .ਗ਼ਜ਼ਲ

ਹਰ ਇੱਕ ਬੰਦਾ ਗੁੰਝਲ ਵਿੱਚ ਹੈ ਗੁੰਝਲ ਭੂੰਡਪਟਾਕਾ।
ਚਿੰਤਾਵਾਂ ਦੇ ਸ਼ੀਸ਼ੇ ਅੰਦਰ ਤਿੜਕ ਗਿਆ ਏ ਹਾਸਾ।
ਉਸ ਨੂੰ ਜੀਵਨ ਦੇ ਵਿੱਚ ਜੰਨਤ ਜੱਫੀ ਪਾ ਕੇ ਮਿਲਦੀ,
ਆਸਾਂ ਵਿੱਚ ਮੁਰਾਦਾਂ ਪਾ ਕੇ ਭਰਿਆ ਜਿਸ ਨੇ ਕਾਸਾ।
ਬੰਦੇ ਜਿਹੜੇ ਮਿਹਨਤ ਨਾਲ ਬੁਲੰਦੀ ਤੋੜ ਲਿਆਏ,
ਸੂਰਜ ਚੰਨ ਸਿਤਾਰੇ ਦੇ ਵਿੱਚ ਜਿੰਦਾਂ ਲੋਅ ਦਾ ਵਾਸਾ।
ਸੁੱਕੇ ਹੋਏ ਹਾਸੇ ਵਿੱਚ ਵੀ ਫੁੱਲ ਗੁਲਾਬੀ ਖਿੜ੍ਹਦੇ,
ਜੇਕਰ ਦੁਖ ਦੇ ਹੰਝੂਆਂ ਅੰਦਰ ਹੋਵੇ ਪਿਆਰ ਦਿਲਾਸਾ।
ਬੱਦਲੀ ਤੋਂ ਬਿਨ ਉਸ ਦੀ ਹੋਂਦ ਨਿਗੂਣੀ ਤੇ ਨਿਰਮੋਹੀ,
ਤਾਂ ਹੀ ਮਾਰੂਥਲ ਹੈ ਰਹਿੰਦਾ ਉਮਰਾਂ ਤੀਕਰ ਪਿਆਸਾ।
ਜਿਨ੍ਹਾਂ ਨੂੰ ਤਨ-ਮਨ-ਧਨ ਦੇ ਕੇ ਰਸਤੇ ਤੱਕ ਪਹੁੰਚਾਇਆ,
ਮੰਜ਼ਿਲ ਪਾ ਕੇ ਮਤਲਬ ਪਿੱਛੋਂ ਲੰਘਦੇ ਵੱਟ ਕੇ ਪਾਸਾ।
ਬੁੱਧੀ ਵਾਲੇ ਪੜ੍ਹ ਲੈਂਦੇ ਨੇ ਇਸ ਵਿੱਚ ਜੋ ਕੁਝ ਲਿਖਿਆ,
ਜੀਵਨ ਵਾਲੀ ਪੁਸਤਕ ਦਾ ਹੈ ਚਿਹਰਾ ਇੱਕ ਖੁਲਾਸਾ।
‘ਬਾਲਮ’ ਦੁਨੀਆ ਦੇ ਵਿੱਚ ਅਪਣੀ ਇੰਝ ਮਿਠਾਸ ਬਣਾਵੀਂ,
ਜਿਉਂ ਘੁਲਦਾ ਏ ਹੌਲੀ-ਹੌਲੀ ਪਾਣੀ ਵਿੱਚ ਪਤਾਸਾ।

*-ਬਲਵਿੰਦਰ ਬਾਲਮ ਗੁਰਦਾਸਪੁਰ*
*ਫੋਨ: +91-9815625409*

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ
ਫੋਨ: +91-6280574657

**ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...**

ਇੱਕ ਦਿਨ ਦੁਪਹਿਰੋਂ ਬਾਅਦ ਦਿਲਬਾਗ ਵਕੀਲ ਦੇ ਉਸ ਖੋਖੇ 'ਤੇ ਆਣ ਢੁੱਕਾ, ਜਿੱਥੇ ਵੀਰਦੀਪ ਦੁਪਹਿਰ ਬਾਅਦ ਜਾਂਦਾ ਸੀ। ਵੀਰਦੀਪ ਨੇ ਉਸ ਨੂੰ ਬਿਠਾਇਆ, ਪਾਣੀ ਧਾਣੀ ਪਿਆਇਆ, ਆਪਣੇ ਉਸਤਾਦ ਵਕੀਲ ਨਾਲ ਇੱਕ ਫਰਜ਼ੀ ਨਾਂ ਹੇਠ ਉਹਦੀ ਜਾਣ-ਪਹਿਚਾਣ ਕਰਵਾਈ। ਥੋੜ੍ਹੀ ਦੇਰ ਤੱਕ ਉਨ੍ਹਾਂ ਵਿਚਾਲੇ ਰਸਮੀ ਜਿਹੀ ਗੱਲਬਾਤ ਹੁੰਦੀ ਰਹੀ। ਫਿਰ ਵੀਰਦੀਪ ਫਾਈਲ ਤਿਆਰ ਕਰਨ ਲੱਗਾ। 'ਚਲਦੇ ਆਂ ਆਪਾਂ, ਆਹ ਫਾਈਲ ਤਿਆਰ ਕਰ ਦਿਆਂ ਮੈਂ' ਵੀਰਦੀਪ ਨੇ ਦਿਲਬਾਗ ਤੋਂ ਇਜਾਜ਼ਤ ਮੰਗੀ। ਦਿਲਬਾਗ ਆਰਾਮ ਨਾਲ ਬੈਠ ਗਿਆ। ਵੀਰਦੀਪ ਨੇ ਫਾਈਲ ਤਿਆਰ ਕਰਕੇ ਆਪਣੇ ਉਸਤਾਦ ਨੂੰ ਫੜਾਈ ਤੇ ਉਹ ਵੀਰਦੀਪ ਦੇ ਕਮਰੇ ਵੱਲ ਤੁਰ ਪਏ। ਪਟਿਆਲੇ ਰਹਿਣ ਲਈ ਵੀਰਦੀਪ ਨੇ ਇੱਕ ਛੋਟਾ ਕਮਰਾ ਕਿਰਾਏ 'ਤੇ ਲੈ ਲਿਆ ਸੀ। ਆਖਿਰ ਵੀਰਦੀਪ ਨੇ ਗੱਲ ਤੋਰੀ, 'ਇਹ ਕਿੱਧਰ ਨੂੰ ਤੁਰ ਪਿਆਂ ਯਾਰ ਤੂੰ।'

'ਵੀਰ ਯਾਰ ਪਤਾ ਈ ਨੀ ਲੱਗਾ ਕਦੋਂ ਇਸ ਰਾਹੇ ਪੈ ਗਏ। ਉਸ ਕਾਲਜ 'ਚ ਅਚਾਨਕ ਵਾਪਰੀ ਘਟਨਾ ਨੇ ਹੀ ਕਦਮ ਇਸ ਪਾਸੇ ਵੱਲ ਤੋਰ ਦਿੱਤੇ। ਜਦੋਂ ਮੈਂ ਜੇਲ੍ਹੋਂ ਬਾਹਰ ਆਇਆ ਤਾਂ ਇੱਕ ਪਾਸੇ ਤਾਂ ਕੰਮ ਕਾਰ ਕੋਈ ਨਹੀਂ ਸੀ, ਕਾਲਜ ਦੁਬਾਰਾ ਮੈਂ ਜਾ ਨਹੀਂ ਸੀ ਸਕਦਾ, ਦੂਜੇ ਪਾਸੇ ਹਰ ਦੂਜੇ-ਤੀਜੇ ਪੁਲਿਸ ਘਰ ਗੇੜੇ ਮਾਰਨ ਲੱਗੀ। ਕਹਿਣ ਲੱਗੇ, ਸਾਡੇ ਨਾਲ ਰਲ ਕੇ ਚੱਲ, ਜੋ ਕਹੇਂਗਾ, ਮਿਲੇਗਾ। ਅਖੇ ਗੋਲੀ ਚਲਾਉਣ ਵਾਲੇ ਮੁੰਡਿਆਂ ਨੂੰ ਫੜਵਾਦੇ, ਤੇਰੀ ਖਲਾਸੀ ਕਰਵਾ ਦਿਆਂਗੇ। ਮੇਰਾ ਇਹ ਕੰਮ ਕਰਨ ਨੂੰ ਦਿਲ ਨਹੀਂ ਮੰਨਿਆ। ਅਮਰਜੀਤ ਤੇ ਗੁਲਵਿੰਦਰ ਪਹਿਲਾਂ ਹੀ ਖਰਚ ਪਾਣੀ ਵੱਲੋਂ ਤੰਗ ਆਏ ਪਏ ਸਨ। ਕੋਈ ਘਰ ਵਾੜਨ ਨੂੰ ਵੀ ਤਿਆਰ ਨਹੀਂ ਸੀ ਉਨ੍ਹਾਂ ਨੂੰ। ਫਿਰ ਉਨ੍ਹਾਂ ਨੂੰ ਤੇ ਆਪਣੇ ਆਪ ਨੂੰ ਪੈਰਾਂ ਸਿਰ ਕਰਨ ਲਈ ਸਾਨੂੰ ਆਹ ਕਾਰਾ ਕਰਨਾ ਪਿਆ।

'ਡਾਕੇ ਵਾਲਾ?' ਵੀਰਦੀਪ ਨੇ ਸੁਆਲ ਕੀਤਾ।

'ਹਾਂ' ਦਿਲਬਾਗ ਨੇ ਇੱਕ ਅੱਖਰ 'ਚ ਜੁਆਬ ਦਿੱਤਾ।

'ਸ਼ਾਬਾਸ਼ੇ ਤੁਹਾਡੇ, ਪਹਿਲਾ ਸੱਪ ਗਲੋਂ ਲਿਹਾ ਨੀ, ਇੱਕ ਹੋਰ ਪਾ ਲਿਆ।' ਵੀਰਦੀਪ ਨੇ ਪ੍ਰਤੀਕਰਮ ਪ੍ਰਗਟ ਕੀਤਾ।

'ਹੋਰ ਕੀ ਕਰਦੇ ਫਿਰ ਅਸੀਂ!' ਦਿਲਬਾਗ ਨੇ ਪੁੱਛਿਆ।

'ਤੂੰ ਮੈਨੂੰ ਮਿਲਦਾ ਤਾਂ ਸਹੀ ਯਾਰ, ਆਪਾਂ ਕੋਈ ਹੀਲਾ ਕਰਦੇ, ਅੱਗੇ ਤੂੰ ਮੈਨੂੰ ਬਿਨਾ ਦੱਸੇ ਕਾਲਜ ਵਿੱਚ ਗੋਲੀ ਚਲਵਾ ਦਿੱਤੀ' ਵੀਰਦੀਪ ਨੇ ਹਮਦਰਦੀ ਵਿੱਚ ਲਿਪਟਿਆ ਇਤਰਾਜ ਜਤਾਇਆ।



'ਪੁਲਿਸ ਨੂੰ ਸਾਡੇ 'ਤੇ ਸ਼ੱਕ ਹੀ ਹੈ, ਹਾਲੇ ਉਨ੍ਹਾਂ ਨੂੰ ਕਨਫਰਮ ਨਹੀਂ ਕਿ ਡਾਕਾ ਅਸੀਂ ਹੀ ਮਾਰਿਆ।' ਦਿਲਬਾਗ ਨੇ ਕੇਸ ਦਾ ਰਹੱਸ ਦੱਸਿਆ।

'ਹੁਣ ਕੀ ਚਾਹੁੰਦੇ ਹੋ ਤੁਸੀਂ' ਵੀਰਦੀਪ ਨੇ ਪੁੱਛਿਆ।

'ਮੈਨੂੰ ਤਾਂ ਪਤਾ ਨੀ ਲਗਦਾ, ਤੂੰ ਦੱਸ ਕੀ ਕਰੀਏ' ਦਿਲਬਾਗ ਨੇ ਵੀਰਦੀਪ ਨੂੰ ਉਲਟਾ ਸਵਾਲ ਕੀਤਾ।

'ਕੇਸ ਥੁਆਡਾ ਉਲਝ ਗਿਆ, ਪੁਲਿਸ ਤੁਹਾਨੂੰ ਗੈਂਗਸਟਰ ਸਮਝਣ ਲੱਗੀ ਹੈ, ਜੇ ਤੁਸੀਂ ਅਦਾਲਤ ਵਿੱਚ ਵੀ ਪੇਸ਼ ਹੁੰਦੇ ਹੋ ਤਾਂ ਵੀ ਪੁਲਿਸ ਤੁਹਾਡਾ ਰਿਮਾਂਡ ਤਾਂ ਲਏਗੀ ਹੀ। ਕਾਲਜ ਵਾਲਾ ਕੇਸ ਤਾਂ ਉਨ੍ਹਾਂ ਨੂੰ ਪਤਾ ਈ ਆ, ਡਾਕਾ ਤੁਹਾਥੋਂ ਮਨਾਉਣ ਦਾ ਯਤਨ ਕਰਨਗੇ। ਭਗੌੜਾ ਸਮਾਂ ਕਿੱਥੇ ਅਤੇ ਕਿੱਦਾਂ ਕੱਟਿਆ, ਇਹ ਵੀ ਪੁੱਛਣਗੇ। ਹੋ ਸਕਦਾ ਤੇਰੇ ਸਾਥੀਆਂ 'ਚੋਂ ਕੋਈ ਡਾਕੇ ਬਾਰੇ ਮੰਨ ਜਾਵੇ, ਫਿਰ ਉਹ ਕੇਸ ਵੀ ਤੁਹਾਡੇ 'ਤੇ ਪੈ ਜਾਣਾ। ਫਿਰ ਤੁਸੀਂ ਜਲਦੀ ਬਾਹਰ ਤਾਂ ਆ ਨੀ ਸਕਣਾ? ਸਲਾਹ ਕਰ ਲਉ ਆਪਸ ਵਿੱਚ ਕੀ ਕਰਨਾ ਹੈ।' ਵੀਰਦੀਪ ਨੇ ਦਿਲਬਾਗ ਨੂੰ ਸਲਾਹ ਦਿੱਤੀ।

'ਵੀਰਦੀਪ ਮੈਨੂੰ ਉਂਝ ਕੁਝ ਵੀ ਚੰਗਾ ਨਹੀਂ ਲਗਦਾ, ਨਾ ਇਹ ਦੁਨੀਆਂ, ਨਾ ਇਹਦੀਆਂ ਰੀਤਾਂ; ਨਾ ਰਾਜ, ਨਾ ਅਦਾਲਤਾਂ। ਹਰ ਸੰਸਥਾ 'ਚ ਮੈਨੂੰ ਦਿਓ ਜਿਹੇ ਬੈਠੇ ਦਿਖਾਈ ਦਿੰਦੇ। ਮੈਂ ਬਹੁਤੇ ਸਿਧਾਂਤ ਜਿਹੇ ਤਾਂ ਪੜ੍ਹੇ ਨਹੀਂ, ਪਰ ਮੇਰਾ ਦਿਲ ਕਰਦਾ ਇੱਕ ਚੁਟਕੀ 'ਚ ਇਸ ਸਭ ਕਾਸੇ ਨੂੰ ਰਾਖ ਬਣਾ ਦਿਆਂ।' ਦਿਲਬਾਗ ਨੇ ਆਪਣੇ ਅੰਦਰ ਦਾ ਗੁਬਾਰ ਕੱਢਿਆ।

'ਇਹ ਤੇਰੀ ਫਰਸਟਰੇਸ਼ਨ ਹੈ, ਕੌਮੀ ਟੀਮ ਵਿੱਚ ਨਾ ਜਾ ਸਕਣ ਦੀ' ਵੀਰਦੀਪ ਨੇ ਨਰਮੀ ਨਾਲ ਕਿਹਾ।

'ਇਹ ਵੀ ਮੈਨੂੰ ਪਤਾ ਨਹੀਂ, ਮੈਂ ਭੁੱਲ ਵੀ ਗਿਆਂ ਹੁਣ ਉਸ ਨੂੰ' ਦਿਲਬਾਗ ਨੇ ਕਿਹਾ।

'ਤੇਰੇ ਅਚੇਤ ਮਨ 'ਚ ਵੱਸ ਗਈ ਹੈ ਉਹ ਘਟਨਾ, ਉਹਦੇ 'ਤੇ ਹੀ ਰੋਸ ਦਾ ਇੱਕ ਕਿਲ੍ਹਾ ਉੱਸਰ ਰਿਹਾ' ਵੀਰਦੀਪ ਨੇ ਮਨੋ ਚਿਕਿਤਸਕਾਂ ਵਾਂਗ ਵਿਸ਼ਲੇਸ਼ਣ ਕੀਤਾ।

'ਰੋਸ ਦਾ ਕਿਲਾ ਤਾਂ ਉਸਰੇਗਾ ਹੀ, ਜਦੋਂ ਤੁਹਾਡੇ ਨਾਲ ਗਲਤ ਹੋ ਰਿਹਾ ਹੋਵੇ?' ਦਿਲਬਾਗ ਨੇ ਦਲੀਲ ਦਿੱਤੀ।

'ਉਸਰੇਗਾ, ਪਰ ਇਸ ਉਸਾਰੀ ਨੂੰ ਕੋਈ ਸਿਵੇਲਾਈਜ਼ਡ ਰੂਪ ਦੇਣਾ ਚਾਹੀਦਾ। ਇੱਦਾਂ ਤਾਂ ਤੁਸੀਂ ਆਪਣੇ ਆਪ ਨੂੰ ਲੋਕਾਂ ਦੀ ਨਜ਼ਰ ਵਿੱਚ ਵੀ ਦੋਸ਼ੀ ਬਣਾ ਰਹੇ ਹੋ' ਵੀਰਦੀਪ ਨੇ ਉਸ ਨੂੰ ਸਮਝਾਉਣ ਦਾ ਯਤਨ ਕੀਤਾ।

'ਕਿੱਦਾਂ ਭਲਾਂ?' ਦਿਲਬਾਗ ਨੇ ਪੁੱਛਿਆ।

'ਇਸ ਰੋਸ ਨੂੰ ਕੋਈ ਸਮਾਜਕ ਰਾਜਨੀਤਿਕ ਰੂਪ ਦੇਣਾ ਚਾਹੀਦਾ' ਵੀਰਦੀਪ ਦਿਲਬਾਗ ਦੀ ਮਾਨਸਿਕਤਾ ਨੂੰ ਮੋੜਾ ਦੇਣਾ ਚਾਹੁੰਦਾ ਸੀ।

'ਚਲ ਤੂੰ ਬਣ ਫੇ ਸਾਡਾ ਸਿਧਾਂਤਕਾਰ, ਤੇਰੇ ਪਿੱਛੇ ਪਿੱਛੇ ਤੁਰ ਪੈਨੇ ਆਂ' ਦਿਲਬਾਗ ਨੇ ਗੱਲ ਮਜ਼ਾਕ ਵਿੱਚ ਪਾ ਲਈ।

'ਇੰਨੀ ਸਮਰੱਥਾ ਹਾਲੇ ਮੇਰੇ ਵਿੱਚ ਨਹੀਂ, ਮੈਂ ਪੜ੍ਹ ਵਾਚ ਰਿਹਾ ਹਿੰਦੁਸਤਾਨ ਦੀ ਪੌਲਿਟਿਕਸ, ਕਾਨੂੰਨ ਅਤੇ ਸੰਵਿਧਾਨ ਆਦਿ ਨੂੰ' ਵੀਰਦੀਪ ਨੇ ਜੁਆਬ ਦਿੱਤਾ।

'ਵੀਰਦੀਪ ਗੁੱਸਾ ਨਾ ਕਰੀਂ, ਇੱਕ ਗੱਲ ਆਖਣ ਲੱਗਾਂ, ਇਹ ਸਾਰੇ ਸਿਧਾਂਤ ਕਾਗਜ਼ 'ਤੇ ਵਾਹੇ ਨਕਸ਼ੇ ਵਾਂਗ ਹੁੰਦੇ ਨੇ, ਜਦੋਂ ਤੁਸੀਂ ਫੀਲਡ ਵਿੱਚ ਆਉਂਦੇ ਹੋ ਤੁਹਾਨੂੰ ਬਹੁਤ ਕੁਝ ਬਦਲਣਾ ਪੈ ਜਾਂਦਾ।' ਦਿਲਬਾਗ ਨੇ ਹਾਲਾਤ ਦੀ ਹਕੀਕਤ ਬਿਆਨ ਕੀਤੀ।

'ਠੀਕ ਆ ਗੱਲ ਤੇਰੀ' ਵੀਰਦੀਪ ਨੇ ਚਾਰ ਸ਼ਬਦਾਂ 'ਚ ਜੁਆਬ ਦਿੱਤਾ।

---

ਸ਼ਨੀਵਾਰ ਵਾਲੇ ਦਿਨ ਵੀਰਦੀਪ ਆਪਣੇ ਪਿੰਡ ਵੱਲ ਆ ਰਿਹਾ ਸੀ। ਪਿੰਡ ਨੂੰ ਜਾਣ ਵਾਲੀ ਮਿੰਨੀ ਬੱਸ ਅੱਡੇ 'ਤੇ ਲੱਗੀ ਖੜ੍ਹੀ ਸੀ। ਬੱਸ ਪਹਿਲਾਂ ਹੀ ਭਰੀ ਪਈ ਸੀ। ਸਿਮਰਨ ਸੀਟਾਂ ਵਿਚਕਾਰਲੀ ਸਪੇਸ ਵਿੱਚ ਖੜ੍ਹੀ ਸੀ। ਉਹ ਸ਼ਹਿਰ ਕਿਸੇ ਕੰਮ ਆਈ ਸੀ। ਵੀਰਦੀਪ ਨੇ ਫਤਿਹ ਬੁਲਾਈ ਅਤੇ ਉਸ ਦੇ ਲਾਗੇ ਖੜ੍ਹਾ ਹੋ ਗਿਆ। ਜਲਦੀ ਹੀ ਦੋਹਾਂ ਵਿਚਕਾਰ ਦਿਲਬਾਗ ਬਾਰੇ ਗੱਲਬਾਤ ਤੁਰ ਪਈ।

'ਕਿਹੜੇ ਰਾਹੀਂ ਤੁਰ ਪਿਆ ਇਹ ਮੁੰਡਾ' ਸਿਮਰਨ ਨੇ ਵੀਰਦੀਪ ਨੂੰ ਦਿਲਬਾਗ ਬਾਰੇ ਸਵਾਲ ਕੀਤਾ।

'ਕਈ ਵਾਰ ਸ਼ਾਹਸਵਾਰ ਵੀ ਔਝੜੀਂ ਪੈ ਜਾਂਦੇ' ਵੀਰਦੀਪ ਨੇ ਗੁੱਝੀ ਬਾਤ ਪਾਈ।

'ਇੱਦਾਂ ਦਾ ਲਗਦਾ ਤਾਂ ਹੈ ਨੀ ਸੀ ਇਹ, ਖੁਸ਼ਤਬੀਅਤ, ਲਤੀਫੇਬਾਜ਼, ਜਿਹਨ ਤੋਂ ਹਲਕਾ-ਫੁਲਕਾ ਜਿਹਾ ਲਗਦਾ ਸੀ ਵੇਖਣ ਨੂੰ' ਕੁੜੀ ਆਖਣ ਲੱਗੀ।

'ਚਿਹਰੇ ਤੋਂ ਹੀ ਲਗਦਾ ਸੀ ਇੱਦਾਂ, ਉਂਝ ਅੰਦਰੋਂ ਬੜਾ ਕਾਠਾ ਹੈ ਉਹ' ਵੀਰਦੀਪ ਨੇ ਦਿਲਬਾਗ ਦੀ ਅਸਲ ਨੇਚਰ ਬਿਆਨ ਕਰਨੀ ਚਾਹੀ।

'ਵੀਰਦੀਪ ਮੈਨੂੰ ਮਿਲਾ ਦੇ ਉਹਨੂੰ ਇੱਕ ਵਾਰੀ, ਹੋ ਸਕਦਾ ਮਨ ਮਿਹਰ ਪੈ ਜਾਵੇ।' ਕੁੜੀ ਨੇ ਮੁੰਡੇ ਦਾ ਜਿਵੇਂ ਤਰਲਾ ਕੀਤਾ।

'ਉਂਝ ਹਾਲੇ ਪਤਾ ਨੀ ਮੈਨੂੰ ਵੀ ਉਹਦਾ ਕੋਈ ਠਿਕਾਣਾ, ਫਿਰ ਵੀ ਮਿਲਿਆ ਤਾਂ ਵੇਖ ਲਵਾਂਗੇ ਯਤਨ ਕਰਕੇ ਜੇ ਮੰਨ ਗਿਆ ਤਾਂ।' ਵੀਰਦੀਪ ਨੇ ਜੁਆਬ ਦਿੱਤਾ।

'ਕਿੱਥੋਂ ਕਰ ਰਹੇ ਹੋ ਫਿਰ ਪੀਐਚ.ਡੀ.?' ਸਿਮਰਨ ਨੇ ਪੁੱਛਿਆ

'ਕਿਤੋਂ ਵੀ ਨੀ' ਵੀਰਦੀਪ ਨੇ ਜੁਆਬ ਦਿੱਤਾ।

'ਕੀ ਮਨ ਬਣਾਇਆ ਫਿਰ' ਸਿਮਰਨ ਪੁੱਛਣ ਲੱਗੀ।

'ਵਕਾਲਤ ਦਾ ਕੋਰਸ ਕਰਨ ਲੱਗ ਪਿਆਂ' ਵੀਰਦੀਪ ਨੇ ਜੁਆਬ ਦਿੱਤਾ।

'ਪ੍ਰੋਫੈਸਰੀ ਵੱਲੋਂ ਮਨ ਮੋੜ ਲਿਆ ਫਿਰ' ਸਿਮਰਨ ਨੇ ਕਾਰਨ ਜਾਨਣਾ ਚਾਹਿਆ।

'ਮੈਂ ਇੰਡੀਅਨ ਪੌਲਿਟਿਕਸ ਦੇ ਆਧਾਰ ਅਤੇ ਕਾਨੂੰਨੀ ਢਾਂਚੇ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੁੰਨਾਂ' ਵੀਰਦੀਪ ਨੇ ਜਵਾਬ ਦਿੱਤਾ।

'ਨਾਲੇ ਚਾਰ ਪੈਸੇ ਕਮਾਉਣ ਜੋਗੇ ਵੀ ਹੋ ਜਾਵਾਂਗੇ' ਉਹਨੇ ਹੋਰ ਕਿਹਾ।

ਇੰਨੇ ਨੂੰ ਪਿੰਡ ਦਾ ਬੱਸ ਅੱਡਾ ਨੇੜੇ ਆ ਗਿਆ ਸੀ, ਸਿਮਰਨ ਨੇ ਇੱਕ ਵਾਰ ਫਿਰ ਕਿਹਾ, 'ਵੀਰਦੀਪ ਪਲੀਜ਼, ਮੈਨੂੰ ਇੱਕ ਵਾਰ ਮਿਲਾ ਦੇ ਦਿਲਬਾਗ ਨੂੰ' ਥੋੜ੍ਹੀ ਦੇਰ ਬਾਅਦ ਬੱਸ ਅੱਡੇ 'ਤੇ ਰੁਕੀ ਤੇ ਦੋਨੋਂ ਆਪੋ ਆਪਣੇ ਘਰਾਂ ਵੱਲ ਤੁਰ ਪਏ।

ਇਸ ਅਚਨਚੇਤ ਮੁਲਾਕਾਤ ਨੇ ਸਿਮਰਨ ਦੀ ਦਿਲਬਾਗ ਪ੍ਰਤੀ ਚਾਹਤ ਨੂੰ ਉਜਾਗਰ ਕਰ ਦਿੱਤਾ ਸੀ। ਉਸ ਨੂੰ ਕੁੜੀ 'ਤੇ ਇੱਕ ਤਰ੍ਹਾਂ ਤਰਸ ਵੀ ਆਇਆ। ਉਹਨੂੰ ਲਗਦਾ ਸੀ ਕਿ ਸਿਮਰਨ ਇਸ ਅੱਗ ਦੀ ਖੇਡ ਤੋਂ ਦੂਰ ਹੀ ਰਹੇ ਤਾਂ ਚੰਗਾ। ਇੱਕ ਵਾਰ ਇਸ ਚੱਕਰਵਿਊ 'ਚ ਫਸਿਆ ਬੰਦਾ ਮੁਸ਼ਕਲ ਨਾਲ ਹੀ ਬਾਹਰ ਆ ਸਕਦਾ। ਫਿਰ ਇੱਕ ਸਰੀਰੋਂ ਕਮਜ਼ੋਰ ਜਿਹੀ ਕੁੜੀ ਜਿਸ ਦੇ ਮਾਪੇ ਬਹੁਤੇ ਧਨਾਢ ਵੀ ਨਹੀਂ। ਉਸ ਨੇ ਕੁੜੀ ਨੂੰ ਮਿਲਾਉਣ ਲਈ ਹਾਂ ਤਾਂ ਕਰ ਦਿੱਤੀ, ਪਰ ਬਾਅਦ ਵਿੱਚ ਫੈਸਲਾ ਕੀਤਾ ਕਿ ਉਹ ਦੋਹਾਂ ਨੂੰ ਨਹੀਂ ਮਿਲਾਵੇਗਾ; 'ਇਹ ਅਗਾਂਹ ਉਹਦੇ ਨਾਲ ਹੀ ਜਾਣ ਦੀ ਜਿੱਦ ਕਰਨ ਲੱਗੀ ਤੇ ਮੇਰਾ ਐਵੇਂ ਮੱਕੂ ਬੰਨ੍ਹਿਆ ਜਾਊ ਵਿਚੇ। ਨਾਲੇ ਪਿੰਡ ਦਾ ਮਾਮਲਾ ਹੈ।'

ਜਦੋਂ ਦਿਨ ਦੇ ਛਿਪਾ ਨਾਲ ਵੀਰਦੀਪ ਘਰ ਪੁੱਜਾ ਤਾਂ ਨਵਜੋਤ ਤੇ ਕਰਮਾ ਵੀਰਦੀਪ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਇਹ ਗੱਲ ਸਾਰੇ ਇਲਾਕੇ ਵਿੱਚ ਧੁੰਮ ਗਈ ਸੀ ਕਿ ਪੁਲਿਸ 40 ਲੱਖ ਦੇ ਬੈਂਕ ਡਾਕੇ ਵਿੱਚ ਦਿਲਬਾਗ ਦੀ ਭਾਲ ਕਰ ਰਹੀ ਹੈ। ਵੀਰਦੀਪ ਦੇ ਘਰ ਵੀ ਪੁਲਿਸ ਗੇੜਾ ਮਾਰ ਗਈ ਸੀ। ਚਾਹ ਪਾਣੀ ਪੀਣ ਤੋਂ ਬਾਅਦ ਕਰਮੇ ਨੇ ਵੀ ਦਿਲਬਾਗ ਬਾਰੇ ਵੀਰਦੀਪ ਨਾਲ ਗੱਲ ਤੋਰੀ। ਉਹਨੇ ਦੱਸਿਆ ਕਿ ਇੱਕ ਏ.ਐਸ.ਆਈ. ਤੇ ਕੁਝ ਸਿਪਾਹੀ ਆਏ ਸਨ। ਏ.ਐਸ.ਆਈ. ਨੇ ਮੈਨੂੰ ਪਾਸੇ ਕਰਕੇ ਅਖਿਆ ਕਿ ਜੇ ਦਿਲਬਾਗ ਨੂੰ ਪੇਸ਼ ਕਰਵਾ ਦਿਉ ਤਾਂ ਉਸ ਦਾ ਖਾਸਾ ਬਚਾਅ ਹੋ ਸਕਦਾ ਹੈ। 'ਕਿਤੇ ਮਿਲੇ ਤਾਂ ਸਹੀ ਚਾਚਾ, ਤਾਂ ਹੀ ਆਪਾਂ ਕੋਈ ਗੱਲ ਕਰ ਸਕਦੇ ਹਾਂ' ਵੀਰਦੀਪ ਨੇ ਦਲੀਲ ਦਿੱਤੀ।

'ਕੀਹਨੂੰ ਮਿਲਦਾ ਹੋਵੇਗਾ ਹੁਣ ਉਹ' ਕਰਮੇ ਨੇ ਸਵਾਲ ਕੀਤਾ।

'ਪਤਾ ਨੀ, ਹੁਣ ਤਾਂ ਉਹਦੇ ਰਾਹ ਈ ਹੋਰ ਹੋ ਗਏ ਆ' ਵੀਰਦੀਪ ਕਰਮੇ ਦਿਲਬਾਗ ਨਾਲ ਆਪਣੀ ਮਿਲਣੀ ਬਾਰੇ ਕੁਝ ਵੀ ਦੱਸਣਾ ਨਹੀਂ ਸੀ ਚਾਹੁੰਦਾ। ਅਗਲੇ ਦਿਨ ਐਤਵਾਰ ਸੀ। ਵੀਰਦੀਪ ਨੇ ਸਾਰੇ ਖੇਤਾਂ ਵੱਲ ਗੇੜਾ ਮਾਰਿਆ। ਦਸੰਬਰ ਦੇ ਮਹਿਨੇ ਦੇ ਪਹਿਲੇ ਦਿਨ ਸਨ। ਕਣਕ ਪੁੰਗਰ ਰਹੀ ਸੀ। ਛੋਟੀ ਛੋਟੀ ਕਣਕ ਦੇ ਪੱਤਿਆਂ 'ਤੇ ਲਟਕ ਰਹੇ ਤਰੇਲ ਦੇ ਤੁਪਕੇ ਚੜ੍ਹ ਰਹੇ ਸੂਰਜ ਦੀ ਰੌਸ਼ਨੀ ਨਾਲ ਸੁਨਹਿਰੀ ਰੰਗ ਫੜ ਗਏ ਸਨ। ਉਸ ਨੂੰ ਇਸ ਦ੍ਰਿਸ਼ ਨੇ ਵਿਸਮਾਦ ਵਿੱਚ ਲੈ ਆਂਦਾ। ਸ਼ਹਿਰੀ ਜ਼ਿੰਦਗੀ ਦੇ ਗਧੀਗੇੜ ਤੋਂ ਦੂਰ ਕੁਦਰਤ ਦੀ ਨਜ਼ਦੀਕੀ ਉਸਨੂੰ ਹਮੇਸ਼ਾ ਚੰਗੀ ਲਗਦੀ। ਕਈ ਵਾਰ ਉਹਦਾ ਦਿਲ ਕਰਦਾ ਚੁੱਪ ਕਰਕੇ ਖੇਤੀ ਕਰ ਲਵੇ। ਪਰ ਫੇਰ ਚਾਚੇ ਕਰਮੇ ਦੀਆਂ ਗੱਲਾਂ ਯਾਦ ਆ ਜਾਂਦੀਆਂ। ਜਦੋਂ ਵੀ ਇਸ ਤਰ੍ਹਾਂ ਦੀ ਗੱਲ ਤੁਰਦੀ ਉਹ ਹਮੇਸ਼ਾ ਆਖਦਾ, 'ਖੇਤੀ ਵਿੱਚ ਕੀ ਪਿਆ ਵੀਰਦੀਪ, ਐਵੇਂ ਮਿੱਟੀ ਨਾਲ ਘੋਲ ਐ, ਪੱਲੇ ਪੁੱਲੇ ਕੁਸ਼ ਨੀ ਪੈਂਦਾ। ਬਸ ਕਰੀ ਜਾਨੇ ਆਂ ਕਿਉਂਕਿ ਹੋਰ ਕੁਸ਼ ਹੈ ਨੀ ਕਰਨ ਨੂੰ। ਪੜ੍ਹ ਲੈ ਚਾਰ ਅੱਖਰ ਕਿਸੇ ਚੱਜ ਦੇ ਕੰਮ ਕਾਰ ਜੋਗਾ ਹੋਜੇਂਗਾ।' ਨਵਜੋਤ ਵੀ ਪੜ੍ਹਾਈ ਲਈ ਜ਼ੋਰ ਦਿੰਦੀ।

ਜਦੋਂ ਵੀ ਛੁੱਟੀ ਹੁੰਦੀ ਵੀਰਦੀਪ ਚਾਚੇ ਨਾਲ ਖੇਤੀ ਦਾ ਕੰਮ ਕਰਵਾਉਣ ਨੂੰ ਤਰਜ਼ੀਹ ਦਿੰਦਾ। ਉਂਝ ਨਵਜੋਤ ਤੇ ਕਰਮਾ ਉਸ ਨੂੰ ਖੇਤੀ ਦੇ ਕੰਮ ਲਈ ਬਹੁਤਾ ਜ਼ੋਰ ਨਹੀਂ ਸਨ ਪਾਉਂਦੇ, ਪਰ ਫਿਰ ਵੀ ਜਦੋਂ ਉਹ ਵੀਰਦੀਪ ਨੂੰ ਘਰ ਦੇ ਕੰਮ ਵਿੱਚ ਕਰਮੇ ਦਾ ਹੱਥ ਵਟਾਉਂਦਾ ਵੇਖਦੇ ਤਾਂ ਉਨ੍ਹਾਂ ਨੂੰ ਅੰਤਾਂ ਦੀ ਖੁਸ਼ੀ ਹੁੰਦੀ। ਨਵਜੋਤ ਨੂੰ ਕਦੀ ਅਹਿਸਾਸ ਹੀ ਨਹੀਂ ਸੀ ਹੋਇਆ ਕਿ ਵੀਰਦੀਪ ਉਸ ਦੀ ਆਪਣੀ ਕੁੱਖੋਂ ਜੰਮਿਆ ਜਾਇਆ ਨਹੀਂ ਹੈ। ਉਹ ਉਸ ਦੀ ਖੁਰਾਕ ਅਤੇ ਕੱਪੜੇ ਲੀੜੇ ਦਾ ਵੀ ਪੂਰਾ ਖਿਆਲ ਰੱਖਦੀ। ਭਾਵੇਂ ਗੇਮ ਛੱਡਣ ਤੋਂ ਬਾਅਦ ਉਸਦੀ ਖੁਰਾਕ ਕਾਫੀ ਘਟ ਗਈ ਸੀ। ਫਿਰ ਵੀ ਉਸ ਦੀ ਸਿਹਤ ਠੀਕ ਠਾਕ ਬਣੀ ਰਹੇ, ਇਸ ਦਾ ਨਵਜੋਤ ਪੂਰਾ ਧਿਆਨ ਰੱਖਦੀ। ਉਸ ਨੇ ਇਸ ਵਾਰ ਉਹਦੇ ਲਈ ਖੋਏ ਤੇ ਅਲਸੀ ਦੀਆਂ ਪਿੰਨੀਆਂ ਬਣਾ ਦਿੱਤੀਆਂ ਸਨ। ਉਹਨੂੰ ਸੀ ਬਈ ਸ਼ਹਿਰ ਇਕੱਲਾ ਰਹਿੰਦਾ, ਰੋਟੀ ਨੂੰ ਵੇਲਾ-ਕੁਵੇਲਾ ਹੋ ਜਾਵੇ ਤਾਂ ਖਾ ਲਿਆ ਕਰੇਗਾ। ਵੀਰਦੀਪ ਦੇ ਨਾਂਹ ਨੁੱਕਰ ਕਰਦਿਆਂ ਵੀ ਨਵਜੋਤ ਨੇ ਉਹਦੇ ਬੈਗ ਵਿੱਚ ਪਾ ਦਿੱਤੀਆਂ।

ਅਗਲੇ ਦਿਨ ਸਵੇਰੇ ਪਟਿਆਲੇ ਜਾਣ ਲੱਗੇ ਨੂੰ ਕਰਮੇ ਨੇ ਫਿਰ ਆਖਿਆ, ਦਿਲਬਾਗ ਮਿਲੇ ਤਾਂ ਉਹਨੂੰ ਕਵੀਂ ਪੇਸ਼ ਹੋ ਜਾਵੇ, ਉਹਦਾ ਬਚਾਅ ਹੋ ਜਾਵੇਗਾ। ਪੁਲਿਸ ਕੋਲ ਨਹੀਂ ਹੋਣਾ ਤਾਂ ਅਦਾਲਤ ਵਿੱਚ ਪੇਸ਼ ਹੋ ਜਾਵੇ। ਕਰਮੇ ਨੂੰ ਸੀ ਬਈ ਦਿਲਬਾਗ ਵੀਰਦੀਪ ਨੂੰ ਜ਼ਰੂਰ ਮਿਲੇਗਾ, ਪਰ ਦਿਲਬਾਗ ਨੇ ਵੀਰਦੀਪ ਵੱਲ ਜਲਦੀ ਗੇੜਾ ਨਾ ਮਾਰਿਆ। ਆਪਣੇ ਬੰਦਿਆਂ ਦਾ ਉਹ ਹੁਣ ਇੱਕ ਗਰੁੱਪ ਬਣਾ ਬੈਠਾ ਸੀ, ਜਿਨ੍ਹਾਂ ਦਾ ਉਹ ਰਿੰਗ ਲੀਡਰ ਸੀ। ਆਪਣੀ ਸਰੀਰਕ ਅਤੇ ਗਰੁੱਪ ਵਜੋਂ ਹੋਂਦ ਬਣਾਈ ਰੱਖਣ ਲਈ ਹੀ ਉਨ੍ਹਾਂ ਨੂੰ ਕੋਈ ਨਾ ਕੋਈ ਕਾਰਵਾਈ ਕਰਨੀ ਪੈਂਦੀ ਸੀ।

ਸਿਮਰਨ ਬੀ.ਐਡ ਕਰਕੇ ਘਰ ਬੈਠੀ ਸੀ। ਉਸ ਨੇ ਟੀਚਿੰਗ ਲਈ ਰਾਜ ਸਰਕਾਰ ਦਾ ਟੈਸਟ ਪਾਸ ਕਰ ਲਿਆ ਸੀ। ਘਰ ਵਾਲੇ ਵਿਆਹ ਲਈ ਮੁੰਡੇ ਦੀ ਭਾਲ ਕਰਨ ਲੱਗੇ ਸਨ। ਹਰਜੀਤ ਨੇ ਵੀ ਟੈਸਟ ਪਾਸ ਕਰ ਲਿਆ ਸੀ ਤੇ ਉਹ ਆਪਣੇ ਲਾਗੇ ਦੇ ਪਿੰਡ ਵਿੱਚ ਕਿਸੇ ਪ੍ਰਾਈਵੇਟ ਸਕੂਲ ਵਿੱਚ ਸਾਇੰਸ ਪੜ੍ਹਾਉਣ ਲੱਗ ਪਈ ਸੀ। ਤਨਖਾਹ ਤਾਂ ਭਾਵੇਂ ਘੱਟ ਸੀ, ਪਰ ਉਸ ਰੁਝੇ ਰਹਿਣ ਲਈ ਨੌਕਰੀ ਨੂੰ ਤਰਜ਼ੀਹ ਦਿੱਤੀ।

ਅਗਲੇ ਕੁਝ ਮਹੀਨੇ ਦਿਲਬਾਗ ਹੋਰੀਂ ਚੁੱਪ ਰਹੇ। ਆਪੋ ਆਪਣੇ ਲਈ ਖੋਲ੍ਹੇ ਨਿੱਕੇ-ਮੋਟੇ ਕੰਮਾਂ 'ਤੇ ਬੈਠੇ ਰਹਿੰਦੇ। ਦਿਲਬਾਗ ਦੂਜੇ-ਚੌਥੇ ਸਾਰਿਆਂ ਨੂੰ ਮਿਲਦਾ। ਤਿੰਨ-ਚਾਰ ਮਹੀਨੇ ਉਹ ਚੁੱਪ-ਚਾਪ ਰਹੇ। ਫਿਰ ਆਪਣੇ ਇਲਾਕੇ 'ਚੋਂ ਬਾਹਰ ਨਿਕਲ ਕੇ ਉਨ੍ਹਾਂ ਦੁਆਬੇ ਦੇ ਇੱਕ ਕਸਬੇ ਦੇ ਅਮੀਰ ਸੁਨਿਆਰੇ ਨੂੰ ਲੁੱਟਣ ਦੀ ਯੋਜਨਾ ਬਣਾਈ। ਇਹ ਮਈ ਦਾ ਅੱਧ ਸੀ। ਕਹਿਰ ਦੀ ਗਰਮੀ ਅਤੇ ਹੁੰਮਸ ਚੁਫੇਰੇ ਪਸਰੀ ਪਈ ਸੀ। ਦਿਨ ਦੇ ਡੇਢ ਕੁ ਵਜੇ ਸੜਕਾਂ ਲਗਪਗ ਸੁੰਨੀਆਂ ਹੋ ਗਈਆਂ ਸਨ। ਲਾਲਾ ਜੀ ਤਖਤਪੋਸ਼ 'ਤੇ ਵਿਛੇ ਗੱਦੇ 'ਤੇ ਸੁੱਤੇ ਪਏ ਸਨ। ਗੋਲੂ ਬਾਹਰ ਗੱਡੀ ਸਟਾਰਟ ਕਰੀ ਖੜ੍ਹਾ ਸੀ। ਇਹ ਦੁਆਬੇ ਦੀ ਐਨ.ਆਰ.ਆਈ. ਬੈਲਟ ਦਾ ਅਮੀਰ ਕਸਬਾ ਸੀ। ਦਿਲਬਾਗ ਤੇ ਅੰਬਾ ਸ਼ੋਅ ਰੂਮ ਦੇ ਦਰਵਾਜ਼ੇ 'ਤੇ ਗਏ। ਨੌਕਰ ਭਈਏ ਨੇ ਦਰਵਾਜ਼ਾ ਖੋਲ੍ਹਿਆ। ਭਈਆ ਉੱਠਣ ਤੋਂ ਪਹਿਲਾਂ ਫਰਸ਼ 'ਤੇ ਸੁੱਤਾ ਪਿਆ ਸੀ। ਚੱਲ ਰਹੇ ਸਪਲਿੱਟ ਏ.ਸੀ. ਕਾਰਨ ਬਾਹਰ ਅਤੇ ਅੰਦਰ ਦੇ ਵਾਤਾਵਰਣ ਵਿੱਚ ਜ਼ਮੀਨ ਆਸਮਾਨ ਦਾ ਫਰਕ ਸੀ। ਲਾਲਾ ਜੀ ਦੇ ਲਾਗੇ ਪਿਆ ਮੋਬਾਈਲ ਫੋਨ ਦਿਲਬਾਗ ਨੇ ਆਪਣੇ ਕਾਬੂ ਵਿੱਚ ਕਰ ਲਿਆ। ਆਪਣੀ ਜੇਬ ਵਿੱਚ ਇੱਕ ਕੈਂਚੀ ਜਿਹੀ ਕੱਢੀ ਅਤੇ ਕਾਊਂਟਰ 'ਤੇ ਪਏ ਲੈਂਡ ਲਾਈਨ ਫੋਨ ਦੀਆਂ ਤਾਰਾਂ ਕੱਟ ਦਿੱਤੀਆਂ। ਅੰਬੇ ਨੇ ਫਰਸ਼ 'ਤੇ ਪਿਆ ਨੌਕਰ ਦਾ ਮੋਬਾਈਲ ਫੋਨ ਆਪਣੇ ਕਾਬੂ ਵਿੱਚ ਕਰ ਲਿਆ। ਭਈਏ ਦਾ ਮੱਥਾ ਠਣਕਿਆ। ਉਸ ਨੇ ਬਾਹਰ ਵੱਲ ਭੱਜਣ ਦਾ ਯਤਨ ਕੀਤਾ, ਅੰਬੇ ਨੇ ਉਸ ਦੀ ਪੁੜਪੁੜੀ 'ਤੇ ਪਿਸਤੌਲ ਦੀ ਨਾਲੀ ਰੱਖ ਲਈ ਤੇ ਦੁਕਾਨ ਅੰਦਰੋਂ ਲੌਕ ਕਰਵਾ ਲਈ। ਭਈਏ ਦੇ ਪ੍ਰਾਣ ਜਿਵੇਂ ਖੁਸ਼ਕ ਹੋ ਗਏ ਹੋਣ। ਦੁਕਾਨ ਅੰਦਰਲੀ ਹਿਲਜੁਲ ਨਾਲ ਲਾਲਾ ਜੀ ਦੀ ਅੱਖ ਖੁੱਲ੍ਹ ਗਈ।

ਦੁਕਾਨ ਕਾਫੀ ਵੱਡੀ ਸੀ, ਇੱਥੇ ਕਈ ਨੌਕਰ ਕੰਮ ਕਰਦੇ ਸਨ, ਪਰ ਇਸ ਸਮੇਂ ਉਹ ਸਿਰਫ ਦੋ ਜਣੇ ਹੀ ਸਨ। ਦਿਲਬਾਗ ਨੇ ਲਾਲੇ ਦੇ ਮੱਥੇ 'ਤੇ ਪਿਸਤੌਲ ਰੱਖਿਆ ਅਤੇ ਸ਼ੋਅ ਰੂਮ ਵਿੱਚ ਮੌਜੂਦ ਰਕਮ ਅਤੇ ਸੋਨਾ ਉਨ੍ਹਾਂ ਦੇ ਹਵਾਲੇ ਕਰਨ ਲਈ ਕਿਹਾ। ਇੱਕ ਬੋਰੀ ਉਹ ਨਾਲ ਲਿਆਏ ਸਨ। ਇੱਕ ਕਰੋੜ 24 ਲੱਖ ਦੇ ਨੋਟਾਂ ਦੀਆਂ ਦੱਥੀਆਂ ਅਤੇ ਤਕਰੀਬਨ ਡੇਢ ਕਿੱਲੋ ਸੋਨਾ ਉਨ੍ਹਾਂ ਨੇ ਬੋਰੀ ਵਿੱਚ ਪਾਇਆ ਤੇ ਅੰਬਾ ਕਾਰ ਦੀ ਡਿੱਗੀ ਵਿੱਚ ਸੁੱਟ ਆਇਆ। ਦਿਲਬਾਗ ਸ਼ੋਅ ਰੂਮ ਦੇ ਅੰਦਰ ਹੀ ਰਿਹਾ। ਜਦੋਂ ਉਹ ਤੁਰਨ ਲੱਗੇ ਤਾਂ ਲਾਲਾ ਜੀ ਨੇ ਇੱਕ ਹੋਰ ਮੋਬਾਈਲ ਤੋਂ ਫੋਨ ਕਰਨ ਦਾ ਯਤਨ ਕੀਤਾ। ਦਿਲਬਾਗ ਨੇ ਉਹ ਵੀ ਉਹਦੇ ਹੱਥੋਂ ਖੋਹ ਲਿਆ ਤੇ ਧਮਕੀ ਦਿੱਤੀ, 'ਜੇ ਇੱਕ ਘੰਟੇ ਤੱਕ ਕਿਸੇ ਨੂੰ ਫੋਨ ਕੀਤਾ ਤਾਂ ਥੁਆਡਾ ਘਾਣ ਬੱਚਾ ਪੀੜ ਦਿਆਂਗੇ।' ਇਹ ਉਨ੍ਹਾਂ ਦੀ ਵੱਡੀ ਕਾਰਵਾਈ ਸੀ।

ਤਕਰੀਬਨ ਡੇਢ ਘੰਟੇ ਬਾਅਦ ਪੁਲਿਸ ਮੌਕੇ 'ਤੇ ਪੁੱਜੀ। ਜ਼ਿਲ੍ਹੇ ਦਾ ਪੁਲਿਸ ਮੁਖੀ ਤੇ ਹੋਰ ਉਚ ਅਫਸਰ ਮੌਕਾ ਵੇਖਣ ਆਏ। ਲਾਲਾ ਜੀ ਦਾ ਕੇਂਦਰ ਵਿੱਚ ਰਾਜ ਕਰ ਰਹੀ ਪਾਰਟੀ ਨਾਲ ਨੇੜਲਾ ਸੰਬੰਧ ਸੀ, ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਵੀ ਜ਼ਿਲ੍ਹਾ ਪੁਲਿਸ ਮੁਖੀ ਤੇ ਡਿਪਟੀ ਕਮਿਸ਼ਨਰ ਨੂੰ ਫੋਨ ਆਉਣ ਲੱਗੇ। ਇਸ ਕਾਰਵਾਈ ਪਿੱਛੋਂ ਪੁਲਿਸ ਭਾਰੀ ਦਬਾਅ ਹੇਠ ਆ ਗਈ। ਅਗਲੇ ਦਿਨਾਂ ਵਿੱਚ ਅਖਬਾਰਾਂ ਪੰਜਾਬ ਵਿੱਚ ਵਧ ਰਹੇ ਕੈਮੀਕਲ ਨਸ਼ਿਆਂ ਦੀ ਸਮਗਲਿੰਗ, ਖਪਤ ਅਤੇ ਗੈਂਗਸਟਰਵਾਦ 'ਤੇ ਖਬਰਾਂ ਛਾਪਣ ਲੱਗੀਆਂ। ਕਈ ਕੌਮੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਸ਼ਬਦੋ ਵਣਜਾਰਿਓ

# ਬਾਂਹ/ਬਾਜ਼ੂ

ਪਰਮਜੀਤ ਢੀਂਗਰਾ
ਫੋਨ:+91-8847610125





ਮਨੁੱਖੀ ਸਰੀਰ ਦੇ ਅੰਗਾਂ ਵਿੱਚੋਂ ਬਾਂਹ ਦਾ ਵਿਸ਼ੇਸ਼ ਸਥਾਨ ਹੈ। ਸਾਰੀ ਜ਼ਿੰਦਗੀ ਮਨੁੱਖ ਬਾਹਵਾਂ ਆਸਰੇ ਰੋਜ਼ੀ ਰੋਟੀ ਕਮਾਉਂਦਾ ਤੇ ਕਿਰਤ ਕਰਦਾ ਹੈ। ਇਸ ਸ਼ਬਦ ਦੀ ਅਹਿਮੀਅਤ ਕਰਕੇ ਹੀ ਇਸਦਾ ਬਹੁਤ ਥਾਈਂ ਵਿਸਥਾਰ ਮਿਲਦਾ ਹੈ। ਪੰਜਾਬੀ ਕੋਸ਼ਾਂ ਅਨੁਸਾਰ ਬਾਂਹ ਸੰਸ।ਬਾਹ ਦਾ ਅਰਥ ਹੈ- ਹੱਥ ਤੋਂ ਲੈ ਕੇ ਮੋਢਿਆਂ ਤੱਕ ਦਾ ਸਰੀਰ ਦਾ ਅੰਗ, ਭੁਜਾ, ਬਾਜ਼ੂ; ਕਮੀਜ਼, ਕੋਟ ਆਦਿ ਕਪੜਿਆਂ ਦਾ ਉਹ ਹਿੱਸਾ ਜਿਸ ਵਿੱਚ ਬਾਂਹ ਪਾਈ ਜਾਂਦੀ ਹੈ; ਸਹਾਇਕ, ਮਦਦਗਾਰ; ਭਰਾ, ਸਾਕ ਸੰਬੰਧੀ; ਬਾਹੀ (ਮੰਜੀ ਦੀ); ਕਿਲ੍ਹੇ ਦੇ ਕੋਟ ਦਾ ਸਾਹਮਣਾ ਪਾਸਾ; ਕੁੜਮਾਈ ਜਾਂ ਵੱਟੇ ਜਾਂ ਪੈਸੇ ਲੈਣ ਕਰਕੇ ਕਿਸੇ ਔਰਤ 'ਤੇ ਹੱਕ ਰੱਖਣ ਦਾ ਭਾਵ। ਪਰਿਕਰਮਾ ਦੀ ਬਾਹੀ।

ਇਸ ਨਾਲ ਅਨੇਕਾਂ ਸ਼ਬਦ ਤੇ ਮੁਹਾਵਰੇ ਜੁੜੇ ਹੋਏ ਹਨ, ਜਿਵੇਂ-ਬਾਂਹ ਖੜ੍ਹੀ ਕਰਨਾ-ਕਿਸੇ ਦੇ ਹੱਕ ਵਿੱਚ ਰਾਏ ਦੇਣੀ; ਬਾਂਹ ਟੁੱਟਣੀ- ਕਿਸੇ ਸੱਜਣ ਮਿੱਤਰ ਦਾ ਚਲਾਣਾ; ਬਾਂਹ ਦੇਣਾ- ਸਹਾਰਾ ਦੇਣਾ; ਬਾਂਹ ਨਾ ਛੱਡਣਾ- ਤੋੜ ਨਿਭਾਉਣਾ; ਬਾਂਹ ਫੜਨਾ- ਸ਼ਰਨ ਵਿੱਚ ਲੈਣਾ, ਪਨਾਹ ਦੇਣਾ; ਬਾਂਹ ਫੜਾਉਣਾ- ਜ਼ਿੰਮੇਵਾਰੀ ਸੌਂਪਣਾ; ਬਾਂਹ ਬਣਨਾ- ਮਦਦ ਕਰਨ ਦੇ ਕਾਬਲ ਹੋਣਾ; ਬਾਂਹ ਭੱਜਣਾ; ਬਾਂਹ ਲੁਡਾਉਣਾ- ਬੇਫਿਕਰੀ ਨਾਲ ਮਗਨ ਹੋ ਕੇ ਚਲਣਾ 'ਕਹੁ ਨਾਨਕ ਬਾਹ ਲੁਡਾਈਐ॥'; ਬਾਂਹ ਵਧਾਉਣਾ; ਬਾਹਵਾਂ ਕੁੰਜਣਾ/ਟੁੰਗਣਾ/ ਚੜ੍ਹਾਉਣਾ- ਲੜਨ ਲਈ ਤਿਆਰ ਹੋਣਾ; ਬਾਂਹਾਂ ਉਲਾਰਨਾ- ਖ਼ੁਸ਼ੀ ਪ੍ਰਗਟ ਕਰਨੀ; ਬਾਂਹਾਂ ਆਕੜਨਾ- ਕਿਸੇ ਨੂੰ ਮਿਲਣ ਲਈ ਬੇਚੈਨ ਹੋਣਾ; ਬਾਂਹਾਂ ਪਾਸਾਰ ਮਿਲਣਾ- ਬੜੇ ਪਿਆਰ ਨਾਲ ਮਿਲਣਾ; ਬਾਂਹਾਂ ਖੜ੍ਹੀਆਂ ਕਰਕੇ ਰੋਣਾ- ਚਾਹੀਂ ਮਾਰ ਕੇ ਰੋਣਾ; ਬਾਂਹਾਂ ਚਾ ਕੇ ਦੁਹਾਈ ਦੇਣਾ- ਉੱਚੀ ਉੱਚੀ ਰੌਲਾ ਪਾਉਣਾ; ਬਾਂਹਾਂ ਟੁੱਕ ਟੁੱਕ ਖਾਣਾ- ਰੰਜ ਤੇ ਬੇਵਸੀ ਦੀ ਹਾਲਤ ਵਿੱਚ ਹੋਣਾ 'ਰੋਵਣ ਬਾਂਹਾਂ ਟੁੱਕ ਟੁੱਕ ਖਾਵਣ, ਕਰ ਕਰ ਮੰਦਾ ਹੀਲਾ' (ਸੈਫ।); ਭੱਜੀਆਂ ਬਾਂਹਾਂ ਗਲ ਨੂੰ ਆਉਣੀਆਂ- ਮੁਸੀਬਤ ਵੇਲੇ ਆਪਣੇ ਕੰਮ ਆਉਂਦੇ; ਬਾਂਹਾਂ ਮਜਬੂਤ ਹੋਣੀਆਂ- ਧੜਾ ਭਾਰਾ ਹੋਣਾ; ਬਾਂਹਾਂ ਮਾਰਨਾ- ਕੋਸ਼ਿਸ਼ ਕਰਨਾ; ਬਾਂਹਾਂ ਲਮਕਾਉਂਦੇ ਆਉਣਾ- ਖਾਲੀ ਹੱਥ ਆਉਣਾ; ਬਾਂਹਾਂ ਲੰਮੀਆਂ ਹੋਣੀਆਂ- ਪਹੁੰਚ ਵਾਲਾ ਹੋਣਾ; ਬਾਂਹਾਂ ਵੱਢ ਵੱਢ ਖਾਣਾ- ਕਚੀਚੀਆਂ ਵੱਟਣਾ; ਚੱਕੀਂ ਬਾਂਹਾਂ ਕੰਪਣਾ- ਤਿਲਮਿਲਾਣਾ; ਖੁੱਚ ਬਾਂਹੋਂ ਫੜਨਾ- ਪਤਾ ਕੱਢਣਾ; ਵੇਲਣੇ 'ਚ ਬਾਂਹ ਆਉਣੀ- ਵੱਡੀ ਮੁਸੀਬਤ ਵਿੱਚ ਫਸਣਾ; ਅਸਮਾਨ ਜਿੱਡੇ ਖਲਾਰਿਆਂ ਲਈ ਰੱਬ ਜਿੱਡੀ ਬਾਂਹ ਚਾਹੀਦੀ ਹੈ- ਵੱਡੇ ਕੰਮ ਲਈ ਵੱਡੇ ਯਤਨਾਂ ਦੀ ਲੋੜ; ਉੱਲਰ ਬਾਂਹ ਸੁਲੱਖਣੀ ਪਿਛੋਂ ਪੱਛੀ ਸੱਖਣੀ- ਫੋਕਾ ਵਿਖਾਵਾ ਕਰਨਾ; ਬਾਂਹ ਬੇਲੀ; ਬਾਂਹਾਂ ਵਾਲਾ; ਸੱਜੀ ਬਾਂਹ ਆਦਿ।

ਨਿਰੁਕਤ ਕੋਸ਼ ਅਨੁਸਾਰ- ਭੁਜਾ, ਪ੍ਰਾ।ਬਾਹੁ; ਬਾਹ; ਸਿੰਧੀ ਬਾਂਹ, ਬੰਗਾ।ਬਾਹ, ਗੁਜ।ਬਾਹੁ, ਮਰਾਠੀ ਬਾਹੀ, ਬਾਂਹ, ਫਾ।ਬਾਜ਼ੁ; ਬਾਹੀ ਮੰਜੇ ਦੀ, ਕਿਸੇ ਚੀਜ਼ ਦਾ ਇਕ ਪਾਸਾ, ਚੁਗਾਠ ਦੀ ਲੰਮੇ ਪਾਸੇ ਦੀ ਲੱਕੜ। ਨਵਾਂ ਸੰਪੂਰਨ ਮਹਾਨ ਕੋਸ਼ ਅਨੁਸਾਰ ਬਾਹ-(ਪ੍ਰਾ। ਪਾਲੀ, ਅਪਭ੍ਰੰਸ਼ ਬਾਹਾ, ਬਾਹੜਿ, ਬਾਹੁ, ਸੰਸ।ਬਾਹੁ, ਫਾ।ਬਾਜ਼ੂ), ਬਾਂਹ, ਭੁਜਾ, ਪੋਟਿਆਂ ਤੋਂ ਕੂਹਣੀ ਤੱਕ ਦਾ ਹਿੱਸਾ: 'ਉਰਵਾਰਿ ਪਾਰਿ ਮੇਰਾ ਸਹੁ ਵਸੈ, ਹਉ ਮਿਲਉਗੀ ਬਾਹ ਪਸਾਰਿ॥, ਬਾਹ ਪਕੜਿ ਗੁਰਿ ਕਾਢਿਆ, ਸੋਈ ਉਤਰਿਆ ਪਾਰਿ॥' ਮੰਜੇ ਦੀ ਬਾਹੀ, ਕਿਲ੍ਹੇ ਦਾ ਕੋਈ ਪਾਸਾ, ਦਸਤਾ, ਮੁੱਠਾ, ਘੋੜਾ, ਤਰੰਗ। ਬਾਂਹ-ਬਾਜ਼ੂ, ਭੁਜਾ 'ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ।, ਬਾਂਹ ਪਕੜਿ ਠਾਕੁਰਿ ਹਉ ਘਿਧੀ॥ 'ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥'


ਅਰਬੀ-ਫਾਰਸੀ ਕੋਸ਼ ਅਨੁਸਾਰ- ਬਾਜ਼ੂ=ਤਾਕਤ, ਖੰਬ, ਕੂਹਣੀ ਤੋਂ ਲੈ ਕੇ ਮੋਢੇ ਤੱਕ ਦਾ ਹਿੱਸਾ, ਬਾਂਹ, ਹੱਥ, ਭੁਜਾ; ਪਸ਼ੂ ਦੀਆਂ ਮੁਹਰਲੀਆਂ ਲੱਤਾਂ; ਚੋਗੇ ਜਾਂ ਕਮੀਜ਼ ਦੀ ਬਾਂਹ; ਬਗਲ; ਪੰਛੀਆਂ ਦੇ ਸਰੀਰ ਦਾ ਉਹ ਹਿੱਸਾ ਜਿਸ 'ਤੇ ਖੰਭ ਹੁੰਦੇ ਹਨ; ਪਾਸਾ; ਸਕਾ ਭਾਈ; ਦੋਸਤ; ਮਦਦਗਾਰ; ਕੁਰਸੀ ਦੀ ਬਾਂਹ; ਮੰਜੇ ਦੀ ਬਾਹੀ; ਚੁਗਾਠ ਦੀਆਂ ਖੜਵੀਆਂ ਲੱਕੜਾਂ। ਬਾਜ਼ੂਬੰਦ-ਬਾਂਹਾਂ ਦਾ ਗਹਿਣਾ। ਫਾਰਸੀ ਕੋਸ਼ ਅਨੁਸਾਰ ਬਾਜ਼ੂ-ਬਾਂਹ, ਕੂਹਣੀ, ਸ਼ਕਤੀ, ਯੋਗਤਾ, ਪਰਨਾ, ਚੋਗਾਠ ਦੀਆਂ ਬਾਹੀਆਂ, ਮੰਜੀ ਦੀ ਬਾਹੀ, ਦੋਸਤ, ਸਾਥੀ, ਸਹਿਗਾਇਕ, ਹਰਨੋਟਾ, ਹਰਨ॥ ਬਾਜ਼ੂਦਾਦਨ-ਮਦਦ ਕਰਨੀ; ਬਾਜ਼ੂਦਰਾਜ਼-ਜਬਰਦਸਤ, ਲੰਮੀਆਂ ਬਾਂਹਾਂ ਵਾਲਾ, ਜ਼ਾਲਮ; ਬਾਜ਼ੂ ਸ਼ਿਕਨ- ਤਾਕਤਵਰ, ਜ਼ੋਰਾਵਰ; ਬਾਜ਼ੂ ਕੁਸ਼ਾਦਨ- ਬਹਾਦਰੀ ਵਖਾਉਣਾ, ਬਖਸ਼ਿਸ਼ ਕਰਨੀ।

ਬਾਂਹ ਸ਼ਬਦ ਮੂਲ ਰੂਪ ਵਿੱਚ ਇੰਡੋ-ਇਰਾਨੀ ਭਾਸ਼ਾ ਪਰਿਵਾਰ ਦਾ ਹੈ। ਬਾਂਹ ਤੇ ਬਾਜ਼ੂ ਇੱਕ ਹੀ ਮੂਲ ਦੀ ਉਪਜ ਹਨ। ਸੰਸਕ੍ਰਿਤ ਦਾ ਬਾਹੂ ਅਵੇਸਤਾ ਵਿੱਚ ਬਾਜ਼ੂ ਬਣ ਜਾਂਦਾ ਹੈ। ਬਾਹੂ ਬਣਿਆ ਹੈ ਸੰਸਕ੍ਰਿਤ ਦੀ ਧਾਤੂ /ਬੰਹ੍/ ਤੋਂ ਜਿਸ ਵਿੱਚ ਉੱਗਣ, ਵਧਣ ਦੇ ਭਾਵ ਹਨ। ਮਨੁੱਖੀ ਧੜ ਵਿੱਚੋਂ ਨਿਕਲੀਆਂ ਦੋ ਸ਼ਾਖਾਵਾਂ, ਜੋ ਜਵਾਨੀ ਤੱਕ ਵੱਧ ਕੇ ਸਰੀਰ ਦਾ ਮਹੱਤਵਪੂਰਨ ਅੰਗ ਬਣ ਜਾਂਦੀਆਂ ਹਨ। ਉਂਜ ਸੰਸਕ੍ਰਿਤ ਦੀ ਧਾਤੂ /ਵਹ੍/ ਤੋਂ ਵੀ ਬਾਹੂ ਦਾ ਵਿਕਾਸ ਮੰਨਿਆ ਜਾਂਦਾ ਹੈ। ਵਹ੍ ਵਿੱਚ ਵਹਿਣ, ਅੱਗੇ ਜਾਣ, ਨਿਕਲਣ, ਢੋਣ ਵਰਗੇ ਭਾਵ ਹਨ। ਹੱਥ ਸਰੀਰ ਦੇ ਅੱਗੇ ਵੱਲ ਨਿਕਲੇ ਅੰਗ ਹਨ। ਇਨ੍ਹਾਂ ਰਾਹੀਂ ਮੁਦਰਾਵਾਂ, ਇਸ਼ਾਰੇ ਤੇ ਕਿਰਤ ਨੂੰ ਅੰਜਾਮ ਦਿੱਤਾ ਜਾਂਦਾ ਹੈ। ਇਸ ਲਈ ਵਹ੍ ਤੋਂ ਵਾਹਣਾ ਭਾਵ ਉਠਾਉਣ ਜਾਂ ਚੁੱਕਣ ਵਾਲਾ ਤੇ ਵਾਹ ਧਾਤੂ ਤੋਂ ਵਾਹੂ ਭਾਵ ਬਾਂਹ ਬਣਿਆ ਹੈ। ਸੰਸਕ੍ਰਿਤ ਵਿੱਚ 'ਵ' ਦਾ 'ਬ' ਵਿੱਚ ਰੂਪਾਂਤਰ ਹੋ ਜਾਂਦਾ ਹੈ, ਇਸ ਲਈ ਵਾਹੂ ਦਾ ਇੱਕ ਰੂਪ ਬਾਹੂ ਵੀ ਮਿਲਦਾ ਹੈ। ਬਾਹੂ ਦੀ ਵੀ ਇਹੀ ਵਿਓਤਪਤੀ ਹੈ। ਜਿਥੇ ਬੰਹ੍ ਵਿੱਚ ਉੱਗਣ-ਵਧਣ ਦੇ ਭਾਵ ਹਨ, ਇਸ ਲਿਹਾਜ਼ ਨਾਲ ਸਰੀਰ ਦੇ ਹਰ ਅੰਗ ਨੂੰ ਬਾਹੂ ਕਿਹਾ ਜਾ ਸਕਦਾ ਹੈ, ਕਿਉਂਕਿ ਉਮਰ ਦੇ ਵਧਣ ਨਾਲ ਸਾਰੇ ਅੰਗ ਵਧਦੇ ਹਨ। ਬੰਹ੍ ਵਿੱਚ ਵਧਣ, ਅੱਗੇ ਜਾਣ ਤੇ ਢੋਣ ਦੇ ਭਾਵ ਬਾਂਹ ਦੇ ਕੰਮਾਂ ਨਾਲ ਮੇਲ ਖਾਂਦੇ ਹਨ।

ਯੂਰਪੀ ਭਾਸ਼ਾਵਾਂ ਦੀ ਸਕੀਰੀ ਵੀ ਬਾਂਹ ਜਾਂ ਬਾਜ਼ੂ ਨਾਲ ਨਿਕਲਦੀ ਹੈ, ਕਿਉਂਕਿ ਮੂਲ ਰੂਪ ਵਿੱਚ ਇਨ੍ਹਾਂ ਦੋਹਾਂ ਸ਼ਬਦਾਂ ਦਾ ਰਿਸ਼ਤਾ ਭਰੋਪੀ ਭਾਸ਼ਾ ਪਰਿਵਾਰ ਨਾਲ ਜੁੜਦਾ ਹੈ। ਪੁਰਾਣੀ ਅੰਗਰੇਜ਼ੀ ਵਿੱਚ ਬਾਓ, ਬੋ (bough, boh) ਦਾ ਅਰਥ ਵੀ ਮੋਢਾ ਹੈ। ਇਸੇ ਤਰ੍ਹਾਂ ਅੰਗਰੇਜ਼ੀ ਦੇ ਬੋ ਦਾ ਅਰਥ ਸ਼ਾਖਾ ਜਾਂ ਟਹਿਣੀ ਹੈ। ਬਾਂਹ ਵੀ ਸਰੀਰ ਵਿੱਚੋਂ ਨਿਕਲੀ ਸ਼ਾਖਾ ਹੈ। ਸੰਸਕ੍ਰਿਤ ਦਾ ਬਹੁ ਅਵੇਸਤਾ ਵਿੱਚ ਬਾਜ਼ੂ ਬਣਦਾ ਹੈ ਤੇ ਮੱਧਕਾਲੀ ਫਾਰਸੀ ਵਿੱਚ ਬਾਜ਼ੁਕ, ਜਿਸ ਵਿੱਚ ਬਾਂਹ ਜਾਂ ਹੱਥਾਂ ਦਾ ਭਾਵ ਹੈ। ਬਾਹੁ ਤੋਂ ਹੀ ਬਾਹੂਬਲ ਜਾਂ ਬਾਹੂਬਲੀ ਵਰਗੇ ਸ਼ਬਦ ਬਣੇ ਹਨ, ਜਿਨ੍ਹਾਂ ਦਾ ਭਾਵ ਸਰੀਰਕ ਤਾਕਤ ਤੋਂ ਹੈ। ਬਾਹੂਬਲੀ ਦਾ ਅਰਥ ਭਲਵਾਨ, ਤਾਕਤਵਰ ਜਾਂ ਗੁੰਡਾ ਵੀ ਕੀਤਾ ਜਾਂਦਾ ਹੈ। ਬਾਜੂਬੰਦ ਗਹਿਣਾ ਹੈ, ਪਰ ਕਈ ਥਾਈਂ ਵਿਸ਼ਿਸ਼ਟ ਕੁਲਗੋਤਰ ਦੀ ਪਛਾਣ ਲਈ ਵੀ ਔਰਤਾਂ-ਪੁਰਸ਼ ਇਹਨੂੰ ਪਹਿਨਦੇ ਸਨ। ਬਾਂਹ ਲਈ ਭੁਜਾ ਸ਼ਬਦ ਵੀ ਪ੍ਰਚਲਤ ਹੈ। ਭੁਜਾ ਸ਼ਬਦ ਦੀ ਵਿਓਤਪਤੀ ਸੰਸਕ੍ਰਿਤ ਧਾਤੂ /ਭੁਜ/ ਤੋਂ ਹੋਈ ਹੈ। ਇਹਦਾ ਸੰਬੰਧ /ਭਜ/ ਧਾਤੂ ਨਾਲ ਜੁੜਦਾ ਹੈ, ਜਿਸ ਤੋਂ ਭੱਗ, ਭਗਵਾਨ, ਭਾਗ ਵਰਗੇ ਸ਼ਬਦ ਬਣੇ ਹਨ। ਭੁਜ ਤੋਂ ਹੀ ਭੁਜਾ ਜਾਂ ਬਾਂਹ ਬਣਿਆ ਹੈ। ਭੁਜਾ ਅਜਿਹਾ ਅੰਗ ਹੈ, ਜੋ ਵਿਭਿੰਨ ਦਿਸ਼ਾਵਾਂ ਵਿੱਚ ਮੁੜ ਜਾਂਦਾ ਹੈ। ਇਸ ਤਰ੍ਹਾਂ ਇਸ ਵਿੱਚ ਮੁੜਨ, ਝੁਕਣ ਦੇ ਭਾਵ ਵੀ ਪਏ ਹਨ।

ਭੋਜਨ ਦਾ ਅਰਥ ਵਿਆਪਕ ਰੂਪ ਵਿੱਚ ਆਹਾਰ ਨਾ ਹੋ ਕੇ ਭੋਗ ਸਮੱਗਰੀ ਦੇ ਰੂਪ ਵਿੱਚ ਹੈ। ਭੱਜ ਦਾ ਅਰਥ ਵੰਡਣਾ, ਵੱਖ-ਵੱਖ ਕਰਨਾ, ਟੁਕੜੇ ਕਰਨਾ ਵੀ ਹੈ। ਭੁਜ ਦਾ ਅਰਥ ਖਾਣਾ, ਨਿਗਲਣਾ, ਝੁਕਾਣਾ, ਮੋੜਨਾ, ਅਨੰਦ ਲੈਣਾ, ਮਜ਼ੇ ਕਰਨਾ ਵੀ ਕੀਤਾ ਜਾਂਦਾ ਹੈ। ਭੋਜਨ ਗ੍ਰਹਿਣ ਕਰਨ ਤੋਂ ਬਾਅਦ ਉਹਦੇ ਅੰਸ਼ ਜਾਂ ਚਿੱਥ ਚਿੱਥ ਕੇ ਟੋਟੇ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਪਕਾਉਣ ਤੋਂ ਪਹਿਲਾਂ ਵੀ ਸਬਜ਼ੀ ਕੱਟ ਕੱਟ ਕੇ ਉਹਦੇ ਬਾਰੀਕ ਟੋਟੇ ਕਰ ਦਿੱਤੇ ਜਾਂਦੇ ਹਨ। ਮੂੰਹ ਵਿੱਚ ਪਾਉਣ ਤੋਂ ਪਹਿਲਾਂ ਰੋਟੀ ਦੀਆਂ ਗ੍ਰਾਹੀਆਂ ਜਾਂ ਬੁਰਕੀਆਂ ਕੀਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਤੋੜੇ, ਮਰੋੜੇ ਭੋਜਨ ਨੂੰ ਮੂੰਹ ਵਿੱਚ ਦੰਦਾਂ ਨਾਲ ਚਿੱਥ ਚਿੱਥ ਕੇ ਹੋਰ ਟੁਕੜਿਆਂ ਵਿੱਚ ਵੰਡ ਦਿੱਤਾ ਜਾਂਦਾ ਹੈ। ਅਹਾਰ ਦੇ ਅਰਥਾਂ ਵਿੱਚ ਭੋਜਨ ਸ਼ਬਦ ਬਣਿਆ ਹੈ, ਭੋਜਨਮ੍ ਤੋਂ। ਇਸ ਵਿੱਚ ਟੁਕੜੇ ਕਰਨ, ਮੋੜਨ, ਨਿਗਲਣ ਦੇ ਭਾਵ ਮਿਲਦੇ ਹਨ। ਬਾਂਹ ਜਾਂ ਬਾਜ਼ੂ ਲਈ ਅੰਗਰੇਜ਼ੀ ਦਾ ਸ਼ਬਦ ਆਰਮ (arm) ਹੈ, ਜਿਸ ਵਿੱਚ ਸਰੀਰ ਦੇ ਹਿੱਸੇ ਜਾਂ ਅੰਗ ਦਾ ਭਾਵ ਹੈ। ਮੂਲ ਰੂਪ ਵਿੱਚ ਇਹ ਭਰੋਪੀ ਧਾਤੂ /ਅਰ੍/ ਤੋਂ ਬਣਿਆ ਹੈ, ਜਿਸ ਵਿੱਚ ਜੁੜਨ ਦਾ ਭਾਵ ਹੈ। ਅੰਗਰੇਜ਼ੀ ਵਿੱਚ ਆਰਮੀ ਅਰਥਾਤ ਫੌਜ ਸ਼ਬਦ ਵਿੱਚ ਵੀ ਇਹੀ ਧਾਤੂ ਹੈ।

ਸੰਸਕ੍ਰਿਤ ਵਿੱਚ ਏਸੇ ਮੂਲ ਦਾ ਸ਼ਬਦ 'ਈਮਰ' ਹੈ, ਜਿਸਦਾ ਅਰਥ ਹੈ- ਬਾਂਹ ਜਾਂ ਭੁਜਾ (ਵਿਲੀਅਮ ਮੋਨੀਅਰ)। ਸਪੱਸ਼ਟ ਹੈ, ਫੌਜ ਦੇ ਰੂਪ ਵਿੱਚ ਇਸਨੇ ਸਮੂਹਵਾਚੀ ਭਾਵ ਗ੍ਰਹਿਣ ਕਰ ਲਿਆ ਹੈ। ਅਰ੍ ਤੋਂ ਲੈਟਿਨ ਵਿੱਚ ਆਰਮੇਅਰ (armare) ਸ਼ਬਦ ਬਣਦਾ ਹੈ, ਜਿਸਦਾ ਭਾਵ ਹੈ ਜੁੜਨਾ। ਅੰਗਰੇਜ਼ੀ ਵਿੱਚ ਇਸ ਤੋਂ ਕਈ ਸ਼ਬਦ ਬਣਦੇ ਹਨ ਜਿਵੇਂ- armament, armada, armadillo, armageddon, armature, armistice, armor, army ਆਦਿ। ਇਸ ਤਰ੍ਹਾਂ ਬਾਂਹ ਜਾਂ ਬਾਜ਼ੂ ਸ਼ਬਦ ਦਾ ਵਿਸਥਾਰ ਦੇਖਿਆ ਜਾ ਸਕਦਾ ਹੈ।



## ਸ਼ਾਹਸਵਾਰ

ਅਤੇ ਖੇਤਰੀ ਅਖ਼ਬਾਰਾਂ ਨੇ ਇਸ ਮਸਲੇ ਉਪਰ ਐਡੀਟੋਰੀਅਲ ਲਿਖੇ। ਇੰਜ ਸਥਾਨਕ ਸਰਕਾਰੀ ਪ੍ਰਸ਼ਾਸਨ ਭਾਰੀ ਦਬਾਅ ਹੇਠ ਆ ਗਿਆ।

ਕਾਫੀ ਪੈਸਾ ਅਤੇ ਸੋਨਾ ਵਗੈਰਾ ਹੱਥ ਲੱਗ ਜਾਣ ਕਾਰਨ ਦਿਲਬਾਗ ਹੋਰਾਂ ਦਾ ਹੱਥ ਸੌਖਾ ਹੋ ਗਿਆ। ਦਿਲਬਾਗ ਨੇ ਥੋੜ੍ਹੀ ਦੂਰ ਜਾ ਕੇ ਗੱਡੀ ਪਿੰਡਾਂ ਵਿੱਚ ਦੀ ਪਾ ਲਈ। ਇੱਕ ਉੱਜੜੇ ਜਿਹੇ ਭੱਠੇ ਵਿੱਚ ਗੱਡੀ ਲਾ ਕੇ ਉਨ੍ਹਾਂ ਗੱਡੀ ਦਾ ਨੰਬਰ ਬਦਲਿਆ ਅਤੇ ਤੇਜ਼ੀ ਨਾਲ ਸੰਬੰਧਤ ਜ਼ਿਲ੍ਹੇ ਤੋਂ ਬਾਹਰ ਹੋ ਗਏ। ਫਿਲੌਰ ਪਹੁੰਚ ਕੇ ਦਿਲਬਾਗ ਨੇ ਅੰਬੇ ਹੋਰਾਂ ਨੂੰ ਬੱਸ ਚੜ੍ਹਾ ਦਿੱਤਾ ਅਤੇ ਆਪ ਆਪਣੇ ਕਿਸੇ ਪੁਰਾਣੇ ਦੋਸਤ ਕੋਲ ਟਿਕ ਗਿਆ। ਉਹਨੂੰ ਦਿਲਬਾਗ ਬਾਰੇ ਬਹੁਤਾ ਕੁਝ ਪਤਾ ਨਹੀਂ ਸੀ ਕਿ ਅੱਜ ਕੱਲ੍ਹ ਉਹ ਕੀ ਕਰਦਾ। ਉਹ ਦੋਨੋਂ ਕੌਮੀ ਪੱਧਰ 'ਤੇ ਫੁੱਟਬਾਲ ਖੇਡੇ ਸਨ। ਫਿਜ਼ੀਕਲ ਐਜੂਕੇਸ਼ਨ ਵਿੱਚ ਐਮ.ਪੀ.ਐਡ ਕਰਨ ਤੋਂ ਬਾਅਦ ਬਘੇਲ ਸਿੰਘ ਨੂੰ ਨੌਕਰੀ ਨਹੀਂ ਸੀ ਮਿਲੀ। ਉਹ ਵਾਹੀ ਕਰਨ ਲੱਗ ਪਿਆ ਸੀ। ਆਪਣੇ ਇੱਕ ਹੋਰ ਪੁਰਾਣੇ ਖਿਡਾਰੀ ਯਾਰ ਦੀ ਸੰਗਤ ਨੇ ਉਸ ਨੂੰ ਚਿੱਟਾ ਵੇਚਣ ਦੀ ਲਤ ਲਾ ਦਿੱਤੀ। ਪਿਛੋਂ ਉਹ ਆਪ ਵੀ ਛਕਣ ਲੱਗਾ। ਦਿਲਬਾਗ ਪਹਿਲਾਂ ਵੀ ਕਈ ਵਾਰ ਉਨ੍ਹਾਂ ਦੇ ਘਰ ਆਇਆ ਸੀ। ਪਿਉ ਵਿਦੇਸ਼ ਗਿਆ ਹੋਇਆ ਸੀ। ਘਰ ਬਘੇਲਾ, ਉਹਦੀ ਭੈਣ ਤੇ ਮਾਂ ਹੀ ਸਨ। ਮੁੰਡੇ ਦੀ ਭੈਣ ਤੇ ਮਾਂ ਦਿਲਬਾਗ ਕੋਲ ਰੋਣ ਲੱਗੀਆਂ। ਉਨ੍ਹਾਂ ਤਰਲਾ ਕੀਤਾ, 'ਕੁਝ ਕਰੋ, ਇਸ ਦਾ ਨਸ਼ਾ ਛਡਾਉ, ਜਦੋਂ ਨਸ਼ਾ ਨਹੀਂ ਮਿਲਦਾ ਤਾਂ ਇਹ ਮੱਛੀ ਵਾਂਗ ਤੜਫਦਾ, ਸਾਥੋਂ ਵੇਖ ਨਹੀਂ ਹੁੰਦਾ। ਕਈ ਵਾਰ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਕਰਵਾਇਆ, ਉਥੋਂ ਜ਼ਬਰਦਸਤੀ ਦੌੜ ਆਉਂਦਾ।'

ਦਿਲਬਾਗ ਆਪਣੀ ਫਸੀ ਨਿਬੇੜਨ ਲਈ ਉਨ੍ਹਾਂ ਦੇ ਘਰ ਆਇਆ ਸੀ, ਪਰ ਅਗਾਂਹ ਮੁੰਡੇ ਦੇ ਮਾਪਿਆਂ ਦਾ ਦੁਖ ਸੁਣਦਿਆਂ ਰਾਤ ਬੀਤ ਗਈ। ਸਵੇਰੇ ਜਾਣ ਤੋਂ ਪਹਿਲਾਂ ਉਸ ਨੇ 25,000 ਰੁਪਏ ਗੱਡੀ 'ਚੋਂ ਕੱਢੇ 'ਤੇ ਮੁੰਡੇ ਦੀ ਮਾਂ ਨੂੰ ਫੜਾਏ, 'ਇਹਨੂੰ ਕਿਸੇ ਚੰਗੇ ਹਸਪਤਾਲ ਵਿੱਚ ਦਾਖਲ ਕਰਵਾਉ, ਮੈਂ ਫੇਰ ਗੇੜਾ ਮਾਰਾਂਗਾ। ਖਰਚੇ ਦਾ ਫਿਕਰ ਨਾ ਕਰਿਓ। ਹੋ ਸਕਦਾ ਉਪਰਲਾ ਮਿਹਰ ਕਰੇ।' ਬਘੇਲੇ ਦੀ ਮਾਂ ਅਤੇ ਭੈਣ ਦੇ ਨਾਂਹ ਨੁੱਕਰ ਕਰਦਿਆਂ ਵੀ ਦਿਲਬਾਗ ਨੇ ਪੈਸੇ ਟੇਬਲ 'ਤੇ ਰੱਖੇ ਅਤੇ ਗੱਡੀ ਵੱਲ ਤੁਰ ਪਿਆ। ਉੱਝ ਬਘੇਲਾ ਅੱਜ ਅਚਾਨਕ ਦਿਲਬਾਗ ਨੂੰ ਵੇਖ ਕੇ ਟਹਿਕ ਪਿਆ ਸੀ। ਉਹਨੂੰ ਹਾਲੇ ਇਹ ਪਤਾ ਨਹੀਂ ਸੀ ਕਿ ਦਿਲਬਾਗ ਆਪ ਕਿਹੜੇ ਵਾਹਣੀ ਪਿਆ ਹੋਇਆ ਹੈ।

ਦਿਲਬਾਗ ਨੇ ਸਵੇਰੇ ਪਹੁ ਫੁਟਾਲੇ ਤੋਂ ਥੋੜ੍ਹਾ ਜਿਹਾ ਪਹਿਲਾਂ ਆਪਣੇ ਟਿਕਾਣੇ ਵੱਲ ਚਾਲੇ ਪਾ ਲਏ। ਇਸ ਵਕਤ ਪੁਲਿਸ ਦੇ ਨਾਕੇ ਘੱਟ ਹੁੰਦੇ। ਉਹਨੇ ਗੱਡੀ ਪਿੰਡਾਂ ਵਿੱਚ ਦੀ ਹੀ ਦੱਬੀ ਰੱਖੀ। ਬਿਨਾ ਹਾਈਵੇਅ ਉਤੇ ਚੜ੍ਹੇ ਉਹ ਆਪਣੇ ਟਿਕਾਣੇ 'ਤੇ ਪਹੁੰਚਿਆ। ਜਾਂਦਿਆਂ ਉਹ ਸੋਚਦਾ ਰਿਹਾ, ਅਸੀਂ ਜਿਹੜੇ ਕੌਮਾਂਤਰੀ ਪੱਧਰ ਦੇ ਖਿਡਾਰੀ ਬਣਨਾ ਚਾਹੁੰਦੇ ਸਾਂ, ਵੱਡੇ-ਵੱਡੇ ਖਿਡਾਰੀ ਸਾਡਾ ਤਹਿਲਕਾ ਮੰਨਦੇ ਸਨ, ਇਹ ਕਿਹੜੇ ਰਾਹ ਪੈ ਗਏ ਹਾਂ? ਇਹਦਾ ਕਿੱਥੇ ਅੰਤ ਹੋਵੇਗਾ? ਕਿਸੇ ਪੁਲਿਸ ਮੁਕਾਬਲੇ ਵਿੱਚ ਜਾਂ ਜੇਲ੍ਹ ਵਿੱਚ? ਇਹ ਬਘੇਲੇ ਦਾ ਕੀ ਬਣੂ, ਇਹ ਤਾਂ ਕੌਮੀ ਟੀਮ ਲਈ ਚੁਣਿਆ ਵੀ ਗਿਆ ਸੀ। ਇਹ ਸਾਲਾ ਚਿੱਟਾ ਵੇਚਦਾ ਵੇਚਦਾ ਚਿੱਟਾ ਖਾਣ ਲੱਗ ਪਿਆ। ਕਿੰਨਾ ਵਧੀਆ ਫਾਰਵਰਡ ਸੀ ਇਹ, ਇਹਦੇ ਪੈਰਾਂ ਨਾਲੋਂ ਬਾਲ ਲਾਹੁਣੀ ਮੁਸ਼ਕਲ ਹੋ ਜਾਂਦੀ ਸੀ। ਕਿੱਡਾ ਸਾਰਾ ਬੂਥਾ ਕਰੀ ਬੈਠਾ ਸਾਲਾ ਨਸ਼ੇ ਨਾਲ! ਢਿੱਡ ਇੱਦਾਂ ਵਧਿਆ, ਜਿਵੇਂ ਨਿਆਣਾ ਹੋਣਾ ਹੋਵੇ। ਹਾਲੇ ਸਾਲਾ ਵਿਆਹਿਆ ਨ੍ਹੀਂ ਵਰ੍ਹਿਆ ਨ੍ਹੀਂ। ਥਾਂ-ਥਾਂ ਤੋਂ ਬਾਹਾਂ ਵਿੰਨ੍ਹੀਆਂ ਪਈਆਂ ਨੇ ਟੀਕੇ ਲਾ ਲਾ ਕੇ।

ਦਿਲਬਾਗ ਦੀ ਜ਼ਮੀਰ ਉਸ ਨੂੰ ਆਪਣੇ ਸਮਾਜ ਦੇ ਵਰਤਮਾਨ ਦੇ ਸ਼ੀਸ਼ੇ ਸਾਹਮਣੇ ਖੜ੍ਹਾ ਕਰ ਰਹੀ ਸੀ। ਇਹ ਹਾਲ ਇਹਦਾ 'ਕੱਲੇ ਦਾ ਨਹੀਂ, ਸਾਲੀ ਘਰ ਘਰ ਇਹੋ ਅੱਗ ਹੈ। ਕੀ ਬਣੂ ਸਾਡੇ ਮੁੰਡਿਆਂ ਦਾ? ਉਹ ਆਪਣੇ ਟਿਕਾਣੇ ਵੱਲ ਆਉਂਦਿਆਂ ਸਾਰੇ ਰਾਹ ਇਨ੍ਹਾਂ ਭੰਨਾਂ-ਘੜਤਾਂ ਵਿੱਚ ਪਿਆ ਰਿਹਾ ਸੀ। ਫਿਰ ਉਹਨੂੰ ਆਪਣੇ ਹਾਲ 'ਤੇ ਵੀ ਤਰਸ ਆਇਆ, 'ਤੂੰ ਤੇ ਆਪ ਯਾਰ ਔਝੜੀਂ ਪੈ ਗਿਐਂ, ਕਿਸੇ ਹੋਰ ਨੂੰ ਕਿਵੇਂ ਕੱਢੇਂਗਾ?' ਉਹ ਘਰ ਪੁੱਜਾ ਤਾਂ ਮਿੰਜੇ 'ਤੇ ਪੈ ਗਿਆ। ਭਾਵੇਂ ਬਹੁਤ ਗਰਮੀ ਸੀ, ਪਰ ਪੱਖੇ ਹੇਠ ਲੇਟਿਆਂ ਹੀ ਉਸ ਨੂੰ ਗੂਹੜੀ ਨੀਂਦ ਆ ਗਈ। ਜਦੋਂ ਉਠਿਆ ਤਾਂ ਸ਼ਾਮ ਦੇ ਸਾਢੇ ਪੰਜ ਵੱਜ ਚੁੱਕੇ ਸਨ। ਉਹਨੂੰ ਅੰਬੇ ਹੋਰਾਂ ਦੀ ਯਾਦ ਆਈ, ਪਤਾ ਤਾਂ ਕਰਾਂ ਕਿਵੇਂ ਨੇ! ਮੋਬਾਈਲ ਉਨ੍ਹਾਂ ਨੇ ਜਾਅਲੀ ਦਸਤਾਵੇਜ਼ਾਂ ਹੇਠਾਂ ਲਏ ਹੋਏ ਸਨ। ਉਹਨੇ ਦੋਵਾਂ ਨੂੰ ਦੱਸਿਆ, ਮੈਂ ਆ ਗਿਆਂ ਘਰੇ, ਸਭ ਠੀਕ ਠਾਕ ਆ ਨਾ? ਉਹਨੇ ਪੁਛਿਆ।

'ਓ ਕੇ ਆ ਬਾਈ' ਅੰਬਾ ਚੜ੍ਹਦੀ ਕਲਾ ਵਿੱਚ ਬੋਲਿਆ। ਉਸ ਨੂੰ ਕੱਲ੍ਹ ਵਾਲੀ ਕਾਰਵਾਈ 'ਤੇ ਮਾਣ ਸੀ। ਗੋਲੂ ਵੀ ਅੱਜ ਅੰਬੇ ਵੱਲ ਹੀ ਟਿਕਿਆ ਹੋਇਆ ਸੀ। ਹਨੇਰਾ ਜਿਹਾ ਹੋਏ ਦਿਲਬਾਗ ਨੇ ਕੈਸ਼ ਵਾਲੀ ਬੋਰੀ ਆਪਣੇ ਕਮਰੇ ਵਿੱਚ ਲਿਆਂਦੀ। ਕਮਰੇ ਦੀਆਂ ਬਾਰੀਆਂ ਅੱਗੇ ਪਰਦੇ ਕੀਤੇ। ਮੱਧਮ ਜਿਹੀ ਬੱਤੀ ਬਾਲੀ ਤੇ ਕੈਸ਼ ਦੀਆਂ ਦੱਥੀਆਂ ਉਸ ਨੇ ਵੱਡੀ ਅਲਮਾਰੀ ਵਿੱਚ ਚਿਣ ਕੇ ਰੱਖ ਦਿੱਤੀਆਂ। ਸੋਨਾ ਦੂਜੀ ਅਲਮਾਰੀ ਦੇ ਲਾਕਰ ਦੇ ਅੰਦਰ ਰੱਖ ਕੇ ਉਨ੍ਹਾਂ ਦੋਹਾਂ ਅਲਮਾਰੀਆਂ ਨੂੰ ਲੌਕ ਕਰ ਦਿੱਤਾ। ਹੁਣ ਉਹ ਕੁਝ ਹੱਦ ਤੱਕ ਨਿਸ਼ਚਿੰਤ ਸੀ, ਭਾਵੇਂ ਇੰਨੇ ਵੱਡੇ ਕੈਸ਼ ਨੂੰ ਥਾਂ ਸਿਰ ਕਰਨ ਦੀ ਜ਼ਿੰਮੇਵਾਰੀ ਹਾਲੇ ਵੀ ਉਸ ਦੇ ਜ਼ਿਹਨ ਵਿੱਚ ਸੀ। ਪੈਸਾ ਤਾਂ ਆ ਗਿਆ, ਹੁਣ ਇਹਦਾ ਕਰਨਾ ਕੀ ਐ? ਇਹ ਚਿੰਤਾ ਵੀ ਦਿਲਬਾਗ ਨੂੰ ਸਤਾ ਰਹੀ ਸੀ। ਇਕ ਵਾਰ ਉਸ ਦੇ ਦਿਮਾਗ ਵਿੱਚ ਆਇਆ ਕਿ ਕੋਈ ਵੱਡਾ ਹਥਿਆਰ ਖਰੀਦ ਲਿਆ ਜਾਵੇ। ਫਿਰ ਸਵਾਲ ਖੜ੍ਹਾ ਸੀ, ਉਸ ਨੂੰ ਸਾਂਭਾਂਗੇ ਕਿੱਥੇ? ਹਾਲੇ ਤਿੰਨ ਤਾਂ ਜਣੇ ਹਾਂ ਅਸੀਂ। ਉਹ ਛੋਟੇ ਮੁੰਡਿਆਂ 'ਤੇ ਇਹੋ ਜਿਹਾ ਵੱਡਾ ਭਾਰ ਪਾਉਣਾ ਨਹੀਂ ਸੀ ਚਾਹੁੰਦਾ। ਕਈ ਕਰੋੜ ਦਾ ਹੁਣ ਸੋਨਾ ਉਨ੍ਹਾਂ ਦੇ ਕੋਲ ਸੀ, ਸਵਾ ਕਰੋੜ ਦਾ ਕੈਸ਼ ਸੀ, 'ਕੁਝ ਛੋਟੇ ਪਰ ਚੰਗੇ ਹਥਿਆਰ ਹੋਰ ਖਰੀਦੀਏ', ਉਹਦਾ ਦਿਲ ਕੀਤਾ ਤੇ ਇੱਕ ਪੱਕਾ ਠਿਕਾਣਾ ਬਣਾ ਲਈਏ। ਘਰ ਕਿਲ੍ਹਾ ਨੁਮਾ ਹੋਵੇ। ਘਰ ਦੇ ਹੇਠਾਂ ਬੇਸਮੈਂਟ ਬਣਾਈਏ। ਹਥਿਆਰ, ਪੈਸਾ ਲਟਰਮ-ਪਟਰਮ ਉਥੇ ਸੁੱਟੀ ਰੱਖਿਆ ਕਰਾਂਗੇ। ਅਗਲੇ ਦਿਨ ਉਹ ਅੰਬੇ ਹੋਰਾਂ ਨੂੰ ਮਿਲਿਆ ਅਤੇ ਭਵਿੱਖ ਬਾਰੇ ਆਪਣੀ ਯੋਜਨਾ ਉਨ੍ਹਾਂ ਨਾਲ ਸਾਂਝੀ ਕੀਤੀ। ਮੁੰਡਿਆਂ ਨੇ ਦਿਲਬਾਗ ਨੂੰ ਨਵੀਂ ਵਿਥਿਆ ਸੁਣਾਈ ਕੇ ਉਨ੍ਹਾਂ ਸਾਰਿਆਂ ਦੇ ਮਾਪੇ ਪੁਲਿਸ ਨੇ ਫਿਰ ਚੁੱਕ ਲਏ ਹਨ। ਇੱਕ ਨਵੀਂ ਚਿੰਤਾ ਖੜ੍ਹੀ ਹੋ ਗਈ ਸੀ। ਇਹ ਪੀੜ ਮੁੰਡਿਆਂ ਨੂੰ ਸਤਾ ਰਹੀ ਸੀ।

ਅੰਬਾ ਆਖਣ ਲੱਗਾ, 'ਭਾਅ ਦਿਲਬਾਗ ਆਪਾਂ ਨੂੰ ਪੇਸ਼ ਹੋ ਜਾਣਾ ਚਾਹੀਦਾ, ਬੁੜ੍ਹਿਆਂ ਦੇ ਹੱਡ ਕਾਹਨੂੰ ਕੁਟਾਈ ਜਾਣੇ ਆਂ?' 'ਚੁੱਪ ਕਰ ਯਾਰ ਅਮਰਜੀਤ, ਸਬਰ ਰੱਖ ਮਾੜਾ ਮੋਟਾ, ਕਰ ਲਵਾਂਗੇ ਕੋਈ ਹੀਲਾ, ਛੇਤੀ ਦਿਲ ਛੱਡ ਜਾਨਾਂ ਤੂੰ ਵੀ' ਦਿਲਬਾਗ ਸਖਤੀ ਨਾਲ ਬੋਲਿਆ। ਮੁੰਡਾ ਚੁੱਪ ਕਰ ਗਿਆ।

ਕੁਝ ਦਿਨ ਪਹਿਲਾਂ ਸੱਤਾਧਾਰੀ ਪਾਰਟੀ ਦਾ ਇੱਕ ਸਿਆਸਤਦਾਨ ਦਿਲਬਾਗ ਨਾਲ ਸੰਪਰਕ ਕਰਨ ਦਾ ਯਤਨ ਕਰ ਰਿਹਾ ਸੀ, ਪਰ ਦਿਲਬਾਗ ਨੇ ਮੂੰਹ ਨਹੀਂ ਸੀ ਲਾਇਆ। ਅਗਲੇ ਦਿਨ ਦਿਲਬਾਗ ਨੇ ਹੋਰ ਸ਼ਹਿਰ ਤੋਂ ਇੱਕ ਨਵਾਂ ਫੋਨ ਤੇ ਸਿੰਮ ਖਰੀਦਿਆ ਅਤੇ ਸੰਬੰਧਤ ਸਿਆਸਦਾਨ ਨੂੰ ਫੋਨ ਮਿਲਾਇਆ। ਉਹਨੇ ਦੱਸਿਆ ਪਈ ਮੈਂ ਦਿਲਬਾਗ ਬੋਲ ਰਿਹਾਂ, ਫਲਾਣੇ-ਫਲਾਣੇ ਥਾਣੇ ਦੀ ਪੁਲਿਸ ਨੇ ਸਾਡੇ ਮਾਪੇ ਚੁੱਕ ਲਏ ਹਨ, ਉਨ੍ਹਾਂ ਨੂੰ ਰਿਹਾਅ ਕਰਵਾਉ। ਉਸੇ ਦਿਨ ਸ਼ਾਮ ਨੂੰ ਉਨ੍ਹਾਂ ਦੇ ਮਾਪੇ ਰਿਹਾਅ ਕਰ ਦਿੱਤੇ ਗਏ ਸਨ। ਦਿਲਬਾਗ ਨੇ ਫੋਨ ਪਿਛੋਂ ਸਿੰਮ ਤੋੜ ਕੇ ਸੁੱਟ ਦਿੱਤਾ। ਨਾਲ ਹੀ ਫੋਨ ਵੀ ਛੱਪੜ ਵਿੱਚ ਵਗਾਹ ਮਾਰਿਆ। ਤਿੰਨਾਂ ਦੇ ਮਾਂ-ਬਾਪ ਵਿੱਚ ਖ਼ੁਸ਼ੀ ਭਰੀ ਹੈਰਾਨੀ ਸੀ, ਬਈ ਇਹ ਕੀ ਹੋਇਆ? ਪਿੰਡਾਂ ਦੀਆਂ ਪੰਚਾਇਤਾਂ ਨੂੰ ਤਾਂ ਪੁਲਿਸ ਨੇ ਰਿਹਾਅ ਕਰਨ ਤੋਂ ਜੁਆਬ ਦੇ ਦਿੱਤਾ ਸੀ। ਹੁਣ ਸਾਰੇ ਛੱਡ ਦਿੱਤੇ।

(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)

ਪੜਚੋਲ

ਪਰਮਜੀਤ ਸਿੰਘ ਸੋਹਲ



# ਸ਼ਮੀਲ ਦੀ 'ਧੂਫ਼' ਵਾਂਗ ਬਲਦੀ ਕਵਿਤਾ

ਸ਼ਮੀਲ ਦੀ 'ਟਰੇਨ ਕਵਿਤਾ' ਯਾਂਤਰਿਕ ਊਰਜਾ ਦਾ ਅਨੁਭਵ ਕਰਾਉਂਦੀ ਹੈ ਤੇ ਗਤੀਸ਼ੀਲਤਾ ਦਾ ਵੀ ਅਤੇ ਤਕਨਾਲੋਜੀ ਦੀ ਦੌੜ ਵਿੱਚ ਹਫ਼ ਰਹੇ ਥੱਕੇ-ਹਾਰੇ ਮਨੁੱਖ ਲਈ ਢਾਰਸ ਬਣਦੀ ਹੈ। ਉਸਦੇ ਅੰਦਰ ਜਦੋਂ ਦੂਰ ਜਾਣ ਦੀ, ਵਿੱਥ ਸਿਰਜਣ ਦੀ ਗੱਲ ਫੁਰੀ, ਕਵਿਤਾ ਤੁਰੀ ਆਪਣੇ ਕੇਂਦਰ ਵੱਲ, ਉਹ ਜੋ ਬ੍ਰਹਿਮੰਡ ਵਿੱਚ ਰਹਿੰਦਿਆਂ ਬ੍ਰਹਿਮੰਡ ਦੇਖਣਾ ਲੋਚਦਾ ਹੈ। ਗੱਲ ਕਵਿਤਾ ਲਿਖਣ ਲਈ ਪੈੱਨ, ਕਾਪੀ ਦੀ ਨਹੀਂ, ਨਾ ਹੀ ਟਰੇਨ ਦੀ ਹੈ, ਗੱਲ ਤਾਂ ਸਾਰੀ ਦੌੜ-ਭੱਜ ਤੋਂ ਆਰਾਮ ਦੀ ਹੈ, ਜੋ ਸਾਧਨਾ 'ਚੋਂ ਮਿਲਦਾ ਹੈ। ਸ਼ਮੀਲ ਨੇ ਸਾਧਨਾ ਨੂੰ ਟਰੇਨ ਨਾਲ, ਮੋਬਾਈਲ ਨਾਲ ਜੋੜ ਲਿਆ ਹੈ। ਉਸਦਾ ਕਵਿਤਾ ਲਿਖਣਾ ਵੀ ਗਤੀਸ਼ੀਲ ਸਾਧਨਾ ਦਾ ਰੂਪ ਹੈ। ਇਸ ਸਾਧਨਾ 'ਚ ਰੂਹਾਨੀਅਤ ਦੇ ਨਾਲ ਨਾਲ ਘਰ, ਪਰਿਵਾਰ ਦਾ ਦੁੱਖ ਵੀ ਸ਼ਾਮਿਲ ਹੈ। ਜਿੱਥੋਂ ਤੱਕ ਸਵੈ ਦੀ ਤਲਾਸ਼ ਦੀ ਗੱਲ ਹੈ, ਉਹ ਜ਼ਿੰਦਗੀ ਦੀ ਟਰੇਨ ਨਾਲ ਜੁੜੀ ਹੋਈ ਹੈ, ਜਿਸ ਵਿੱਚ ਕੋਈ ਜੰਕਸ਼ਨ ਨਹੀਂ ਆਉਂਦਾ, ਜੋ ਮੌਤ ਤੱਕ ਨਿਰੰਤਰ ਦੌੜਦੀ ਹੈ ਤੇ ਉਸ ਤੋਂ ਬਾਅਦ ਵੀ ਜਿਸ ਦਾ ਸਫ਼ਰ ਜਾਰੀ ਰਹਿੰਦਾ ਹੈ।

ਹਵਾ ਫੜਨੀ ਲੋਹੇ ਦੇ ਟੁਕੜੇ ਖਾਣ ਵਰਗਾ 'ਕਰੜਾ ਸਾਰ' ਹੈ। ਦਰਅਸਲ ਮਨ ਹੀ ਹਵਾ ਹੈ, ਜੋ ਕਾਇਨਾਤ ਵਿੱਚ ਫੈਲਿਆ ਹੋਇਆ ਹੈ। ਇਸ ਮਨ ਤੋਂ ਉਨਮਨ ਤੱਕ ਸਾਧਨਾ ਮੁਸੱਲਸਲ ਜਾਰੀ ਰਹਿੰਦੀ ਹੈ। ਉਹ ਆਪਣੇ ਅੰਦਰ ਬੈਠੇ ਟਿੱਪਣੀਕਾਰ ਨੂੰ ਚੁੱਪ ਕਰਾਉਣ ਦੀ ਸਾਧਨਾ 'ਚ ਲੀਨ ਹੈ। ਉਹ ਸਿਰਫ਼ ਟਰੇਨ 'ਤੇ ਨਹੀਂ ਜਾਂਦਾ, ਉਹਦੇ ਅੰਦਰ ਵੀ ਇੱਕ ਟਰੇਨ ਚਲਦੀ ਹੈ, ਜੋ ਖ਼ਿਆਲਾਂ ਦੀਆਂ ਸਵਾਰੀਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਂਦੀ ਹੈ। ਉਸਦਾ ਮਨ ਵੀ ਜਿਵੇਂ ਰੇਲਵੇ ਸਟੇਸ਼ਨ ਹੈ। ਸ਼ਮੀਲ ਦੀ ਟਰੇਨ ਕਵਿਤਾ ਮਨ ਦੇ ਦਿਸਹੱਦੇ ਤੱਕ ਜਾਂਦੀ ਹੈ... ਦਿਸਹੱਦੇ ਦੇ ਧੁੰਦਲਕੇ ਨੂੰ ਪਾਰ ਨਹੀਂ ਕਰਦੀ। ਉਹ ਜਿਸ ਜਾਵੀਏ ਤੋਂ ਸੰਸਾਰ ਦੀ ਸਾਰੀ ਗਤੀ ਨੂੰ ਦੇਖਦਾ ਹੈ, ਉਸਦਾ ਇਉਂ ਦੇਖਣਾ ਹੀ ਉਸਦੀ ਕਵਿਤਾ ਦੀ ਪਰਿਕਰਮਾ ਹੈ।

ਕਿਤੇ ਕਿਤੇ ਕਵਿਤਾ ਬਚੀ ਹੈ, ਕਿਤੇ ਕਿਤੇ ਕਵੀ। ਕੁਦਰਤ ਨਾਲ ਪ੍ਰੇਮ ਕਰਨਾ ਹੀ ਸਭ ਤੋਂ ਵੱਡੀ ਕਵਿਤਾ ਹੈ। ਇਸ ਨੂੰ ਕਹਿ ਦੇਣਾ ਵੀ ਕਵਿਤਾ ਦੀ ਪਰਿਭਾਸ਼ਾ ਹੀ ਹੈ। ਬਚੇ ਹੋਏ ਕਵੀ ਗਵਾਹੀ ਹਨ ਕਿ ਅਜੇ ਕਵਿਤਾ ਕਾਇਨਾਤ ਦੀ, ਕਵਿਤਾ ਮਾਨਵਤਾ ਦੀ, ਕਵਿਤਾ ਰੱਬ ਦੀ ਬਚੀ ਹੋਈ ਹੈ। ਇਸ ਤਰ੍ਹਾਂ ਕਵਿਤਾ ਦਾ ਬਚੇ ਹੋਣਾ ਹੀ ਸੱਚ ਦੀ ਪੈੜ ਬਣਦਾ ਹੈ; ਜਿਸ 'ਤੇ ਮਨੁੱਖਤਾ ਦੇ ਪੈਰਾਂ ਨੇ ਤੁਰਨਾ ਹੈ।

ਸ਼ਮੀਲ ਕੋਲ ਦੁੱਖਾਂ ਨੂੰ ਕਸ਼ੀਦ ਕੇ ਕਵਿਤਾ ਬਣਾਉਣ ਦਾ ਹੁਨਰ ਹੈ। ਸੰਧੂਰ ਹੀ ਕਵਿਤਾ ਹੈ, ਬਾਕੀ ਤਾਂ ਸਭ ਕੁਝ ਸਲੀਕਾ ਹੈ; ਜੋ ਗ਼ੈਰ-ਹਾਜ਼ਰ ਨਹੀਂ ਹੈ। ਹਰ ਕਿਤੇ, ਹਰ ਤਰਤੀਬ ਵਿੱਚ ਮੌਜੂਦ ਹੈ। ਇਹ ਸਹਿਜ ਹੀ ਕਾਵਿਕਤਾ ਦੀ ਭਰਪੂਰ ਹਾਜ਼ਰੀ ਹੈ। ਘਰ ਦੀ ਦਾਰੂ ਕੱਢਣ ਦੀ ਖ਼ੁਸ਼ੀ ਨੂੰ ਪਹਿਲੇ ਤੋੜ ਤੋਂ ਨਤਮਸਤਕ ਹੋਣ ਤੀਕ ਬਿਹਬਲੀ ਉਡੀਕ 'ਚੋਂ ਸ਼ਬਦਾਂ ਦੇ ਹਾੜੇ ਦੀ ਤਰਲਾਮਈ ਖ਼ਾਹਿਸ਼ ਨੇ ਉਸ ਅੰਦਰ ਕਸ਼ੀਦੀ ਸ਼ਾਇਰੀ ਦਾ ਰੂਪ ਧਾਰ ਲਿਆ ਹੈ।

ਕਵਿਤਾ ਧੂਫ਼ ਵਾਂਗ ਹੀ ਨਹੀਂ ਬਲਦੀ; ਬਲਕਿ ਧੂਫ਼ ਦੀ ਮਹਿਕ ਵਾਂਗ ਸਾਨੂੰ ਸੰਮੋਹਿਤ ਵੀ ਕਰਦੀ ਹੈ। ਹਰ ਸ਼ੈਅ ਜਿਵੇਂ ਵੱਖੋ-ਵੱਖਰੇ ਸੈਂਟ ਹੋਣ... ਹਰ ਲਫ਼ਜ਼ ਜਿਵੇਂ ਧੂਫ਼ ਦੇ ਧੂੰਏਂ ਦਾ ਛੱਲਾ... ਅਸੀਮ ਖ਼ਲਾਅ ਵਿੱਚ ਘੁਲ ਕੇ ਮਿਸਮਾਰ ਹੁੰਦਾ।

ਧੂਫ਼ ਧੁਖ਼ਦੀ ਹੈ ਤੇ ਧੂਫ਼ ਨਾਲ ਜੁੜੀਆਂ ਯਾਦਾਂ 'ਚੋਂ ਰੂਹਾਨੀਅਤ ਦੀਆਂ ਰਮਜ਼ਾਂ ਜਾਗਦੀਆਂ ਹਨ। ਇਹ ਸਾਧਨਾ ਉਸਦੀ ਸਮੁੱਚੀ ਕਵਿਤਾ ਰਾਹੀਂ ਸਾਡੇ ਮਨ ਮਸਤਕ ਨੂੰ ਮੁਅੱਤਰ ਕਰਦੀ ਹੈ ਅਤੇ ਸੰਵੇਦਨਾ ਦੇ ਪਲਾਂ ਵਿੱਚ ਮਾਨਵੀ ਦੁੱਖ ਦੀ ਕਥਾ ਛੇੜਦੀ ਹੋਈ ਜੋਤ ਵਾਂਗ ਜਗਦੀ ਹੈ। ਧੂਫ਼ ਤੇ ਜੋਤ ਨਾਲ ਜੁੜੀਆਂ ਯਾਦਾਂ 'ਚੋਂ ਮਾਂ ਦੀ ਅਸੀਮ ਮੁਹੱਬਤ ਆਪਣੀਆਂ ਵਾਤਸਲੀ ਬਾਹਾਂ ਪਸਾਰਦੀ ਹੈ।


ਸੁਆਲ ਕਾਇਨਾਤ ਦੇ ਵੱਡੀ ਹੋਣ ਦਾ ਨਹੀਂ, ਦੁੱਖ ਦੀ ਮਾਰਮਿਕਤਾ ਦਾ ਹੈ, ਜਾੜ੍ਹ ਬਿੰਬ 'ਚੋਂ ਜੋ ਸੰਵੇਦਨਾ ਟਸਕਦੀ ਹੈ, ਉਹ ਮਹਾਤਮਾ ਬੁੱਧ ਦੇ 'ਸੰਸਾਰ ਦੁੱਖਾਂ ਦਾ ਘਰ ਹੈ' ਵਾਲੇ ਫ਼ਲਸਫ਼ੇ ਵੱਲ ਸੰਕੇਤਿਤ ਹੈ।

ਕਵਿਤਾ ਬੰਦੇ ਦੀ ਘਰ ਵਾਪਸੀ ਹੈ। ਦੁੱਖ ਵਿੱਚ ਡੁੱਬੇ ਹੋਏ ਨੂੰ ਮਾਂ ਵਾਂਗ ਰਾਹਤ ਦਿੰਦੀ, ਭੀੜ ਤੋਂ ਨਿਜਾਤ ਦਿਵਾਉਂਦੀ ਕੋਈ ਟੇਕ ਹੈ ਕਵਿਤਾ। ਇੱਥੇ ਥੱਕੇ-ਹਾਰੇ ਮਨੁੱਖ ਦੀ ਨਿਮਰਤਾ, ਖ਼ਿਮਾ, ਉਪਕਾਰ ਤੇ ਸੰਵੇਦਨਾ ਦੀ ਸਾਂਝ ਹੈ। ਅਹਿ ਤੇ ਅਗਲੇ ਦੇ ਦਵੰਦ 'ਚ ਹੀ ਕਵਿਤਾ ਹੈ। ਦਰਅਸਲ ਕਵੀ ਦੀ ਮਾਨਸਿਕਤਾ ਵਿੱਚ ਘਰ ਤੇ ਬਾਹਰ ਦਾ ਦਵੰਦ ਸਫ਼ਰ ਦੀ ਮੱਧ ਅਵਸਥਾ ਬਣਦਾ ਹੈ। ਦੁੱਧ 'ਚ ਪੱਤੀ ਦਾ ਤਕੀਆ ਕਲਾਮ ਸਰੋਦੀ ਤਰੰਗਾਂ 'ਚ ਰੁਪਾਂਤ੍ਰਿਤ ਹੋ ਜਾਂਦਾ ਹੈ। ਪਿਓ ਘਰ ਦੀ ਵਿਰਾਸਤ ਦਾ ਇੱਕ ਅਨੁਭਵ ਹੀ ਹੈ, ਜੋ ਪੀੜ੍ਹੀ-ਦਰ-ਪੀੜ੍ਹੀ ਅੱਗੇ ਪ੍ਰਸਾਰਿਤ ਹੁੰਦਾ ਰਹਿੰਦਾ ਹੈ।

ਸ਼ਮੀਲ ਦੀ ਕਵਿਤਾ ਅਹਿਸਾਸ ਦੇ ਵਧੇਰੇ ਨੇੜੇ ਹੈ। ਕਿਤਾਬ ਦੇ ਤੀਸਰੇ ਭਾਗ ਵਿੱਚ ਉਹ ਸਮੂਹਿਕ ਵਰਤਾਰੇ ਪ੍ਰਤੀ ਸੰਵੇਦਨਸ਼ੀਲਤਾ ਤੇ ਕਾਵਿਕਤਾ ਦੇ ਖੁੱਲ੍ਹ ਕੇ ਅਹਿਸਾਸ ਵਿਅਕਤ ਕਰਦਾ ਹੈ।

ਇਸ ਔਰਗੈਨਿਕ ਵਸਤਾਂ ਵਾਲੇ ਬਿੰਬਾਂ ਪਿੱਛੇ ਛੁਪੀ ਖ਼ਾਲਸ ਮੁਹੱਬਤ ਜੋ ਫ਼ਰਕ ਦਰਸਾਉਂਦੀ ਹੈ, ਉਸ ਪਿੱਛੇ ਆਧੁਨਿਕ ਤਰਜ਼ੇ-ਜ਼ਿੰਦਗੀ ਦੀ ਨਕਾਰਾਤਮਕਤਾ ਨੂੰ ਦਰਸਾਇਆ ਗਿਆ ਹੈ। ਸ਼ਬਦਾਂ ਦੇ ਫਾਸਟ ਫੂਡ 'ਤੇ ਕਵਿਤਾ ਦੀ ਖ਼ਾਲਸ ਖ਼ੁਰਾਕ ਵਿੱਚ ਇਹੋ ਅੰਤਰ ਹੈ। ਕੀ ਸਮਾਜਿਕ ਹੈ ਤੇ ਕੀ ਨਿੱਜੀ, ਇਸ ਦਾ ਨਿਰਣਾ ਪਾਠਕ ਹੀ ਕਰ ਸਕਦੇ ਹਨ। ਗੱਲ ਤਾਂ ਸੰਵੇਦਨਸ਼ੀਲਤਾ ਨੂੰ ਬਚਾ ਕੇ ਕਵਿਤਾ ਦੇ ਮਾਧਿਅਮ ਰਾਹੀਂ ਪ੍ਰਗਟਾ ਦੇਣ ਦੀ ਹੈ, ਜੋ ਨਿਰਸੰਦੇਹ ਸ਼ਮੀਲ ਆਪਣੀ ਸਮੁੱਚੀ ਕਵਿਤਾ ਵਾਂਗ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ ਵੀ ਸਫ਼ਲਤਾ ਪੂਰਵਕ ਕਰਦਾ ਹੈ।

ਕੈਨੇਡੀਅਨ ਤਰਜ਼ੇ-ਜ਼ਿੰਦਗੀ ਦੇ ਨਾਲ ਪਿੰਡ ਦਾ ਉਦਰੇਵਾਂ ਤੁਰਨਾ ਸੁਭਾਵਕ ਹੈ। ਦਰਅਸਲ ਬੰਦਾ ਕਦੇ ਆਪਣੀਆਂ ਜੜ੍ਹਾਂ ਤੋਂ ਟੁੱਟ ਕੇ ਜੀਅ ਹੀ ਨਹੀਂ ਸਕਦਾ; ਭਾਵੇਂ ਬਿਗਾਨੀ ਧਰਤੀ 'ਤੇ ਜਾ ਕੇ ਜੜ੍ਹਾਂ ਲਾਉਣੀਆਂ ਪੈਣ, ਉਨ੍ਹਾਂ ਵਿੱਚ ਵੀ ਪਿਛੋਕੜ ਦੇ ਪ੍ਰਭਾਵ ਅਸਰਅੰਦਾਜ਼ ਹੁੰਦੇ ਹਨ। ਪੰਜਾਬੀ ਕੈਨੇਡੀਅਨ (ਪਰਵਾਸੀ) ਹੋ ਕੇ ਵੀ ਆਪਣੀਆਂ ਜੜ੍ਹਾਂ ਤੋਂ ਨਹੀਂ ਟੁੱਟ ਸਕਦਾ। ਕੋਈ ਆਪਣੇ ਪਿਛੋਕੜ ਤੋਂ ਟੁੱਟ ਕੇ ਜੀਅ ਨਹੀਂ ਸਕਦਾ। ਆਪਣੀ ਮਿੱਟੀ ਦੀ ਖ਼ੁਸ਼ਬੋ ਹੀ ਉਸਨੂੰ ਵਿਭਿੰਨ ਫਲਾਂ, ਸਬਜ਼ੀਆਂ 'ਚੋਂ ਮਹਿਸੂਸ ਹੁੰਦੀ ਹੈ। ਪਿੰਡ ਕੇਵਲ ਉਦਰੇਵਾਂ ਹੀ ਨਹੀਂ ਹੁੰਦਾ, ਬਲਕਿ ਪਿੰਡ ਤਾਂ ਧੁੱਪ-ਛਾਂ ਤੇ ਦੁੱਖ-ਸੁੱਖ ਦੀ ਥਾਂ ਹੈ। ਇਸ ਦਾ ਪਤਾ ਧਰਤੀ ਦਾ ਚੱਕਰ ਕੱਟਣ ਪਿਛੋਂ ਲਗਦਾ ਹੈ। ਟੋਭੇ ਕੰਢੇ ਦੀਵਾਲੀ ਨੂੰ ਦੀਵੇ ਧਰਨੇ ਪਾਣੀ-ਪਿਤਾ ਦੀ ਮਹਾਨਤਾ ਨੂੰ ਪੂਜਣਾ ਹੈ; ਪਰ ਮਨੁੱਖ ਦੀ ਮਲੀਨ ਮਾਨਸਿਕਤਾ ਨੇ ਇਸਨੂੰ ਵੀ ਗ਼ਲੀਜ਼ ਕਰਕੇ ਦਲਿੱਦਰੀ ਤੇ ਮੁਸੀਬਤਾਂ ਸਹੇੜੀਆਂ ਹਨ। ਪਿਛੋਕੜ




ਨਾਲ ਜੁੜੇ ਅਹਿਸਾਸ, ਸੁਲਝੀ ਹੋਈ ਬਜ਼ੁਰਗੀ ਤੇ ਅਸ਼ੀਰਵਾਦਾਂ ਦੀ ਕਮੀ ਸਾਡੇ ਕੋਲੋਂ ਮਹਾਨ ਵਿਰਸਾਤ ਦੇ ਗੁੰਮ ਜਾਣ ਦੇ ਤੌਖ਼ਲੇ ਦੀ ਸ਼ਾਹਦੀ ਭਰਦੀ ਹੈ। ਸਾਡੀ ਸੰਸਕ੍ਰਿਤੀ ਜੋ ਆਪਣੇ ਧਾਰਮਿਕ ਵਿਰਸੇ ਕਾਰਨ ਜਾਣੀ ਜਾਂਦੀ ਸੀ, ਅੱਜ ਕੱਲ੍ਹ ਇਸ ਦੀਆਂ ਕਦਰਾਂ-ਕੀਮਤਾਂ ਕਿੰਨੀਆਂ ਬਦਲ ਗਈਆਂ ਹਨ। ਕਵੀ ਆਪਣੀ ਸੂਖਮ ਬਿਰਤੀ ਰਾਹੀਂ ਇਨ੍ਹਾਂ 'ਤੇ ਕਟਾਖ਼ਸ਼ੀ ਚਮਕਾਰੇ ਪਾਉਂਦਾ ਹੈ।

ਗੱਲ ਰੂਹਾਨੀਅਤ ਦਾ ਜ਼ਿਕਰ ਕਰਨ ਦੇ ਫ਼ੈਸ਼ਨ ਦੀ ਨਹੀਂ, ਗੱਲ ਤਾਂ ਆਪਣੇ ਅੰਦਰਲੀ ਤਰਲਤਾ ਤੇ ਸੰਵੇਦਨਸ਼ੀਲਤਾ ਨੂੰ ਰੂਹਾਨੀਅਤ ਜਿਹੇ ਅਹਿਸਾਸਾਂ ਵਿੱਚ ਮੁਅੱਤਰ ਕਰ ਲੈਣ ਦੀ ਹੈ। ਧੰਨੇ ਦੇ ਆਰਤੇ ਦੀ ਮਿੱਥ ਨੂੰ ਸਾਮਰਾਜੀ ਤਾਕਤਾਂ ਦੀ ਭਗਤੀ ਤੋਂ ਇਨਕਾਰਤਾ ਦਰਸਾ ਕੇ ਕਵੀ ਇਨ੍ਹਾਂ ਤਾਕਤਾਂ ਦੇ ਬੇਰਹਿਮ ਨੀਤੀ ਸ਼ਾਸਤਰ ਦਾ ਪਰਦਾਫਾਸ਼ ਕਰਦਾ ਹੈ। ਕਿਤੇ ਕਿਤੇ ਅਜਿਹੇ ਵਿਦਰੋਹੀ ਅਹਿਸਾਸ ਵੀ ਜਗਦੀ ਜੋਤ ਵਾਂਗ ਸ਼ਮੀਲ ਦੀ ਰਚਨਾ ਵਿੱਚ ਨਮੂਦਾਰ ਹੁੰਦੇ ਹਨ।

ਮੌਤ ਅਟੱਲ ਸੱਚਾਈ ਹੈ। ਕਵੀ ਮੌਤ ਨੂੰ ਨਕਾਰ ਦੀ ਭਾਸ਼ਾ 'ਚ ਦ੍ਰਿੜ੍ਹ ਕਰਵਾਉਂਦਾ ਹੈ। ਦੁਨਿਆਵੀ ਕਾਰੋਬਾਰ, ਵਡਿੱਤਣ, ਰੁਤਬਾ, ਜਾਇਦਾਦ ਆਦਿ ਵੀ ਮੌਤ ਤੋਂ ਨਹੀਂ ਬਚਾ ਸਕਦੇ। ਗ਼ਰੀਬੀ ਤੇ ਅਮੀਰੀ ਮੌਤ ਅੱਗੇ ਬੇਮਾਇਨੇ ਹਨ। ਧਰਮ ਦੀ ਆਧਾਰਸ਼ਿਲਾ ਦਇਆ ਹੈ। ਦਇਆ ਧਰਮ ਰਾਹੀਂ ਰੂਹਾਨੀ ਅਨੁਭਵਾਂ ਵਿੱਚ ਜਾਗਿਆ ਇਨਸਾਨ ਹਾਕਮੀ ਤਾਕਤ ਤੋਂ ਬੇਪਰਵਾਹ ਹੁੰਦਾ ਹੈ, ਉਸ ਕੋਲ ਹੀ ਜੋਗੀਆਂ ਵਾਲੀ ਬਾਦਸ਼ਾਹੀ ਹੁੰਦੀ ਹੈ। ਇਹ ਬਾਦਸ਼ਾਹੀ ਤਿਆਗ 'ਚੋਂ ਝਲਕਦੀ ਹੈ। ਹਿਰਸ 'ਚੋਂ ਤਾਂ ਅਮੀਰੀ ਦੀ ਕੰਗਾਲੀ ਹੀ ਝਲਕਦੀ ਹੁੰਦੀ ਹੈ। ਫ਼ਕੀਰੀ ਰੱਬ ਦੀ ਗਜ਼ਾ ਹੈ। ਇਹ ਗਜ਼ਾ ਉਗਰਾਹੁਣ ਵਾਲੇ ਦਰਦ ਦੀ ਬੁੱਕਲ ਮਾਰ ਲੈਂਦੇ ਹਨ। ਕਿਸ਼ਤੀ ਬਿੰਬ ਰਾਹੀਂ ਕਵੀ ਰੂਹਾਨੀਅਤ ਦੀ ਬਾਤ ਪਾਉਂਦਾ ਹੈ। ਦਰਦ ਦੀ ਪਤਵਾਰ ਨਾਲ ਕਿਸ਼ਤੀ ਚਲਦੀ ਹੈ। ਹੜ੍ਹ 'ਚ ਫਸੇ ਲੋਕ ਦੁੱਖਾਂ 'ਚ ਘਿਰੀਆਂ ਰੂਹਾਂ ਦੇ ਪ੍ਰਤੀਕ ਹਨ। ਕਵੀ ਲਈ ਕਾਵਿ ਕਰਮ ਮੱਥਾ ਟੇਕਣ ਵਾਂਗ ਪਵਿੱਤਰ ਕਾਰਜ ਹੈ, ਜਿੱਥੋਂ ਰੂਹ ਨੂੰ ਸਕੂਨ ਮਿਲਦਾ ਹੈ।

ਧਰਤੀ ਮਾਂ ਦੇ ਪਾਸਾ ਲੈਣ ਦੀ ਅਤੇ ਉਨ੍ਹਾਂ ਨੂੰ ਅਸੀਸ ਦੇਣ ਦੀ ਸ਼ਾਹਦੀ ਭਰਦੀ ਹੈ, ਜੋ ਧਰਤੀ ਨਾਲ ਜੁੜੇ ਹੋਏ ਹਨ, ਜਿਨ੍ਹਾਂ ਨੂੰ ਧਰਤੀ ਮਾਂ ਦੀ ਆਰਾਧਨਾ 'ਚੋਂ ਸਕੂਨ ਮਿਲਦਾ ਹੈ। ਖਾਣਾ ਤੇ ਸਵਾਦ ਕਾਹਦੇ ਨਾਲ ਜੁੜਿਆ ਹੋਇਆ ਹੈ? ਅਜਿਹਾ ਸੁਆਲ ਕਰਕੇ ਸ਼ਮੀਲ ਸੁਆਦ ਦਾ ਜੋ ਬਿੰਬ ਸਿਰਜਦਾ ਹੈ, ਉਸਨੂੰ ਉਸਦੀ 'ਤੇਲ ਦੀ ਹਮਕ' ਵਾਲੀ ਕਵਿਤਾ ਦੀ ਅੰਤਰੀਵੀ ਸੁਰ ਨੂੰ ਸਮਝਿਆ ਤੇ ਪਕੜਿਆ ਜਾ ਸਕਦਾ ਹੈ। ਇੱਕ ਹੋਰ ਕਵਿਤਾ 'ਅੰਬਾਂ ਦਾ ਫਲੇਬਰ' ਵਿੱਚ ਜਦੋਂ ਸੁਆਦ ਮਰਦਾ ਹੈ ਤਾਂ ਦੁਨੀਆਂ ਦੀ ਹੋਂਦ ਆਲੂ ਵਿੱਚ ਸਿਮਟ ਜਾਂਦੀ ਹੈ। ਰਿਸ਼ਤਗੀ ਦਾ ਬੇਰੰਗ ਹੋ ਜਾਣਾ ਤੇ ਸੁਆਦ ਦਾ ਮਰ ਜਾਣਾ ਯਕੀਨੋਂ ਬਾਹਰਾ ਹੈ। ਜਾਪਦਾ ਹੈ, ਜਿਵੇਂ ਸਾਰੇ ਪਦਾਰਥ ਆਲੂ ਹੋ ਗਏ ਹੋਣ। ਇੱਕ ਪਾਸੇ ਫ਼ਰਟੀਲਾਈਜ਼ਰ ਪਾ ਕੇ ਉਗਾਈਆਂ ਸਬਜ਼ੀਆਂ ਨੇ, ਦੂਸਰੀ ਤਰਫ਼ ਮਨੁੱਖ ਦੀ ਮੁਨਾਫ਼ੇਖ਼ੋਰੀ ਤੇ ਵਪਾਰਕ ਮਾਨਸਿਕਤਾ ਨੇ ਬਨਸਪਤੀ ਨੂੰ ਵੀ ਆਪਣੇ ਲਾਭ ਲਈ ਵਸਤ ਵਿੱਚ ਤਬਦੀਲ ਕਰ ਲਿਆ ਹੈ। ਸ਼ਮੀਲ ਸੁਆਲ ਉਠਾਉਂਦਾ ਹੈ ਕਿ ਕੀ ਔਰਗੈਨਿਕ ਬੰਦੇ ਦੀ ਅਨਔਰਗੈਨਿਕ ਬੰਦਿਆਂ ਨੂੰ ਲੋੜ ਹੋਵੇਗੀ? ਮਨੁੱਖ ਨੇ ਖ਼ੁਦ ਨੂੰ ਸਭਿਅਕ ਤੇ ਜੰਗਲ ਨੂੰ ਅਸਭਿਅਕ ਹੋਣ ਦਾ ਲਕਬ ਦਿੱਤਾ। ਜੰਗਲ ਹੁਣ ਬਾਗ਼ੀ ਹੋ ਗਿਆ ਹੈ; ਕਿਉਂਕਿ ਮਨੁੱਖ ਜੰਗਲੀ ਹੋ ਗਿਆ ਹੈ, ਖ਼ੂੰਖਾਰ ਹੋ ਗਿਆ ਹੈ। ਜੰਗਲੀ ਜੀਵ ਮਨੁਖ ਦੀ ਇਸ ਗ਼ੈਰ-ਮਨੁੱਖਤਾ ਵਾਲੀ ਰਾਜਨੀਤੀ ਤੋਂ ਨਾਬਰ ਹਨ।

ਮਨੁੱਖੀ ਇਤਿਹਾਸ ਖ਼ੂਨ, ਦੁੱਖ, ਮਹਾਂਭਾਰਤ, ਸਨਤਾਲੀ, ਘੱਲੂਘਾਰਿਆਂ ਤੇ ਵਿਨਾਸ਼ ਦਾ ਇਤਿਹਾਸ ਰਿਹਾ ਹੈ। ਇਹ ਤਾਂਡਵੀ ਨਾਚ ਨੱਚਦਾ ਹੈ, ਜ਼ਹਿਰ ਪੀਂਦਾ ਹੈ ਪਰ ਸ਼ਿਵ ਨਹੀਂ ਹੁੰਦਾ। ਸਮੁੰਦਰ ਪਿਤਾ ਤੋਂ ਮਨੁੱਖ ਨੇ ਸਿੱਖ ਹੋਣਾ ਨਹੀਂ ਸਿਖਿਆ।

ਆਖ਼ਰ ਵਿੱਚ ਇਨਸਾਨੀਅਤ ਰਾਹੀਂ ਮਨੁੱਖੀ ਨਸਲ ਦੇ ਸਲਾਮਤ ਰਹਿਣ ਦੀ ਉਮੀਦ ਨਾਲ ਹੀ ਜਹਾਨ ਨੇ ਗਤੀਮਾਨ ਰਹਿਣਾ ਹੈ। ਜਿਵੇਂ ਕਹਿੰਦੇ ਹੁੰਦੇ ਹਨ ਕਿ 'ਨਗਰ ਵਸਦਾ ਭਲਾ, ਜੋਗੀ ਚਲਦੇ ਭਲੇ' ਦੇ ਆਸ਼ਾਵਾਦੀ ਨਜ਼ਰੀਏ ਨਾਲ ਹੀ ਸ਼ੁੱਧ ਬੀਜ ਬਚੇ ਰਹਿਣਗੇ ਤੇ ਇਨ੍ਹਾਂ ਦਾ ਬੀਜੇ ਜਾਣਾ ਹੀ ਭਵਿੱਖ ਦੀ ਭਰਪੂਰ ਫ਼ਸਲ ਹੋਣ ਦੀ ਸਨਦ ਹੈ।

---

ਜ਼ਿੰਦਗੀਨਾਮਾ

ਡਾ. ਅਰਵਿੰਦਰ ਸਿੰਘ ਭੱਲਾ
ਫੋਨ: +91-9463062603



# ਨਖ਼ਲਿਸਤਾਨ ਦੀ ਤਲਾਸ਼ ਵਿੱਚ



ਜੇਕਰ ਜ਼ਿੰਦਗੀ ਦਾ ਸਫ਼ਰ ਸਹਿਰਾ ਦਾ ਸਫ਼ਰ ਬਣ ਜਾਏ ਤਾਂ ਨਖ਼ਲਿਸਤਾਨ ਦੀ ਤਲਾਸ਼ ਵਿੱਚ ਕਦੇ-ਕਦੇ ਸਾਰੀ ਉਮਰ ਗੁਜ਼ਰ ਜਾਂਦੀ ਹੈ। ਰੋਜ਼ਮਰ੍ਹਾ ਦੇ ਸ਼ੋਰ-ਓ-ਗੁਲ ਵਿੱਚ ਫਸ ਕੇ ਸਕੂਨ ਦੇ ਕੁਝ ਪਲਾਂ ਦੀ ਤਲਾਸ਼ ਵਿੱਚ ਕਦੋਂ ਜ਼ਿੰਦਗੀ ਪਲਕ ਝਪਕਦਿਆਂ ਗੁਜ਼ਰ ਜਾਂਦੀ ਹੈ ਅਤੇ ਕਦੋਂ ਰਿਸ਼ਤਿਆਂ-ਨਾਤਿਆਂ ਦੀ ਭੀੜ ਦੇ ਬਾਵਜੂਦ ਮਨੁੱਖ ਸਭ ਤੋਂ ਅਲੱਗ-ਥਲੱਗ ਹੋ ਜਾਂਦਾ ਹੈ, ਇਸ ਦਾ ਅਕਸਰ ਪਤਾ ਹੀ ਨਹੀਂ ਚਲਦਾ ਹੈ। ਇਨਸਾਨ ਆਪਣੀ ਤਮਾਮ ਉਮਰ ਬੇਆਰਾਮ ਅਤੇ ਬੇਚੈਨ ਇਸ ਕਰਕੇ ਰਹਿੰਦਾ ਹੈ ਤਾਂ ਜੋ ਉਹ ਨਿਸ਼ਚਿੰਤ ਹੋ ਕੇ ਆਰਾਮਦਾਇਕ ਜ਼ਿੰਦਗੀ ਬਿਤਾ ਸਕੇ। ਜ਼ਿੰਦਗੀ ਵਿੱਚ ਸਫ਼ਲ ਹੋਣ ਖ਼ਾਤਰ ਆਪਣਿਆਂ ਤੋਂ ਦੂਰੀ ਬਣਾਉਣ ਤੋਂ ਬਾਅਦ ਅਕਸਰ ਇਨਸਾਨ ਇਹ ਹਿਰਖ ਕਰਦਿਆਂ ਦਿਖਾਈ ਦਿੰਦਾ ਹੈ ਕਿ ਉਹ ਆਪਣੀ ਸਫ਼ਲਤਾ ਦਾ ਜਸ਼ਨ ਕਿਸ ਨਾਲ ਮਿਲ ਕੇ ਮਨਾਵੇ। ਭੀੜ ਵਿੱਚ ਸ਼ਾਮਿਲ ਤਨਹਾ ਲੋਕਾਂ, ਰਿਸ਼ਤਿਆਂ ਦੇ ਤਾਣੇ-ਬਾਣੇ ਵਿੱਚ ਘਿਰੇ ਹੋਣ ਦੇ ਬਾਵਜੂਦ ਇੱਕਲੇਪਣ ਦਾ ਸੰਤਾਪ ਹੰਢਾ ਰਹੇ ਲੋਕਾਂ ਅਤੇ ਸਫ਼ਲਤਾ ਦੇ ਸਿਖ਼ਰ ਉੱਪਰ ਪਹੁੰਚ ਕੇ ਕਿਸਮਤ ਨੂੰ ਦੋਸ਼ ਦਿੰਦੇ ਹੋਏ ਕਾਮਯਾਬ ਲੋਕਾਂ ਨੂੰ ਦੇਖ ਕੇ ਦਿਲੋਂ ਇਹੋ ਦੁਆ ਨਿਕਲਦੀ ਹੈ ਕਿ ਜ਼ਿੰਦਗੀ ਦੇ ਸਫ਼ਰ ਦੌਰਾਨ ਨਖ਼ਲਿਸਤਾਨ ਲਈ ਇੰਨਾ ਲੋਕਾਂ ਦੀ ਤਲਾਸ਼ ਖ਼ਤਮ ਹੋਵੇ ਅਤੇ ਖ਼ੁਸ਼ੀ, ਸਕੂਨ ਤੇ ਰਾਹਤ ਦੇ ਕੁਝ ਪਲ ਇਨ੍ਹਾਂ ਬੇਚੈਨ ਅਤੇ ਤਪਦੀਆਂ ਦੇਹਾਂ ਨੂੰ ਮੁਯਸਰ ਹੋਣ। ਆਮੀਨ!

ਜੇਕਰ ਦੇਖਿਆ ਜਾਵੇ ਤਾਂ ਨਖ਼ਲਿਸਤਾਨ ਦੀ ਤਲਾਸ਼ ਦਾ ਖ਼ਿਆਲ ਹੀ ਮਨੁੱਖ ਅੰਦਰ ਇੱਕ ਨਵੀਂ ਉਮੰਗ, ਇੱਕ ਨਵੀਂ ਉਮੀਦ ਅਤੇ ਜਿਊਣ ਦਾ ਨਵਾਂ ਉਤਸ਼ਾਹ ਪੈਦਾ ਕਰਦਾ ਹੈ। ਨਖ਼ਲਿਸਤਾਨ ਦੀ ਖਾਹਿਸ਼ ਮਨੁੱਖ ਨੂੰ ਆਪਣੇ ਆਸ-ਪਾਸ ਦੀਆਂ ਪ੍ਰਸਥਿਤੀਆਂ ਨੂੰ ਬਦਲਣ ਲਈ ਪ੍ਰੇਰਿਤ ਕਰਦੀ ਹੈ। ਨਖ਼ਲਿਸਤਾਨ ਦੀ ਤਲਾਸ਼ ਆਪਣੇ ਆਪ ਵਿੱਚ ਇੱਕ ਐਲਾਨ ਵੀ ਹੈ ਕਿ ਮਨੁੱਖ ਨੂੰ ਜ਼ਿੰਦਗੀ ਦੇ ਸਫ਼ਰ ਦੌਰਾਨ ਚੁਣੌਤੀਪੂਰਣ ਅਤੇ ਪ੍ਰਤੀਕੂਲ ਪ੍ਰਸਥਿਤੀਆਂ ਦੇ ਬਾਵਜੂਦ ਚੁਫੇਰੇ ਪਸਰੀ ਹੋਈ ਬੇਚੈਨੀ, ਇਕੱਲ, ਖੜੋਤ, ਅਸੁਰੱਖਿਆ, ਅਸਥਿਰਤਾ, ਅਨਿਸ਼ਚਿਤਤਾ ਅਤੇ ਬੇਜਾਰੀ ਹਰਗਿਜ਼ ਮਨਜ਼ੂਰ ਨਹੀਂ।

ਦਰਅਸਲ ਇਹ ਮਨੁੱਖੀ ਫ਼ਿਤਰਤ ਹੈ ਕਿ ਮਨੁੱਖ ਬੇਆਬਾਦ, ਬੰਜ਼ਰ ਅਤੇ ਕੁਦਰਤ ਦੀ ਕਰੋਪੀ ਝਲ ਰਹੇ ਧਰਾਤਲ ਦੀਆਂ ਕੌੜੀਆਂ ਹਕੀਕਤਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਆਪਣੇ ਲਈ ਉਸ ਜਰਖੇਜ਼ ਸਰਜ਼ਮੀਨ ਦੀ ਤਲਾਸ਼ ਵਿੱਚ ਨਿਕਲਣ ਦਾ ਅਹਿਦ ਕਰਕੇ ਆਪਣੀ ਜ਼ਿੰਦਗੀ ਦੇ ਬੇਰੰਗ ਕੈਨਵਸ ਉੱਪਰ ਧਨਕ ਰੰਗ ਭਰਨ ਦੇ ਖ਼ਵਾਬ ਬੁਣਦਾ ਹੈ। ਵਾਸਤਵ ਵਿੱਚ ਨਖ਼ਲਿਸਤਾਨ ਦੀ ਆਰਜ਼ੂ ਮਨੁੱਖ ਦੇ ਜਰਫ, ਬੁਲੰਦ ਹੌਸਲੇ, ਚੜ੍ਹਦੀ ਕਲਾ ਅਤੇ ਜਨੂੰਨ ਦੀ ਪ੍ਰਤੀਕ ਹੁੰਦੀ ਹੈ।

ਮੇਰੇ ਲਈ ਵੀ ਜ਼ਿੰਦਗੀ ਸਹਿਰਾ ਦੇ ਸਫ਼ਰ ਦੀ ਤਰ੍ਹਾਂ ਹੈ। ਇੱਕ ਮੁੱਦਤ ਤੋਂ ਮੁਸੱਲਸਲ ਮੈਂ ਸਹਿਰਾ ਦਾ ਇਹ ਸਫ਼ਰ ਤੈਅ ਕਰ ਰਿਹਾ ਹਾਂ। ਜਾਣਦਾ ਹਾਂ ਕਿ ਕੋਈ ਮੇਰੇ ਜਰਫ, ਮੇਰੇ ਸਬਰ, ਮੇਰੇ ਜਨੂੰਨ, ਮੇਰੀ ਤਲਬ ਅਤੇ ਮੇਰੀ ਪਿਆਸ ਨੂੰ ਲਗਾਤਾਰ ਅਜ਼ਮਾ ਰਿਹਾ ਹੈ। ਇਸ ਗੱਲ ਦਾ ਵੀ ਅਹਿਸਾਸ ਹੈ ਕਿ ਆਪਣੇ ਹਿੱਸੇ ਦੇ ਨਖ਼ਲਿਸਤਾਨ ਦੀ ਤਲਾਸ਼ ਵਿੱਚ ਸਹਿਰਾ ਦਾ ਇਹ ਪੈਂਡਾ ਮੈਨੂੰ ਇਕੱਲਿਆਂ ਹੀ ਤੈਅ ਕਰਨਾ ਪਵੇਗਾ। ਮਗਰ ਇਹ ਸੋਚ ਕੇ ਮੈਂ ਪੁਰਉਮੀਦ ਵੀ ਹਾਂ, ਪੁਰਅਜ਼ਮ ਅਤੇ ਪੁਰਇਹਤਮਾਦ ਵੀ ਹਾਂ ਕਿ ਇੱਕ ਨਾ ਇੱਕ ਦਿਨ ਇਸ ਨਾਗਵਾਰ ਅਤੇ ਤਕਲੀਫ਼ਦੇਹ ਸਫ਼ਰ ਦਾ ਅੰਜ਼ਾਮ ਯਕੀਨਨ ਤੌਰ 'ਤੇ ਮੇਰੀ ਦੇਹ ਅਤੇ ਮੇਰੀ ਰੂਹ ਨੂੰ ਨਾਕਾਬਲੇ ਬਿਆਨ ਰਾਹਤ ਤੇ ਤਸਕੀਨ ਦੇਵੇਗਾ। ਦਰਅਸਲ ਇਸ ਕਾਇਨਾਤ ਅੰਦਰ ਸਹਿਰਾ ਦਾ ਸਫ਼ਰ ਤੈਅ ਕਰਦਿਆਂ ਹਰ ਸੁਪਨਸਾਜ਼ ਨੂੰ ਇੱਕ ਅਜਿਹੇ ਨਖ਼ਲਿਸਤਾਨ ਦੀ ਤਲਾਸ਼ ਹੁੰਦੀ ਹੈ, ਜਿਥੇ ਪਹੁੰਚ ਕੇ ਆਪਣੀ ਪਿਆਸ ਬੁਝਾ ਕੇ ਉਹ ਤਾਜ਼ਾ ਦਮ ਹੋ ਕੇ ਆਪਣੇ ਖ਼ਵਾਬਾਂ ਦੀ ਤਾਬੀਰ ਦੇ ਅਗਲੇ ਸਫ਼ਰ ਦਾ ਆਗਾਜ਼ ਕਰਦਾ ਹੈ।

ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਇਉਂ ਜਾਪਦਾ ਹੈ ਕਿ ਜ਼ਿੰਦਗੀ ਦੀਆਂ ਬੇਸ਼ੁਮਾਰ ਅਤੇ ਬੇਰਹਿਮ ਅਜ਼ਮਾਇਸ਼ਾਂ ਤੋਂ ਵਕਤਨ-ਬਾ-ਵਕਤਨ ਸੁਰਖ਼ਰੂ ਹੋਣ ਦਾ ਅਹਿਸਾਸ ਸੁਪਨਸਾਜ਼ ਲਈ ਕਿਸੇ ਨਖ਼ਲਿਸਤਾਨ ਦੀ ਪ੍ਰਾਪਤੀ ਵਾਂਗ ਹੁੰਦਾ ਹੈ। ਆਪਣੀ ਹਯਾਤੀ ਵਿੱਚ ਖ਼ੁਸ਼ੀਆਂ ਅਤੇ ਸਕੂਨ ਦੇ ਕਿਸੇ ਜਜ਼ੀਰੇ ਦੀ ਤਲਾਸ਼ ਵਿੱਚ ਨਿਕਲੇ ਕਿਸੇ ਵੀ ਸੁਪਨਸਾਜ਼ ਨੂੰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਸਹਿਰਾ ਦੇ ਦੁਸ਼ਵਾਰ ਅਤੇ ਤਵੀਲ ਸਫ਼ਰ ਦੌਰਾਨ ਨਖ਼ਲਿਸਤਾਨ ਦੀ ਪ੍ਰਾਪਤੀ ਉਸ ਦੀ ਮੰਜ਼ਿਲ ਨਹੀਂ ਹੁੰਦੀ, ਸਗੋਂ ਉਸ ਦੀ ਮੰਜ਼ਿਲ ਵੱਲ ਜਾਂਦੇ ਰਾਹਾਂ ਦਾ ਇੱਕ ਬੇਹੱਦ ਅਹਿਮ ਪੜਾਅ ਹੁੰਦੀ ਹੈ। ਸਾਨੂੰ ਸਭ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਮਾਰੂਥਲਾਂ ਦੀ ਖ਼ਾਕ ਛਾਣਦਿਆਂ ਤੇ ਜ਼ਿੰਦਗੀ ਦੇ ਬੇਸ਼ਕੀਮਤੀ ਤੇ ਤਲਖ਼ ਸਬਕ ਹਾਸਲ ਕਰਦਿਆਂ ਮਨੁੱਖ ਲਈ ਨਖ਼ਲਿਸਤਾਨ ਕੇਵਲ ਆਪਣੀ ਪਿਆਸ ਨੂੰ ਬੁਝਾਉਣ ਦਾ ਜ਼ਰੀਆ ਹੀ ਨਹੀਂ ਹੁੰਦਾ ਹੈ, ਸਗੋਂ ਇਹ ਉਸ ਦੇ ਦ੍ਰਿੜ ਇਰਾਦੇ, ਸਾਹਸ, ਧੀਰਜ, ਸਹਿਣਸ਼ੀਲਤਾ, ਲਿਆਕਤ, ਜ਼ਹਾਨਤ ਅਤੇ ਇੰਤਜ਼ਾਰ ਦਾ ਇਨਾਮ ਵੀ ਹੁੰਦਾ ਹੈ।

# ਮਿਲਵਾਕੀ ਵਿੱਚ ਤੀਆਂ ਦਾ ਮੇਲਾ

## 11 ਅਗਸਤ 2024

# Teeyan Da Mela

MILWAUKEE

AUGUST 11, 2024

**1-6 PM**

**Food · Giddha · Singing · Prizes · Bhangra · Open Dance Floor**

VENUE: Four Points by Sheraton

ADDRESS: 5311 S. Howell Ave. Milwaukee, WI 53207

TICKETS: $35 EACH AT THE DOOR

CHILDREN UNDER 10 FREE

***LADIES ONLY***

ORGANIZERS CONTACT:

HAPPY CHAHAL: 414-712-6568 | HARJINDER SOOS: 414-530-5699

PINKU SANDHAWALIA: 414-708-2035 | GURDEEP CHAHAL: 414-861-7395

JAS KAUR, HARPREET TOOR, MANI TOOR, BALJIT GILL, REENA AULAKH, HARJEET BOPARAI, RAMAN HANSI

CAFE INDIA MILWAUKEE

DJ DESI VIBES

VENDOR PARTNERS

dream DECOR BY KIRAN

Asian Diva Salon Milwaukee

PUNJABI COMMUNITY ORGANIZATION OF WI 1998 PCO



PAO
www.paochicago.org

# Punjabi American Organization

ਵੱਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 20ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela-2024

## ਤੀਆਂ ਦਾ ਮੇਲਾ-2024

**Ladies Only**



## July 28th, 2024

## Sunday

*Time: 10:30 AM to 4:00 PM*

## Waterford Banquet

933 S Riverside Dr, Elmhurst, IL 60126



Programme Hosted by
**Joyti Sharma**
(Famous Punjabi Actor, singer and Anchor)

**Join us and enjoy**
Giddha, Dholki, Singing, Dancing, Mehndi, Shopping and Food

**Chief Guest**
Dr. Darshan Singh Dhaliwal
& Debra Dhaliwal

**Special attraction of the Event**
**Shaunkan Mele Di**
**ਸ਼ੌਂਕਣ ਮੇਲੇ ਦੀ**

For Participants requirements, contact any team member.

**Tickets: General- $25 *VIP- $100 *VIP Table- $1000**
*Kids 6 years to 12 years - $20 *Kids under 5 years - Free admission






***For General inquiries & Sponsors***

Minni Multani 630-935-5239
Naina Singh 847-828-9412
Jasmeet Suga 630-673-6300
Joti Khaira 630-277-1649
Raj Mago 630-890-1362
Naiha Walia 847-687-9074
Jeevan Dhami 847-409-4675
Pinki Walia 847-999-8720
Prabh Khaira 630-267-2107
Sukhi Singh 847-917-3664
Rosie Rehal 630-699-8555
Sheetal 630-442-3334

*Performances/Stalls* Shaloo Chhabra 813-317-6815 Gurpreet K. Singh 630-677-6144
*Tickets* Kamal Hunjan 630-673-5156 Pammi Sangha 630-965-2930 Jolly Dandona 847-630-6417

"Volunteers and new members needed. High school volunteers will get community service hours"

Design by Kuljeet Dyalpuri